ਲਾਸਾਨੀ ਸ਼ਹੀਦ

# ਗੁਰੂ ਤੇਗ਼ ਬਹਾਦਰ ਜੀ



ਸੋਹਣ ਸਿੰਘ ਸੀਤਲ

ਲਾਹੌਰ ਬੁਕ ਸ਼ਾਪ, ਲੁਧਿਆਣਾ

ਲਾਸਾਨੀ ਸ਼ਹੀਦ

# ਗੁਰੂ ਤੇਗ਼ ਬਹਾਦਰ ਜੀ



ਸੋਹਣ ਸਿੰਘ ਸੀਤਲ

ਲਾਹੌਰ ਬੁਕ ਸ਼ਾਪ, ਲੁਧਿਆਣਾ

3

ਲਾਸਾਨੀ ਸ਼ਹੀਦ

# ਗੁਰੂ ਤੇਗ਼ ਬਹਾਦਰ ਜੀ

ਗਿਆਨੀ ਸਰੂਪ ਸਿੰਘ ਕੜਿਆਲਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)

ਲੇਖਕ

ਸੋਹਣ ਸਿੰਘ 'ਸੀਤਲ'

ਲਾਹੌਰ ਬੁਕ ਸ਼ਾਪ, ਲੁਧਿਆਣਾ

ਸਭ ਹੱਕ ਕਰਤਾ ਦੇ ਰਾਖਵੇਂ ਹਨ ।

ਪਹਿਲੀ ਵਾਰ : ਅਕਤੂਬਰ, ੧੯੭੫ ਈ.

ਮੁੱਲ : ਸਾਧਾਰਨ : ਛੇ ਰੁਪੈ ।

ਡੀਲਕਸ : ਸਾਢੇ ਸੱਤ ਰੁਪੈ ।

ਪ੍ਰਕਾਸ਼ਕ : ਸ: ਜੀਵਨ ਸਿੰਘ ਐਮ. ਏ.,

ਲਾਹੌਰ ਬੁਕ ਸ਼ਾਪ, ਲੁਧਿਆਣਾ ।

ਪ੍ਰਿੰਟਰ : ਸ: ਜੀਵਨ ਸਿੰਘ ਐਮ. ਏ.,

ਲਾਹੌਰ ਆਰਟ ਪ੍ਰੈਸ,

ਸ਼ਿਵਲ ਲਾਈਨਜ਼, ਲੁਧਿਆਣਾ ।

# ਤਤਕਰਾ


| | | |
|---|---|---|
| ੧. | ਮੁਖ ਬੰਦ | ੬ |
| ੨. | ਅਨੋਖਾ ਕਾਰਨਾਮਾ | ੯ |
| ੩. | ਜਨਮ ਤੋਂ ਵਿਆਹ ਤਕ | ੧੭ |
| ੪. | ਤਪ ਸਾਧਨਾ ਤੇ ਗੁਰ ਗੱਦੀ | ੨੬ |
| ੫. | ਬਾਬਾ ਬਕਾਲਾ ਤੋਂ ਅਨੰਦਪੁਰ ਤਕ | ੫੨ |
| ੬. | ਤੀਰਥ ਯਾਤਰਾ | ੫੯ |
| ੭. | ਬੰਗਾਲ ਤੇ ਆਸਾਮ | ੬੪ |
| ੮. | ਵਾਪਸ ਅਨੰਦਪੁਰ | ੬੯ |
| ੯. | ਖੁਸ਼ੀ ਦੇ ਦਿਨ | ੭੭ |
| ੧੦. | ਨਿਆਸਰਿਆਂ ਦੀ ਬਾਂਹ ਫੜੀ | ੮੬ |
| ੧੧. | ਲਾਸਾਨੀ ਸ਼ਹੀਦੀ | ੯੮ |
| ੧੨. | ਕੁਝ ਜ਼ਰੂਰੀ ਵਿਚਾਰ | ੧੧੯ |
| ੧੩. | ਗੁਰੂ ਜੀ ਦੀ ਰਚਨਾ | ੧੩੪ |



ਗਿਆਨੀ ਸਰੂਪ ਸਿੰਘ ਕੜਿਆਣਾ
ਪੰਥਕ ਢਾਡੀ ਜੱਥਾ
98150-03075
ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)

# ਮੁਖ ਬੰਦ

ਮੈਂ ਆਪਣੇ ਜੀਵਨ ਦੇ ਪਹਿਲੇ ਹਿੱਸੇ ਉਤੇ ਝਾਤੀ ਮਾਰਦਾ ਹਾਂ, ਤਾਂ ਮੈਨੂੰ ਗੁਰੂ ਰਾਮ ਦਾਸ ਜੀ ਦੀਆਂ ਇਹ ਤੁਕਾਂ ਯਾਦ ਆ ਜਾਂਦੀਆਂ ਹਨ :

'ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ,
ਸਾ ਬਿਧਿ ਤੁਮ ਹਰਿ ਜਾਣਹੁ ਆਪੇ ।
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ,
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ।'

(ਰਾਮ ਗਉੜੀ, ਪੰਨਾ ੧੬੭)

ਪਰ ਨਿਰੰਕਾਰ ਨੇ ਆਪੇ ਰਾਂਹ ਦਿਖਾਇਆ । ਤੇ ਮੈਂ

'ਗੁਰ ਕੀ ਬਚਨੀ ਹਾਟਿ ਬਿਕਾਨਾ,
ਜਿਤੁ ਲਾਇਆ ਤਿਤੁ ਲਾਗਾ ।'

(ਰਾਗ ਮਾਰੂ, ਮ. ੧, ਪੰਨਾ ੯੯੧)

੧੯੩੪ ਵਿਚ ਮੈਂ ਬੜੇ ਨਾਟਕੀ ਢੰਗ ਨਾਲ 'ਢਾਡੀ' ਬਣ ਗਿਆ (ਗਿਣ ਮਿਥ ਕੇ ਨਹੀਂ) । ਜਾਂ ਇਉਂ ਸਮਝੋ, ਰਚਨਹਾਰ ਨੇ ਮੈਨੂੰ ਢਾਡੀ ਬਣਾਕੇ ਇਸ ਸ਼ੁਭ ਕਾਰਜ ਵਿਚ ਲਾ ਦਿਤਾ ।

'ਹਉ ਢਾਢੀ ਵੇਕਾਰੁ, ਕਾਰੇ ਲਾਇਆ ।
ਰਾਤਿ ਦਿਹੈ ਕੈ ਵਾਰ, ਧੁਰਹੁ ਫੁਰਮਾਇਆ ।'

(ਮਾਝ ਕੀ ਵਾਰ, ਮ. ੧, ਪੰਨਾ ੧੫੦)

ਢਾਡੀ ਬਣਕੇ ਮੈਂ ਸਿੱਖ ਇਤਿਹਾਸ 'ਤੇ ਵਾਰਾਂ ਲਿਖਣੀਆਂ ਸ਼ੁਰੂ ਕਰ ਦਿਤੀਆਂ । ਜਿੱਥੇ ਚਾਹ, ਓਥੇ ਰਾਹ । ਗੁਰੂ ਦੀ ਕਿਰਪਾ ਨਾਲ ਮੈਂ ਇਸ ਕਿੱਤੇ ਵਿਚ ਚੰਗਾ ਸਫਲ ਹੋ ਗਿਆ । ਨਾਲ ਨਾਲ ਮੈਂ ਸਿੱਖ ਇਤਿਹਾਸ ਦੀ ਖੋਜ ਸ਼ੁਰੂ ਕਰ ਦਿਤੀ । ਦਸ ਸਾਲ ਦੀ ਸਖ਼ਤ ਮਿਹਨਤ ਬਾਹਦ ਮੈਂ ਇਤਿਹਾਸ ਦੀ ਪਹਿਲੀ ਪੁਸਤਕ 'ਸਿੱਖਰਾਜ

ਕਿਵੇਂ ਗਿਆ' ਲਿਖੀ। ਮੇਰੇ ਪਾਠਕਾਂ ਨੇ ਉਸਨੂੰ ਬਹੁਤ ਪਸੰਦ ਕੀਤਾ। ਕਾਮੇ ਦੀ ਕਿਰਤ ਪਰਵਾਨ ਹੋ ਜਾਏ, ਤਾਂ ਉਸਦਾ ਹੌਸਲਾ ਵਧ ਜਾਂਦਾ ਹੈ। ਮੈਂ ਵਧੇਰੇ ਲਗਨ ਨਾਲ ਮਿਹਨਤ ਕਰਨੀ ਸ਼ੁਰੂ ਕਰ ਦਿਤੀ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਮਹਾ-ਰਾਜਾ ਦਲੀਪ ਸਿੰਘ ਦੀ ਮੌਤ ਤਕ ਮੈਂ ਲੜੀਵਾਰ ਇਤਿਹਾਸ ਲਿਖਿਆ ਤੇ ਛਾਪਿਆ। ਪਾਠਕਾਂ ਨੇ ਇਸ ਵਿਚ ਮੇਰਾ ਬਹੁਤ ਸਾਥ ਦਿਤਾ, ਭਾਵ ਮੇਰੀਆਂ ਲਿਖਤਾਂ ਨੂੰ ਬਹੁਤ ਪਸੰਦ ਕੀਤਾ। ਜਿਸਦਾ ਸਿੱਟਾ : ਮੈਂ ਸਿੱਖ ਇਤਿਹਾਸ ਤੇ ਪੰਜਾਬੀ ਸਾਹਿਤ (ਨਾਵਲ) ਲਿਖਣਾ ਹੀ ਜੀਵਨ ਦਾ ਨਸ਼ਾਨਾ ਬਣਾ ਲਿਆ।

ਮੈਂ ਸੋਚਦਾ ਹਾਂ, ਕਿ ਮੈਂ ਬੜੇ ਭਲੇ ਸਮੇਂ ਵਿਚ ਜੀਵਨ ਮਾਣ ਰਿਹਾ ਹਾਂ। ਪਹਿਲੀ ਗੱਲ, ਜਨਮ ਭਾਵੇਂ ਗ਼ੁਲਾਮ ਦੇਸ ਵਿਚ ਹੋਇਆ ਸੀ, ਪਰ ਅੱਜ ਮੈਂ ਇਕ ਸੁਤੰਤਰ ਦੇਸ ਦਾ ਸ਼ਹਿਰੀ ਹਾਂ। ਸਿੱਖਾਂ ਘਰ ਜਨਮ ਹੋਣ ਕਰਕੇ ਗੁਰੂ ਨਾਨਕ ਦਾ ਅਖਵਾਉਣਾ ਮੇਰਾ ਜਮਾਂਦਰੂ ਹੱਕ ਹੈ। ਫਿਰ ਜ਼ਿੰਦਗੀ ਵਿਚ ਤਿੰਨ 'ਮਹਾਨ ਪੁਰਬ' ਵੇਖਣ ਦਾ ਸਮਾਂ ਮਿਲਿਆ ਹੈ। ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਦਾ ਤਿੰਨ ਸੌ ਸਾਲਾ ਅਵਤਾਰ ਧਾਰਨ ਦਾ ਪੁਰਬ ਆਇਆ। ਓਦੋਂ ਮੈਂ ਹਜ਼ੂਰ ਦੇ ਜੀਵਨ ਬਾਰੇ ਪੁਸਤਕ ਲਿਖੀ, ਜੋ ਪਾਠਕਾਂ ਨੇ ਬਹੁਤ ਪਸੰਦ ਕੀਤੀ। ਫਿਰ ਗੁਰੂ ਨਾਨਕ ਦੇਵ ਜੀ ਦਾ ਪੰਜ ਸੌ ਸਾਲਾ ਪੁਰਬ ਆਇਆ, ਤਾਂ ਉਹਨਾਂ ਬਾਰੇ ਲਿਖੀ। ਉਸ ਤੋਂ ਪਿਛੋਂ 'ਗੁਰੂ ਅੰਗਦ ਦੇਵ ਜੀ ਤੋਂ ਗੁਰੂ ਤੇਗ਼ ਬਹਾਦਰ ਜੀ' ਤਕ ਲਿਖਕੇ ਇਹ ਲੜੀ ਮੁਕੰਮਲ ਕਰ ਦਿਤੀ।

ਹੁਣ ਗੁਰੂ ਤੇਗ਼ ਬਹਾਦਰ ਜੀ ਦਾ ਤਿੰਨ ਸੌ ਸਾਲਾ ਸ਼ਹੀਦੀ ਪੁਰਬ ਵੇਖਣ ਦਾ ਸਮਾਂ ਮਿਲ ਰਿਹਾ ਹੈ, ਇਹ ਨਿਰੰਕਾਰ ਦੀ ਅਪਾਰ ਕਿਰਪਾ ਹੈ। ਨਾਲ ਹੀ ਇਹ ਹੱਥਲੀ ਪੁਸਤਕ ਪਾਠਕਾਂ ਦੀ ਭੇਟਾ ਕਰ ਰਿਹਾ ਹਾਂ।

ਇਹ ਪੁਸਤਕ ਲਿਖਣ ਵਿਚ ਸ. ਜੀਵਨ ਸਿੰਘ ਜੀ (ਮਾਲਕ ਲਾਹੌਰ ਬੁਕ ਸ਼ਾਪ) ਦਾ ਵੀ ਹੱਥ ਹੈ। ਮੈਂ ਤਾਂ ਇਕ ਨਾਵਲ ਲਿਖਣ ਵਿਚ ਰੁੱਝਾ ਹੋਇਆ ਸਾਂ। ਪਰ ਉਹਨਾਂ ਨੇ ਪ੍ਰੇਰ ਕੇ ਮੈਨੂੰ ਇਸ ਪਾਸੇ ਲਾਇਆ।

ਇਕ ਕਾਰਨ ਇਸਦਾ ਹੋਰ ਵੀ ਹੈ। ਪਹਿਲੀ ਪੁਸਤਕ ਵਿਚ ਮੈਂ ਖੰਡਨ ਮੰਡਨ ਵਿਚ ਨਹੀਂ ਸਾਂ ਪਿਆ। ਪਰ ਪਿਛਲੇ ਕੁਛ ਸਾਲਾਂ ਤੋਂ ਨੌਂਵੇਂ ਪਾਤਸ਼ਾਹ ਬਾਰੇ ਕੁਛ ਅਜੇਹੇ ਸਵਾਲ ਉਭਰਕੇ ਸਾਡੇ ਸਾਮ੍ਹਣੇ ਆਏ ਹਨ, ਕਿ ਉਹਨਾਂ ਦਾ ਉਤਰ ਦੇਣਾ ਜ਼ਰੂਰੀ ਹੋ ਗਿਆ ਸੀ। ਜਿਵੇਂ ਬਾਬਾ ਬਕਾਲਾ ਵਿਚ ਕਿੰਨੇ ਸੋਢੀ ਨਕਲੀ ਗੁਰੂ ਬਣ ਕੇ

ਠੇ ਸਨ। ਸ਼ਹੀਦੀ ਸਮੇਂ ਔਰੰਗਜ਼ੇਬ ਦਿੱਲੀ ਵਿਚ ਸੀ, ਜਾਂ ਨਹੀਂ। ਕੀ ਗੁਰੂ ਮਹਾਰਾਜ ਨੇ ਸੱਚਮੁੱਚ ਕਰਾਮਾਤ ਵਿਖਾਉਣ ਦਾ ਬਹਾਨਾ ਲਾ ਕੇ ਬਾਦਸ਼ਾਹ ਨੂੰ (ਹਜ਼ੂਰ ਦੀ) ਗਰਦਨ ਉਤੇ ਵਾਰ ਕਰਨ ਵਾਸਤੇ ਪ੍ਰੇਰਿਆ ਸੀ ? ਆਦਿ।

ਯਥਾ ਸ਼ਕਤ ਮੈਂ ਇਹਨਾਂ ਸਵਾਲਾਂ ਦੇ ਉਤਰ ਦੇਣ ਦਾ ਯਤਨ ਕੀਤਾ ਹੈ। ਮੇਰਾ ਇਹ ਦਾਹਵਾ ਨਹੀਂ, ਕਿ ਜੋ ਮੈਂ ਲਿਖਿਆ ਹੈ, ਓਹਾ ਸੱਚ ਹੈ, ਤੇ ਦੂਸਰੀਆਂ ਸਾਰੀਆਂ ਲਿਖਤਾਂ ਝੂਠ ਹਨ। ਪਰ ਮੈਂ ਇਹ ਕਹਿਣ ਦੀ ਦਲੇਰੀ ਕਰਦਾ ਹਾਂ, ਕਿ ਜੋ ਮੈਂ ਸੱਚ ਸਮਝਿਆ ਹੈ, ਉਹ ਲਿਖਿਆ ਹੈ। ਤੇ ਲਿਖਣ ਤੋਂ ਪਹਿਲਾਂ ਸੱਚ ਭਾਲਣ ਵਾਸਤੇ ਪੂਰੀ ਮਿਹਨਤ ਕੀਤੀ ਹੈ।

ਇਹ ਪੁਸਤਕ ਲਿਖਦਿਆਂ ਮੈਨੂੰ ਕੁਛ ਨਵੀਂਆਂ ਲੱਭਤਾਂ ਵੀ ਪਰਾਪਤ ਹੋਈਆਂ ਹਨ। ਜਿਵੇਂ 'ਮਨੁੱਖਤਾ ਦੇ ਗੁਰੂ' ਵਿਚ ਬਾਬਾ ਬਕਾਲਾ ਵਿਚ ਗੱਦੀ ਲਾ ਕੇ ਬਹਿਣ ਵਾਲਿਆਂ ਵਿਚ ਮੈਂ ਮੇਹਰਵਾਨ ਦਾ ਨਾਮ ਲਿਖਿਆ ਸੀ, ਪਰ ਇਸ ਪੁਸਤਕ ਵਿਚ ਮੇਹਰਵਾਨ ਦੇ ਪੁੱਤਰ ਹਰਿਜੀ ਦਾ ਲਿਖਿਆ ਹੈ। (ਵੇਰਵਾ ਵੇਖਣ ਵਾਸਤੇ ਅੰਦਰ ਪੜ੍ਹੋ।)

ਅੰਤ ਵਿਚ ਮੈਂ ਉਸ 'ਕਰਾਵਨਹਾਰ' ਦਾ ਧੰਨਵਾਦ ਕਰਦਾ ਹਾਂ, ਜਿਸਨੇ ਕਿਰਪਾ ਕਰਕੇ ਇਹ ਕਾਰਜ ਕਰਵਾਇਆ ਹੈ। ਫ਼ਤਹਿ।

ਸੀਤਲ ਭਵਨ,
ਮਾਡਲ ਗਰਾਮ,
ਲੁਧਿਆਣਾ-੨

ਸੋਹਣ ਸਿੰਘ 'ਸੀਤਲ'
੧-੧੦-੧੯੭੫ ਈ.

## ਪਹਿਲਾ ਕਾਂਡ

# ਅਨੋਖਾ ਕਾਰਨਾਮਾ

'ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ ।'

ਗੁਰੂ ਗੋਬਿੰਦ ਸਿੰਘ ਜੀ ਦੇ ਇਸ ਕਥਨ ਵਿਚ ਕਿੰਨੀ ਨਿੱਗਰ ਸਚਾਈ ਹੈ। ਸੰਸਾਰ ਭਰ ਦੇ ਸ਼ਹੀਦਾਂ ਦੇ ਇਤਿਹਾਸ ਵਿਚ ਅਜੇਹੀ ਮਿਸਾਲ ਨਹੀਂ ਮਿਲਦੀ, ਕਿ ਕਿਸੇ ਮਹਾਂਪੁਰਖ ਨੇ ਦੂਸਰੇ ਦੇ ਧਰਮ ਵਾਸਤੇ ਕੁਰਬਾਨੀ ਦਿੱਤੀ ਹੋਵੇ । ਇਹ ਕੁਝ ਗੁਰੂ ਤੇਗ ਬਹਾਦਰ ਜੀ ਨੇ ਕੀਤਾ ਹੈ ।

ਸਾਡਾ ਇਹ ਦਾਹਵਾ ਨਹੀਂ, ਕਿ ਹੋਰ ਕੌਮਾਂ ਵਿਚ ਸ਼ਹੀਦ ਨਹੀਂ ਹੋਏ। 'ਸ਼ਹੀਦ' ਸ਼ਬਦ ਹੀ ਅਰਬੀ ਜ਼ਬਾਨ ਦਾ ਹੈ। ਇਸਦਾ ਅਰਥ ਹੈ, ਗਵਾਹੀ ਦੇਣ ਵਾਲਾ, ਖ਼ੁਦਾ ਦੇ ਨਾਮ 'ਤੇ ਕੁਰਬਾਨ ਹੋ ਕੇ ਚੰਗੀ ਮਿਸਾਲ ਕਾਇਮ ਕਰਨ ਵਾਲਾ। ਗੁਰੂ ਤੇਗ ਬਹਾਦਰ ਸਾਹਿਬ ਨੇ ਇਕ ਅਜੇਹੀ ਮਿਸਾਲ ਕਾਇਮ ਕਰ ਦਿਤੀ, ਜਿਸਦੀ ਟੱਕਰ ਦੀ ਹੋਰ ਰਵਾਇਤ ਨਹੀਂ ਮਿਲਦੀ। ਆਪਣੇ ਧਰਮ ਬਦਲੇ, ਆਪਣੀ ਅਣਖ ਬਦਲੇ, ਜਾਂ ਹੋਰ ਕਿਸੇ ਆਪਣੇ ਮਨੋਰਥ ਬਦਲੇ ਮਹਾਨ ਪੁਰਸ਼ ਸ਼ਹੀਦ ਹੁੰਦੇ ਆਏ ਹਨ। ਉਹ ਵੀ ਮਹਾਨ ਹਨ। ਸੰਸਾਰ ਉਹਨਾਂ ਦਾ ਸਤਕਾਰ ਕਰਦਾ ਹੈ। ਉਹ ਸਤਕਾਰ ਦੇ ਹੱਕਦਾਰ ਵੀ ਹਨ। ਪਰ ਗੁਰੂ ਤੇਗ ਬਹਾਦਰ ਜੀ ਦੀ ਵਡਿਆਈ ਇਸ ਗੱਲ ਵਿਚ ਹੈ, ਕਿ ਉਹਨਾਂ ਨੇ ਦੂਸਰਿਆਂ ਦੇ ਧਰਮ ਬਦਲੇ ਬਲੀਦਾਨ ਦਿਤਾ ਹੈ। ਗੁਰੂ ਗੋਬਿੰਦ ਸਿੰਘ ਜੀ ਫ਼ੁਰਮਾਉਂਦੇ ਹਨ :

'ਤਿਲਕ ਜੰਞੂ ਰਾਖਾ ਪ੍ਰਭ ਤਾਕਾ ।
ਕੀਨੋ ਬਡੋ ਕਲੂ ਮਹਿ ਸਾਕਾ ।'

'ਤਾਕਾ', ਉਹਨਾਂ ਦਾ, ਭਾਵ ਹੈ ਹਿੰਦੂਆਂ ਦਾ। ਦੂਸਰੇ ਧਰਮ ਨੂੰ ਮੰਨਣ ਵਾਲਿਆਂ

ਵਾਸਤੇ ਸਾਕਾ ਕੀਤਾ, ਇਸ ਵਾਸਤੇ ਕਲਿਜੁਗ ਵਿਚ ਇਹ ਬਹੁਤ ਵੱਡਾ ਕਾਰਨਾਮਾ ਹੈ। ਫਿਰ ਇਹ ਕਾਰਨਾਮਾ ਅਚਨਚੇਤ ਨਹੀਂ ਹੋਇਆ, ਹਾਲਾਤ ਇਸ ਦੀ ਮੰਗ ਕਰਦੇ ਸਨ। ਤੇ ਗੁਰੂ ਮਹਾਰਾਜ ਨੇ ਇਕ ਲੰਮਾ ਸਮਾਂ ਇਸ ਕਾਰਨਾਮੇ ਵਾਸਤੇ ਪੂਰੀ ਤਿਆਰੀ ਕੀਤੀ ਸੀ।

## ਵਿਰਸਾ

ਕਿਸੇ ਮਹਾਂਪੁਰਸ਼ ਵਾਸਤੇ ਸਭ ਤੋਂ ਵੱਡੀ ਸਹੂਲਤ ਹੁੰਦੀ ਹੈ, ਉਸਦਾ ਜੱਦੀ ਵਿਰਸਾ। ਏਸ ਪੱਖੋਂ ਗੁਰੂ ਮਹਾਰਾਜ ਬੜੇ ਭਾਗਵਾਨ ਸਨ। ਨਿਰੰਕਾਰ ਦੀ ਸਭ ਤੋਂ ਵੱਡੀ ਬਖ਼ਸ਼ਸ਼ ਸੀ, ਗੁਰੂ ਨਾਨਕ ਦੇ ਹੋਣਾ। ਤੇ ਹੋਰ ਵੱਡੀ ਬਖ਼ਸ਼ਸ਼, ਮਹਾਨ ਗੁਰੂ ਨਾਨਕ ਦੇ ਛੇਵੇਂ ਰੂਪ ਗੁਰੂ ਹਰਿ ਗੋਬਿੰਦ ਸਾਹਿਬ ਦੇ ਘਰ ਪਰਗਟ ਹੋਣਾ। ਗੁਰੂ ਤੇਗ ਬਹਾਦਰ ਜੀ ਛੇਵੇਂ ਗੁਰੂ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਭਗਤੀ ਲਹਿਰ ਦਾ ਬੜਾ ਜ਼ੋਰ ਸੀ। ਮਗਰ ਉਸ ਸਮੇਂ ਤਕ ਦਾ ਨਸ਼ਾਨਾ ਸਿਰਫ਼ ਈਸ਼ਵਰ ਭਗਤੀ ਤਕ ਹੀ ਸੀ। ਭਗਤ ਨਾਮ ਦੇਵ ਤੇ ਭਗਤ ਕਬੀਰ ਜੀ ਨੇ ਕੁਛ ਸਮਾਜਕ ਬੁਰਾਈਆਂ ਵੱਲ ਲੋਕਾਂ ਦਾ ਧਿਆਨ ਖਿੱਚਣ ਦਾ ਯਤਨ ਕੀਤਾ, ਪਰ ਬੜੇ ਨਰਮ ਸ਼ਬਦਾਂ ਵਿਚ। ਗੁਰੂ ਨਾਨਕ ਦੇਵ ਜੀ ਨੇ ਜ਼ਾਤ-ਪਾਤ ਦੇ ਵਿਰੁੱਧ ਬਾਕਾਇਦਾ ਅੰਦੋਲਨ ਸ਼ੁਰੂ ਕਰ ਦਿਤਾ। ਏਥੇ ਹੀ ਬੱਸ ਨਹੀਂ, ਗੁਰਦੇਵ ਨੇ ਇਕ-ਪੁਰਖੀ ਰਾਜ ਪਰਬੰਧ ਦੇ ਵਿਰੁੱਧ ਵੀ ਬੜੇ ਖਰੇ ਤੇ ਸਖ਼ਤ ਸ਼ਬਦਾਂ ਵਿਚ ਆਵਾਜ਼ ਉਠਾਈ। ਏਥੋਂ ਤਕ, ਕਿ :

'ਕਲਿ ਕਾਤੀ, ਰਾਜੇ ਕਾਸਾਈ.........।'

ਤੇ

'ਰਾਜੇ ਸੀਹ ਮੁਕਦਮ ਕੁਤੇ।.........'

ਤਕ ਕਹਿ ਦਿਤਾ। ਇਹ ਵਾਕ ਪਰਗਟ ਕਰਦੇ ਹਨ, ਕਿ ਗੁਰੂ ਨਾਨਕ ਮਨੁੱਖ-ਸਮਾਜ ਨੂੰ ਹਰ ਪੱਖ ਤੋਂ ਬਦਲਨਾ ਚਾਹੁੰਦੇ ਸਨ।

ਗੁਰੂ ਅਰਜਨ ਦੇਵ ਜੀ ਨੇ ਨਾਨਕ-ਮੱਤ ਨੂੰ ਇਕ ਪੂਰਨ ਫ਼ਿਰਕਾ (ਧਰਮ, ਮਜ਼ਹਬ) ਬਣਾ ਦਿਤਾ। ਹਜ਼ੂਰ ਨੇ ਪਹਿਲੇ ਗੁਰੂ ਸਾਹਿਬਾਨ ਦੀ ਬਾਣੀ ਇਕੱਠੀ ਕਰਕੇ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਦਿਤਾ, ਜੋ ਕਿਸੇ ਵੀ ਫ਼ਿਰਕੇ ਦੀ ਸਭ ਤੋਂ ਪਹਿਲੀ ਲੋੜ ਹੁੰਦੀ ਹੈ। ਫਿਰ ਆਪਣੇ ਗੁਰਦੇਵ ਪਿਤਾ ਦਾ ਆਰੰਭ ਕੀਤਾ ਹੋਇਆ

ਅੰਮ੍ਰਿਤਸਰ ਪੂਰਨ ਕਰਕੇ ਦੂਸਰੀ ਲੋੜ ਵੀ ਪੂਰੀ ਕਰ ਦਿਤੀ, ਕੌਮ ਦਾ ਇਕ ਕੇਂਦਰ। ਤੇ ਅੰਤ ਸ਼ਾਂਤ ਰਹਿੰਦੇ ਹੋਏ ਧਰਮ ਹੇਤ ਸਿਰ ਦੇ ਕੇ ਗੁਰਦੇਵ ਨੇ 'ਸੰਤਪੁਣੇ' ਦੀ ਸਿਖਰ ਛੋਹ ਲਈ। ਮਹਾਨ ਕੁਰਬਾਨੀ ਸਦਾ ਹੀ ਕਿਸੇ ਕੌਮ ਦੇ ਇਤਿਹਾਸ ਵਿਚ ਇਕ ਨਵਾਂ ਮੋੜ ਲਿਆਇਆ ਕਰਦੀ ਹੈ। ਗੁਰੂ ਅਰਜਨ ਦੇਵ ਜੀ ਦੀ ਅਦੁੱਤੀ ਸ਼ਹੀਦੀ ਵੀ ਸਿੱਖ ਇਤਿਹਾਸ ਵਿਚ ਬਹੁਤ ਵੱਡਾ ਮੋੜ ਸੀ।

ਧਰਮ ਤੇ ਪਾਪ, ਨੇਕੀ ਤੇ ਬਦੀ ਦੀ ਜੰਗ ਸ਼ੁਰੂ ਹੋ ਗਈ। ਜ਼ਾਲਮ ਸਰਕਾਰ ਨਾਲ ਮਜ਼ਲੂਮਾਂ ਦੇ ਹਾਮੀਆਂ ਦੀ ਟੱਕਰ ਦਾ ਸਮਾਂ ਆ ਗਿਆ ਸੀ। ਸੋ ਜ਼ੁਲਮ ਦੇ ਟਾਕਰੇ ਵਾਸਤੇ ਛੇਵੇਂ ਪਾਤਸ਼ਾਹ ਨੇ ਤਲਵਾਰ ਉਠਾ ਲਈ।

ਇਕ ਸੂਫ਼ੀ ਵਿਚਾਰਾਂ ਨੂੰ ਮੰਨਣ ਵਾਲੇ ਨੇ ਕਿਹਾ ਹੈ :

'ਮੁਸੱਲਾ ਬੇਚ ਕਰ ਖ਼ੰਜਰ ਖ਼ਰੀਦ ਐ ਬੇਅਕਲ ਸੂਫ਼ੀ,
ਕਿ ਟਕਰਾਨੇ ਕੋ ਹੈ ਤੇਰੀ ਫ਼ਕੀਰੀ ਸੇ ਸ਼ਹਿਨਸ਼ਾਹੀ।'

ਮੁਸੱਲਾ (ਉਹ ਕੱਪੜਾ ਜਾਂ ਸਫ਼ ਜਿਸ ਉਪਰ ਬੈਠ ਕੇ ਖ਼ੁਦਾ ਦੀ ਨਮਾਜ਼ ਪੜ੍ਹੀ ਜਾਂਦੀ ਹੈ) ਭਗਤੀ ਦਾ ਚਿੰਨ੍ਹ ਹੈ ਤੇ ਖ਼ੰਜਰ ਸ਼ਕਤੀ ਦਾ। ਸੂਫ਼ੀ ਕਹਿੰਦਾ ਹੈ, ਕਿ ਕੁਛ ਸਮੇਂ ਵਾਸਤੇ ਭਗਤੀ ਦਾ ਰਾਹ ਛਡ ਕੇ ਸ਼ਕਤੀ ਦੇ ਸਾਧਨ ਪੈਦਾ ਕਰ, ਕਿਉਂਕਿ ਹਾਲਾਤ ਨੇ ਸਰਕਾਰ ਨਾਲ ਭਲੇ ਪੁਰਸ਼ਾਂ ਦੀ ਟੱਕਰ ਦਾ ਸਮਾਂ ਲੈ ਆਂਦਾ ਹੈ।

ਸਿੱਖੀ ਕਹਿੰਦੀ ਹੈ, ਸ਼ਕਤੀ ਹਾਸਲ ਤਾਂ ਕਰਨੀ ਹੈ, ਪਰ ਭਗਤੀ ਦਾ ਰਾਹ ਤਿਆਗ ਕੇ ਨਹੀਂ। ਮੁਸੱਲਾ (ਜਾਂ ਮਾਲਾ) ਵੇਚ ਕੇ ਖ਼ੰਜਰ ਨਹੀਂ ਖ਼ਰੀਦਣਾ, ਸਗੋਂ ਮਾਲਾ ਦੇ ਨਾਲ ਨਾਲ ਸ਼ਸਤਰ ਧਾਰਨ ਕਰਨੇ ਹਨ। ਭਗਤੀ ਨੂੰ ਕਾਇਮ ਰਖਦਿਆਂ ਹੋਇਆਂ ਸ਼ਕਤੀਵਾਨ ਬਣਨਾ ਹੈ। ਧਰਮ ਨੂੰ ਤਿਆਗ ਕੇ ਨਹੀਂ, ਧਰਮ ਨੂੰ ਧੁਰਾ ਬਣਾ ਕੇ ਰਾਜਸੀ ਸੱਤਿਆ ਹਾਸਲ ਕਰਨੀ ਹੈ।

'ਇਕਬਾਲ' ਨੇ 'ਇਕ' ਬੜਾ ਸੁੰਦਰ ਸ਼ਿਅਰ ਕਿਹਾ ਹੈ :

'ਜਲਾਲੇ ਪਾਦਸ਼ਾਹੀ ਹੋ, ਕਿ ਜਮਹੂਰੀ ਤਮਾਸ਼ਾ ਹੋ,
ਜੁਦਾ ਹੋ ਦੀਂ ਸਿਆਸਤ ਸੇ, ਤੋ ਰਹਿ ਜਾਤੀ ਹੈ ਚੰਗੇਜ਼ੀ'

(ਭਾਵੇਂ ਇਕ-ਪੁਰਖਾ ਰਾਜ ਹੋਵੇ, ਤੇ ਭਾਵੇਂ ਲੋਕਰਾਜ, ਰਾਜਨੀਤੀ ਨਾਲੋਂ ਧਰਮ ਨੂੰ ਵੱਖ ਕਰ ਦੇਈਏ, ਤਾਂ ਚੰਗੇਜ਼ ਖ਼ਾਂ ਵਾਲਾ ਜ਼ੁਲਮ ਹੀ ਬਾਕੀ ਰਹਿ

ਜਾਂਦਾ ਹੈ ।)

ਸੋ ਗੁਰੂ ਹਰਿਗੋਬਿੰਦ ਸਾਹਿਬ ਨੇ ਧਰਮ ਨੂੰ ਕਾਇਮ ਰਖਦਿਆਂ ਹੋਇਆਂ ਬੀਰਤਾ ਨੂੰ ਅਪਨਾਇਆ, ਭਾਵ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਇਸਤਰਾਂ ਸਿੱਖੀ ਵਿਚ ਧਰਮ ਤੇ ਰਾਜਨੀਤੀ ਦਾ ਸੁਮੇਲ ਪੈਦਾ ਕਰ ਦਿਤਾ। ਪੰਜਵੇਂ ਪਾਤਸ਼ਾਹ ਦਾ ਰਚਿਆ ਹਰਿਮੰਦਰ ਸਾਹਿਬ ਸਿੱਖਾਂ ਕੋਲ ਮੌਜੂਦ ਸੀ। ਉਹ ਸਿੱਖਾਂ ਦੇ ਧਰਮ ਦਾ ਚਿੰਨ੍ਹ ਸੀ। ਛੇਵੇਂ ਪਾਤਸ਼ਾਹ ਨੇ ਧਰਮ ਦੀ ਰੱਖਿਆ ਵਾਸਤੇ ਸਾਮ੍ਹਣੇ 'ਅਕਾਲ ਤਖ਼ਤ' ਰਚ ਦਿਤਾ, ਜੋ ਸਿੱਖ ਰਾਜਨੀਤੀ ਦਾ ਚਿੰਨ੍ਹ ਹੈ।

ਉਸ ਤੋਂ ਪਹਿਲਾਂ ਮਜ਼ਹਬਾਂ ਦੇ ਨਸ਼ਾਨ (ਝੰਡੇ) ਵੀ ਸਨ ਤੇ ਬਾਦਸ਼ਾਹੀਆਂ ਦੇ ਵੀ। ਛੇਵੇਂ ਪਾਤਸ਼ਾਹ ਨੇ 'ਅਕਾਲ ਤਖ਼ਤ' ਦੇ ਸਾਮ੍ਹਣੇ ਦੋ ਨਸ਼ਾਨ ਸਾਹਿਬ ਖਲੇ ਕੀਤੇ, ਇਕ ਪੀਰੀ ਦਾ ਸੀ, ਇਕ ਮੀਰੀ ਦਾ। ਇਸ ਢੰਗ ਨਾਲ ਗੁਰੂ ਹਰਿਗੋਬਿੰਦ ਸਾਹਿਬ ਨੇ ਸੰਤਾਂ ਨੂੰ ਸਪਾਹੀ ਬਣਾ ਦਿਤਾ।

ਕਿਸੇ ਫ਼ਿਰਕੇ ਨੂੰ 'ਕੌਮ' ਬਣਨ ਵਾਸਤੇ ਜਿਨ੍ਹਾਂ ਪੰਜ ਚੀਜ਼ਾਂ ਦੀ ਸਭ ਤੋਂ ਪਹਿਲਾਂ ਲੋੜ ਹੁੰਦੀ ਹੈ, ਸਿੱਖਾਂ ਨੂੰ ਉਹ ਪ੍ਰਾਪਤ ਹੋ ਗਈਆਂ। ਆਪਣਾ ਆਗੂ, ਆਪਣਾ ਧਰਮ ਗ੍ਰੰਥ, ਆਪਣਾ ਕੇਂਦਰ, ਆਪਣਾ ਤਖ਼ਤ, ਤੇ ਆਪਣਾ ਝੰਡਾ (ਨਸ਼ਾਨ)। ਫ਼ੌਜ ਤੇ ਰਾਜ ਦੀ ਵਾਰੀ ਇਸ ਤੋਂ ਪਿਛੋਂ ਆਇਆ ਕਰਦੀ ਹੈ।

ਗੁਰੂ ਹਰਿਗੋਬਿੰਦ ਸਾਹਿਬ ਦੇ ਗੱਦੀ ਬੈਠਣ ਨਾਲ ਸਿੱਖਾਂ ਦੀ ਸਮਾਜਕ ਰਹਿਣੀ ਵਿਚ ਇਕ ਨਵਾਂ ਮੋੜ ਆਇਆ। ਗੁਰੂ ਜੀ ਨੇ ਸੰਤਾਂ ਦੀ ਥਾਂ 'ਰਾਜ ਰਿਸ਼ੀਆਂ' ਵਾਲਾ ਪਹਿਰਾਵਾ ਕਰ ਲਿਆ। ਆਪ ਮਹਾਰਾਜਿਆਂ ਵਰਗੇ ਬਸਤਰ ਪਹਿਨਦੇ, ਸੀਸ 'ਤੇ ਕਲਗੀ ਸਜਾਉਂਦੇ, ਤੇ ਦੋ ਤਲਵਾਰਾਂ ਸਜਾਕੇ ਘੋੜੇ 'ਤੇ ਚੜ੍ਹਕੇ ਸ਼ਕਾਰ ਖੇਡਦੇ।

ਪੁਰਾਤਨ ਸਿੱਖਾਂ ਦੇ ਮਨਾਂ 'ਤੇ ਇਸ ਤਬਦੀਲੀ ਦਾ ਅਸਰ ਵੀ ਹੋਇਆ। ਭਾਈ ਗੁਰਦਾਸ ਜੀ ਬੜੇ ਸੰਕੋਚਵੇਂ ਸ਼ਬਦਾਂ ਵਿਚ ਇਸਦਾ ਜ਼ਿਕਰ ਕਰਦੇ ਹਨ:

'ਧਰਮਸਾਲ ਕਰ ਬਹੀਦਾ, ਇੱਕਤ ਥਾਂ ਨ ਟਿਕੈ ਟਿਕਾਯਾ
ਪਾਤਿਸਾਹ ਘਰ ਆਂਵਦੇ, ਗੜ੍ਹ ਚੜ੍ਹਿਆ ਪਾਤਿਸ਼ਾਹ ਚੜਾਯਾ
ਉੱਮਤ ਮਹਿਲ ਨ ਪਾਂਵਦੀ, ਨੱਠਾ ਫਿਰੇ, ਨ ਡਰੈ ਡਰਾਯਾ
ਮੰਜੀ ਬਹਿ ਸੰਤੋਖ ਦਾ, ਕੁੱਤੇ ਰੱਖ ਸ਼ਿਕਾਰ ਖਿਲਾਯਾ
ਬਾਣੀ ਕਰ ਸੁਣ ਗਾਂਵਦਾ, ਕਥੈ ਨ ਸੁਣੈ, ਨ ਗਾਵ ਸੁਣਾਯਾ

ਸੇਵਕ ਪਾਸ ਨ ਰਖੀਅਨਿ, ਦੋਖੀ ਦੁਸਟ ਆਗੂ ਮੌਹਿ ਲਾਯਾ
ਸੱਚ ਨ ਲੂਕੈ ਲੁਕਾਇਆ, ਚਰਣ ਕਵਲ ਸਿਰ ਭਵਰ ਲੁਭਾਯਾ
ਅੰਜਰ ਜਰੈ, ਨ ਆਪ ਜਣਾਇਆ।

(ਵਾਰ ੨੬-੨੪)

ਪੁਰਾਤਨ ਭਗਤੀਭਾਵਾਂ ਵਾਲੇ ਸਿੱਖ ਉਘੜਕੇ ਤਾਂ ਕੁਛ ਨਾ ਕਹਿੰਦੇ, ਪਰ ਇਸ ਪਉੜੀ ਤੋਂ ਪਰਗਟ ਹੁੰਦਾ ਹੈ, ਕਿ ਉਹ ਨਵੇਕਲੇ ਬਹਿ ਕੇ ਇਕ ਦੂਸਰੇ ਨਾਲ ਆਪਣੇ ਸ਼ੰਕੇ ਜ਼ਰੂਰ ਸਾਂਝੇ ਕਰਦੇ। ਉਹ ਕਹਿੰਦੇ, 'ਵੇਖੋ ਭਈ, ਛੇਵੇਂ ਗੁਰੂ ਨੇ ਪਹਿਲੇ ਗੁਰੂਆਂ ਦੀ ਚਲਾਈ ਮਰਯਾਦਾ ਕਿੰਨੀ ਬਦਲ ਦਿੱਤੀ ਹੈ। ਪਹਿਲੇ ਗੁਰੂ ਧਰਮਸਾਲਾ ਵਿਚ ਸੰਤਾਂ ਵਾਂਗ ਗੱਦੀ ਲਾਕੇ ਬਹਿੰਦੇ ਸਨ। ਉਹਨਾਂ ਦੇ ਆਤਮਕ ਉਪਦੇਸ਼ ਸੁਣਨ ਵਾਸਤੇ ਬਾਦਸ਼ਾਹਾਂ ਤਕ ਚੱਲ ਕੇ ਆਇਆ ਕਰਦੇ ਸਨ। ਉਹ ਮੰਜੀ ਉਤੇ ਬਹਿ ਕੇ ਸਤ-ਸੰਤੋਖ ਤੇ ਸ਼ਾਂਤੀ ਦਾ ਉਪਦੇਸ਼ ਦਿਆ ਕਰਦੇ ਸਨ। ਉਹ ਬਾਣੀ ਰਚਿਆ ਕਰਦੇ ਸਨ ਤੇ ਆਪ ਉਸਦਾ ਕੀਰਤਨ ਕਰਕੇ ਸੰਗਤਾਂ ਨੂੰ ਸੁਣਾਇਆ ਕਰਦੇ ਸਨ। ਉਹਨਾਂ ਕੋਲ ਸੇਵਕ ਵੀ ਓਹੋ ਜਿਹੇ ਸੰਤ-ਸਰੂਪ ਹੀ ਹੋਇਆ ਕਰਦੇ ਸਨ। ਪਰ ਅੱਜ ਛੇਵੇਂ ਗੁਰੂ ਵੱਲ ਵੇਖੋ। ਇਹ ਇਕ ਥਾਂ ਟਿਕ ਕੇ ਨਹੀਂ ਬਹਿੰਦੇ। ਇਹ ਕਿਲ੍ਹੇ ਬਣਾ ਰਹੇ ਹਨ, ਫ਼ੌਜਾਂ ਸਾਜ ਰਹੇ ਹਨ, ਕੁੱਤੇ ਲੈ ਕੇ ਜੰਗਲਾਂ ਵਿਚ ਸ਼ਕਾਰ ਖੇਡਦੇ ਹਨ, ਕਿਸੇ ਤੋਂ ਡਰਦੇ ਨਹੀਂ। ਚੋਰ ਧਾੜਵੀ ਇਹ ਆਪਣੀ ਫ਼ੌਜ ਵਿਚ ਭਰਤੀ ਕਰੀ ਜਾ ਰਹੇ ਹਨ। ਨਾ ਇਹ ਬਾਣੀ ਉਚਾਰਦੇ ਹਨ, ਨਾ ਕੀਰਤਨ ਕਰਦੇ ਹਨ। ਇਹ ਕੇਹੋ ਜੇਹੇ ਗੁਰੂ ਹਨ।'

ਇਹ ਸੀ ਪੁਰਾਤਨੀ ਵਿਚਾਰਾਂ ਵਾਲਿਆਂ ਦੀ ਸੋਚ। ਪਰ ਅਮਲੀ ਤੌਰ 'ਤੇ ਇਸ ਤਬਦੀਲੀ ਦਾ ਸਿੱਖੀ ਉਤੇ ਬੜਾ ਚੰਗਾ ਅਸਰ ਪਿਆ। ਉਸ ਸਮੇਂ ਪੰਜਾਬ ਦੀ ਬਹੁਤੀ ਵਸੋਂ ਸ਼ਸਤਰ ਧਾਰੀ ਤੇ ਜੰਗੀ ਸੁਭਾਉ ਦੀ ਸੀ। ਪਹਿਲੇ ਗੁਰੂਆਂ ਦਾ ਨਿਰਾ ਮਾਲਾ ਵਾਲਾ ਧਰਮ ਉਹਨਾਂ ਦੇ ਬਹੁਤਾ ਪਸੰਦ ਨਹੀਂ ਸੀ। ਪਰ ਜਦ ਮਾਲਾ ਦੇ ਨਾਲ ਤਲਵਾਰ ਵੀ ਆ ਗਈ, ਤਾਂ ਉਹ ਲੋਕ ਭਾਰੀ ਗਿਣਤੀ ਵਿਚ ਸਿੱਖ ਬਣੇ। ਉਹਨਾਂ ਦਾ ਸਿੱਖੀ ਸਿਦਕ ਸੀ ਵੀ ਪੂਰਨ। ਜਦ ਫ਼ਕੀਰੀ ਨੂੰ ਬਾਦਸ਼ਾਹੀ ਨਾਲ ਟੱਕਰ ਲੈਣੀ ਪਈ (ਸ਼ਾਹ ਜਹਾਨ ਦੀਆਂ ਫ਼ੌਜਾਂ ਨਾਲ ਲੜਨਾ ਪਿਆ) ਤਾਂ ਉਹ ਸਿਦਕੀ ਡੋਲੇ ਨਹੀਂ।

ਇਕ ਹੋਰ ਸੋਚਣ ਵਾਲੀ ਗੱਲ ਹੈ। ਹਰ ਗੁਰੂ ਆਪਣੇ ਸਮੇਂ ਦਾ ਮਹਾਨ ਦੂਰ-ਦਰਸ਼ੀ ਸੀ। ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਪਹਿਲੇ ਮਹਾਂਪੁਰਸ਼ ਸਨ, ਜਿਨ੍ਹਾਂ ਦਾ ਜਨਮ ਸਿੱਖ ਮਾਪਿਆਂ ਦੇ ਘਰ ਹੋਇਆ ਸੀ। ਉਮਰ ਦੇ ਪਹਿਲੇ ਦਸ ਸਾਲ ਉਹਨਾਂ ਨਾਨਾ ਜੀ (ਗੁਰੂ ਅਮਰਦਾਸ ਜੀ) ਦੀ ਗੋਦੀ ਦਾ ਨਿੱਘ ਮਾਣਿਆਂ। ਦੂਸਰੇ ਸ਼ਬਦਾਂ ਵਿਚ ਉਹਨਾਂ ਦੀ ਵਿੱਦਿਆ ਦਾ ਪਰਬੰਧ ਗੁਰੂ ਅਮਰਦਾਸ ਜੀ ਦੀ ਇੱਛਿਆ ਦੇ ਅਨੁਸਾਰ ਤੇ ਉਹਨਾਂ ਦੀ ਦੇਖ ਭਾਲ ਵਿਚ ਹੋਇਆ। ਪੰਜਵੇਂ ਪਾਤਸ਼ਾਹ ਨੂੰ ਬਚਪਨ ਤੋਂ ਹੀ ਗੁਰਮੁਖੀ, ਫ਼ਾਰਸੀ ਤੇ ਸੰਸਕ੍ਰਿਤ ਦੀ ਬੜੀ ਉੱਚੀ ਵਿੱਦਿਆ ਦਿਤੀ ਗਈ, ਜਿਸਦਾ ਪਰਤੱਖ ਪਰਮਾਣ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਹੈ।

ਛੇਵੇਂ ਪਾਤਸ਼ਾਹ ਨੇ ਵੀ ਪਿਤਾ ਦੀ ਗੋਦ ਦਾ ਨਿੱਘ ਮਸਾਂ ਗਿਆਰਾਂ ਸਾਲ ਹੀ ਮਾਣਿਆਂ ਸੀ। ਆਉਣ ਵਾਲੇ ਸਮੇਂ ਦੀ ਲੋੜ ਨੂੰ ਮੁੱਖ ਰੱਖ ਕੇ ਗੁਰੂ ਅਰਜਨ ਦੇਵ ਜੀ ਨੇ ਸਾਹਿਬਜ਼ਾਦਾ ਹਰਿਗੋਬਿੰਦ ਜੀ ਨੂੰ ਅੱਖਰੀ ਵਿੱਦਿਆ ਦੇ ਨਾਲ ਨਾਲ ਸ਼ਸਤਰ ਵਿੱਦਿਆ ਸਿਖਾਉਣੀ ਵੀ ਜ਼ਰੂਰੀ ਸਮਝੀ। ਸੋ ਆਪ ਨੂੰ ਬਚਪਨ ਤੋਂ ਹੀ ਸ਼ਸਤਰ ਵਿੱਦਿਆ ਦੇ ਅਭਿਆਸ ਵਿਚ ਲਾਇਆ ਗਿਆ। ਇਹ ਗੁਰੂ ਅਰਜਨ ਦੇਵ ਜੀ ਦੇ ਦੂਰ ਦਰਸ਼ੀ ਹੋਣ ਦਾ ਸਬੂਤ ਹੈ। ਬਚਪਨ ਦੀ ਸਿੱਖਿਆ ਦਾ ਸਿੱਟਾ ਗੁਰੂ ਹਰਿਗੋਬਿੰਦ ਸਾਹਿਬ ਇਕ ਮਹਾਨ ਯੋਧੇ ਸਿੱਧ ਹੋਏ।

ਸਮੇਂ ਦੇ ਰਵਾਜ ਮੁਤਾਬਕ ਸਮਾਜਕ ਰਹਿਣੀ ਅੰਦਰ ਇਕ ਹੋਰ ਫ਼ਰਕ ਵੀ ਆਇਆ। ਪਹਿਲੇ ਚਾਰ ਗੁਰੂ ਸਾਹਿਬਾਨ ਦੀ ਇਕ ਇਕ ਸ਼ਾਦੀ ਸੀ। ਪੰਜਵੇਂ ਗੁਰੂ ਮਹਾਰਾਜ ਦੇ ਪਹਿਲੇ ਮਹਿਲ ਜੋਤੀ ਜੋਤ ਸਮਾ ਗਏ, ਤਾਂ ਮਾਤਾ ਭਾਨੀ ਤੇ ਸਮੂਹ ਸੰਗਤਾਂ ਦੇ ਜ਼ੋਰ ਦੇਣ ਉਤੇ ਹਜ਼ੂਰ ਨੇ ਦੂਸਰਾ ਵਿਆਹ ਕਰਵਾਇਆ। ਦੂਸਰੀ ਸ਼ਾਦੀ ਵਿਚੋਂ ਸਾਹਿਬਜ਼ਾਦਾ ਹਰਿਗੋਬਿੰਦ ਸਾਹਿਬ ਹੋਏ।

ਗੁਰੂ ਹਰਿਗੋਬਿੰਦ ਸਾਹਿਬ ਜੀ ਦੀਆਂ ਤਿੰਨ ਸ਼ਾਦੀਆਂ ਸਨ। ਹਜ਼ੂਰ ਦਾ ਪਹਿਲਾ ਵਿਆਹ, ਗੁਰੂ ਅਰਜਨ ਦੇਵ ਜੀ ਦੇ ਸਮੇਂ ਹੀ, ਮਾਘ ਸੁਦੀ ਸੱਤ, ੧੬੬੧ ਬਿ: ਨੂੰ ਪਿੰਡ ਡੱਲਾ ਦੇ ਰਹਿਣ ਵਾਲੇ ਭਾਈ ਨਾਰਾਇਣ ਦਾਸ ਦੀ ਪੁੱਤਰੀ ਦਮੋਦਰੀ ਜੀ ਨਾਲ ਹੋਇਆ। ਮਾਤਾ ਦਮੋਦਰੀ ਜੀ ਦੇ ਘਰ ਬਾਬਾ ਗੁਰਦਿੱਤਾ ਜੀ (ਕੱਤਕ ਸੁਦੀ ੧੫, ੧੬੭੦ ਬਿ.), ਬੀਬੀ ਵੀਰੋ ਜੀ (੧੬੭੨ ਬਿ:) ਤੇ ਬਾਬਾ ਅਣੀਰਾਏ ਜੀ (ਮਾਘ ੧੬੭੫ ਬਿ:) ਹੋਏ।

ਮਾਤਾ ਦਮੋਦਰੀ ਜੀ ੧੧ ਮੱਘਰ, ੧੬੮੮ ਬਿ: ਨੂੰ ਭਾਈ ਕੀ ਡਰੋਲੀ ਵਿਚ ਸੁਰਗਵਾਸ ਹੋਏ ।

ਛੇਵੇਂ ਪਾਤਸ਼ਾਹ ਦੇ ਦੂਸਰੇ ਮਹਿਲ (ਮਾਤਾ) ਨਾਨਕੀ ਜੀ ਸਨ। ਆਪ ਨੱਗਰ (ਬਾਬਾ) ਬਕਾਲਾ ਦੇ ਵਸਨੀਕ ਭਾਈ ਹਰੀਚੰਦ ਦੀ ਸਪੁੱਤਰੀ ਸਨ। ਆਪ ਜੀ ਦਾ ਵਿਆਹ ਗੁਰੂ ਹਰਿਗੋਬਿੰਦ ਸਾਹਿਬ ਨਾਲ ੮ ਵਿਸਾਖ, ੧੬੭੦ ਬਿ: ਨੂੰ ਹੋਇਆ। ਮਾਤਾ ਨਾਨਕੀ ਦੇ ਘਰ ਦੋ ਸਾਹਿਬਜ਼ਾਦੇ ਬਾਬਾ ਅਟੱਲ ਰਾਏ (੧੬੭੬ ਬਿ:) ਤੇ (ਗੁਰੂ) ਤੇਗ ਬਹਾਦਰ ਜੀ (ਪੰਜ ਵਿਸਾਖ, ੧੬੭੮ ਬਿ:) ਪਰਗਟ ਹੋਏ।

ਮਾਤਾ ਨਾਨਕੀ ਜੀ ੧੭੪੫ ਬਿ: ਵਿਚ ਜੋਤੀ ਜੋਤ ਸਮਾਏ।

ਛੇਵੇਂ ਪਾਤਸ਼ਾਹ ਦਾ ਤੀਸਰਾ ਵਿਆਹ ੧੧ ਸਾਵਣ, ੧੬੭੨ ਬਿ: ਨੂੰ, ਨੱਗਰ ਮੰਡਿਆਲੀ ਦੇ ਵਾਸੀ ਭਾਈ ਦਇਆ ਰਾਮ ਮਰਵਾਹੇ ਖੱਤਰੀ ਦੀ ਸਪੁੱਤਰੀ ਮਹਾਂਦੇਵੀ ਜੀ ਨਾਲ ਹੋਇਆ। ਮਾਪਿਆਂ ਦੀ ਗੋਤ ਦੇ ਆਧਾਰ 'ਤੇ ਸੰਗਤਾਂ ਉਹਨਾਂ ਨੂੰ ਮਾਤਾ ਮਰਵਾਹੀ ਕਹਿਕੇ ਬੁਲਾਇਆ ਕਰਦੀਆਂ ਸਨ। ਮਾਤਾ ਮਰਵਾਹੀ ਦੇ ਘਰ ਸੂਰਜ ਮੱਲ ਜੀ ੧੬੭੪ ਬਿ: ਵਿਚ ਪਰਗਟ ਹੋਏ। ੧੭੦੨ ਬਿ: ਵਿਚ ਮਾਤਾ ਮਰਵਾਹੀ ਜੀ ਕੀਰਤਪੁਰ ਵਿਚ ਜੋਤੀ ਜੋਤ ਸਮਾਏ।

ਸਿੱਖ ਇਤਿਹਾਸ ਵਿਚ ਇਹ ਵੀ ਇਕ ਤਬਦੀਲੀ ਸੀ। ਇਸਦੇ ਅਸੀਂ ਤਿੰਨ ਵੱਡੇ ਕਾਰਨ ਸਮਝ ਸਕਦੇ ਹਾਂ। ੧. ਉਸ ਵੇਲੇ ਬਹੁਤੇ ਵਿਆਹ ਕਰਾਉਣ ਦਾ ਰਵਾਜ ਸੀ। ਸਗੋਂ ਬਹੁਤੇ ਵਿਆਹ ਵਡੱਪਣ ਦੀ ਨਸ਼ਾਨੀ ਸਮਝੇ ਜਾਂਦੇ ਸਨ। ੨. ਹਿੰਦੂ ਰਿਸ਼ੀਆਂ ਤੇ ਮੁਸਲਮ ਪੀਰਾਂ ਨੂੰ ਉਹਨਾਂ ਦੇ ਮੁਰੀਦ ਸ਼ਰਧਾ ਨਾਲ ਡੋਲੇ ਭੇਟ ਕਰਿਆ ਕਰਦੇ ਸਨ। ਇਸ ਵਿਚ ਮੁਰੀਦ ਆਪਣੀ ਕਲਿਆਣ ਸਮਝਦੇ ਸਨ। ਰਾਜਿਆਂ ਤੇ ਬਾਦਸ਼ਾਹਾਂ ਨੂੰ ਡੋਲੇ ਭੇਟ ਕਰਨ ਦਾ ਵੀ ਰਵਾਜ ਸੀ। ੩. ਸਿੱਖ ਸ਼ਰਧਾਲੂਆਂ ਦੀ ਸ਼ਰਧਾ ਤੇ ਸੰਗਤ ਦਾ ਜ਼ੋਰ ਦੇਣਾ। ਕਈ ਵਾਰ ਸ਼ਰਧਾ ਨਾਲ ਸਿੱਖ ਆਪਣੇ ਅਸਥਾਨ 'ਤੇ ਹੀ ਸੰਗਤ ਵਿਚ ਅਰਦਾਸ ਕਰ ਦੇਂਦੇ, ਤੇ ਫਿਰ ਜਵਾਨ ਹੋਈ ਕੰਨਿਆਂ ਨੂੰ ਨਾਲ ਲੈ ਕੇ ਗੁਰੂ ਮਹਾਰਾਜ ਪਾਸ ਹਾਜ਼ਰ ਹੁੰਦੇ। ਜਿਵੇਂ ਦਸਵੇਂ ਗੁਰੂ ਜੀ ਦੇ ਸਮੇਂ ਮਾਤਾ ਸਾਹਿਬ ਦੇਵਾਂ ਜੀ ਦੀ ਘਟਨਾ ਹੋਈ। ਸਭ ਤੋਂ ਵਧੇਰੇ ਏਹਾ ਕਾਰਨ ਪਰਤੀਤ ਹੁੰਦਾ ਹੈ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਵੀ ਆਪਣੇ ਸਾਹਿਬਜ਼ਾਦਿਆਂ ਨੂੰ ਅੱਖਰੀ

ਵਿੱਦਿਆ ਦੇ ਨਾਲ ਨਾਲ ਬਚਪਨ ਤੋਂ ਹੀ ਸ਼ਸਤਰ ਵਿੱਦਿਆ ਦੇਣੀ ਜ਼ਰੂਰੀ ਸਮਝੀ। ਪੈਂਦੇ ਖ਼ਾਨ ਨਾਲ ਹੋਈ ਜੰਗ ਵਿਚ ਇਸਦਾ ਪਰਤੱਖ ਸਬੂਤ ਮਿਲ ਜਾਂਦਾ ਹੈ। ਬਾਬਾ ਗੁਰਦਿਤਾ ਜੀ ਤੇ ਗੁਰੂ ਤੇਗ ਬਹਾਦਰ ਜੀ ਉਸ ਲੜਾਈ ਵਿਚ ਬੜੇ ਸੂਰਮਿਆਂ ਵਾਂਗ ਲੜੇ ਸਨ।

ਇਹ ਸੀ ਗੁਰੂ ਤੇਗ ਬਹਾਦਰ ਸਾਹਿਬ ਦੇ ਜੱਦੀ ਵਿਰਸੇ ਉਤੇ ਇਕ ਸਰਸਰੀ ਝਾਤ। ਤੇ ਇਸ ਵਡਮੁੱਲੇ ਵਿਰਸੇ ਨੂੰ ਨੌਵੇਂ ਗੁਰੂ ਨੇ ਆਪਣੀ ਅਨੋਖੀ ਕਰਨੀ ਨਾਲ ਹੋਰ ਉਜਾਗਰ ਕੀਤਾ ਹੈ।

# ਜਨਮ ਤੋਂ ਵਿਆਹ ਤਕ

ਗੁਰੂ ਤੇਗ ਬਹਾਦਰ ਸਾਹਿਬ ਮੂਲ ਨਛੱਤ੍ਰ, ਪਰਿਘ ਯੋਗ ਵਿਚ, ਵਿਸ਼ਾਖ ਵਦੀ ਪੰਜ, ਮਿਤੀ ਵਿਸਾਖ ਪੰਜ, ਸੰਮਤ ੧੬੭੮ ਬਿ. (ਇਕ ਅਪ੍ਰੈਲ, ੧੬੨੧ ਈ.) ਨੂੰ ਗੁਰੂ ਕੇ ਮਹਿਲ ਅੰਮ੍ਰਿਤਸਰ ਵਿਖੇ ਮਾਤਾ ਨਾਨਕੀ ਜੀ ਦੇ ਘਰ ਪਰਗਟ ਹੋਏ। ਆਪ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ।

ਸਾਹਿਬਜ਼ਾਦੇ ਦੇ ਜਨਮ 'ਤੇ ਸਾਰੇ ਸ਼ਹਿਰ ਵਿਚ ਸਿੱਖ ਸੰਗਤਾਂ ਵੱਲੋਂ ਖ਼ੁਸ਼ੀਆਂ ਮਨਾਈਆਂ ਗਈਆਂ। ਹਰਿ ਮੰਦਰ ਸਾਹਿਬ ਕੜਾਹ ਪਰਸਾਦ ਦੀ ਉਚੇਚੀ ਦੇਗ ਚੜ੍ਹਾਈ ਗਈ। ਗੁਰੂ ਮਹਾਰਾਜ ਨੇ ਗਰੀਬਾਂ ਨੂੰ ਧਨ ਤੇ ਬਸਤਰ ਆਦਿ ਦਿਤੇ। ਮਾਤਾ ਨਾਨਕੀ ਜੀ ਖ਼ੁਸ਼ੀ ਵਿਚ ਫੂਲੇ ਨਹੀਂ ਸਨ ਸਮਾਉਂਦੇ। ਉਹਨਾਂ ਦੇ ਘਰ ਇਹ ਦੂਸਰਾ ਸਾਹਿਬਜ਼ਾਦਾ ਪਰਗਟਿਆ ਸੀ। ਮਾਂ ਦੀ ਮਮਤਾ ਸਦਾ ਪੁੱਤਰਾਂ ਦੀਆਂ ਜੋੜੀਆਂ ਮੰਗਦੀ ਹੈ। ਮਾਤਾ ਨਾਨਕੀ ਜੀ ਦੀ ਇਹ ਰੀਝ ਪੂਰੀ ਹੋ ਗਈ। ਬਾਬਾ ਅਟੱਲ ਰਾਏ ਜੀ ਉਸ ਵੇਲੇ ਦੋ ਸਾਲ ਦੇ ਸਨ।

## ਬਚਪਨ

ਗੁਰੂ ਘਰ ਪਰਗਟ ਹੋਣ ਵਾਲੇ ਸਾਹਿਬਜ਼ਾਦਿਆਂ ਦੀ ਪਾਲਣਾ ਰਾਜਕੁਮਾਰਾਂ ਵਾਂਗ ਹੁੰਦੀ ਸੀ। ਸੰਗਤਾਂ ਜਿੱਥੇ ਗੁਰੂ ਮਹਾਰਾਜ ਨੂੰ 'ਸੱਚਾ ਪਾਤਸ਼ਾਹ' ਕਹਿੰਦੀਆਂ ਸਨ, ਓਥੇ ਸਾਹਿਬਜ਼ਾਦਿਆਂ ਦੀ ਪੂਜਾ ਟਹਿਲ ਵੀ ਓਸੇ ਭਾਵਨਾ ਨਾਲ ਕਰਦੀਆਂ ਸਨ। (ਗੁਰੂ) ਤੇਗ ਬਹਾਦਰ ਜੀ ਦੀ ਪਾਲਣਾ ਵੀ ਓਸੇ ਤਰਾਂ ਹੋਈ। ਮਾਤਾ ਨਾਨਕੀ ਜੀ ਦੀਆਂ ਦਾਸੀਆਂ ਹਰ ਵੇਲੇ ਸਾਹਿਬਜ਼ਾਦੇ ਨੂੰ ਗੋਦੀ ਵਿਚ ਖਿਡਾਉਂਦੀਆਂ

ਫਿਰਦੀਆਂ । ਰੋਜ਼ ਸਵੇਰੇ ਇਸ਼ਨਾਨ ਕਰਾ ਕੇ ਨਵੇਂ ਬਸਤਰ ਬਦਲੇ ਜਾਂਦੇ । ਵੱਡੇ ਭਰਾਵਾਂ ਵਾਂਗ ਹਜ਼ੂਰ ਦੇ ਸੀਸ 'ਤੇ ਵੀ ਕਲਗੀ ਸਜਾਈ ਜਾਂਦੀ ਤੇ ਸਮੇਂ ਦੇ ਰਵਾਜ ਅਨੁਸਾਰ ਕੀਮਤੀ ਜ਼ੇਵਰ ਪਹਿਨਾਏ ਜਾਂਦੇ ।

ਹਜ਼ੂਰ ਦੀਆਂ ਬਚਪਨ ਦੀਆਂ ਸਾਖੀਆਂ 'ਤੇ ਵਿਚਾਰ ਕਰੀਏ, ਤਾਂ ਆਪ ਜੀ ਦਾ ਸੁਭਾਉ ਵਧੇਰੇ ਗੁਰੂ ਨਾਨਕ ਦੇਵ ਜੀ ਨਾਲ ਮਿਲਦਾ ਸੀ । ਉਸੇ ਤਰ੍ਹਾਂ ਸੰਜੀਦਾ ਚਿਹਰਾ ਤੇ ਸ਼ਾਂਤ ਸੁਭਾਉ ।

੨੧ ਵਿਸਾਖ, ੧੬੮੧ ਬਿ. ਨੂੰ ਬਾਬਾ ਗੁਰਦਿੱਤਾ ਜੀ ਦਾ ਵਿਆਹ ਹੋਇਆ । ਘਰ ਵਿਚ ਇਹ ਪਹਿਲਾ ਸਾਰਥ ਸੀ । (ਗੁਰੂ) ਤੇਗ ਬਹਾਦਰ ਜੀ ਉਦੋਂ ਤਿੰਨ ਸਾਲ ਦੇ ਸਨ । ਮਾਤਾ ਨਾਨਕੀ ਜੀ ਨੇ ਉਹਨਾਂ ਨੂੰ ਬਹੁਤ ਸੁੰਦਰ ਬਸਤਰ, ਤੇ ਗਹਿਣੇ ਪਹਿਨਾਏ ।

ਪਰ ਆਪ ਜੀ ਨੂੰ ਕਿਸੇ ਵਸਤੂ ਨਾਲ ਮੋਹ ਨਹੀਂ ਸੀ । ਇਕ ਗ਼ਰੀਬ ਬ੍ਰਹਿਮਣ ਨੇ ਹਜ਼ੂਰ ਅੱਗੇ ਹੱਥ ਫੈਲਾ ਕੇ ਇਹ ਵਸਤਾਂ ਮੰਗੀਆਂ, ਤਾਂ ਆਪ ਨੇ ਗਹਿਣੇ ਤੇ ਬਸਤਰ ਉਤਾਰ ਕੇ ਉਸਨੂੰ ਦੇ ਦਿਤੇ ।[1] ਏਸੇ ਤਰ੍ਹਾਂ ਇਕ ਵਾਰ ਹਜ਼ੂਰ ਆਪਣੇ ਬਸਤਰ ਉਤਾਰ ਕੇ ਇਕ ਡੂੰਮ ਨੂੰ ਦੇ ਆਏ । ਜਿਹੜੀ ਚੀਜ਼ ਹਜ਼ੂਰ ਕੋਲ ਹੁੰਦੀ, ਸਵਾਲੀ ਦੇ ਮੰਗਣ ਉਤੇ ਆਪ ਬਿਨਾਂ ਝਿਜਕ ਉਸਨੂੰ ਦੇ ਦੇਂਦੇ । ਛੇਵੇਂ ਪਾਤਸ਼ਾਹ ਇਹ ਕੌਤਕ ਵੇਖ ਕੇ ਕਈ ਵਾਰ ਫ਼ੁਰਮਾਇਆ ਕਰਦੇ, "ਇਹ ਮਹਾਂਪੁਰਸ਼ 'ਗ੍ਰਿਸਤ ਵਿਚ ਉਦਾਸ' ਦਾ ਧਾਰਨੀ ਹੋਵੇਗਾ ।"

ਕਿਸੇ ਮਹਾਨ ਸ਼ਖ਼ਸੀਅਤ ਦੇ ਨਿੱਜੀ ਸੁਭਾਉ ਬਾਰੇ ਫ਼ੈਸਲਾ ਕਰਨ ਲੱਗਿਆਂ ਉਹਨਾਂ ਦਾ ਜੀਵਨ ਚਰਿੱਤਰ ਤੇ ਰਚਨਾ (ਜੇ ਕੋਈ ਹੋਵੇ) ਨੂੰ ਸਾਮ੍ਹਣੇ ਰਖਣਾ ਜ਼ਰੂਰੀ ਹੈ । ਹਜ਼ੂਰ ਦੀ ਬਾਣੀ ਤੇ ਜੀਵਨ ਦੀਆਂ ਘਟਨਾਵਾਂ ਨੂੰ ਮੁਖ ਰੱਖ ਕੇ ਅਸੀਂ ਕਹਿ ਸਕਦੇ ਹਾਂ, ਕਿ (ਗੁਰੂ) ਤੇਗ ਬਹਾਦਰ ਜੀ ਦਾ ਨਿੱਜੀ ਸੁਭਾਉ ਗੁਰੂ ਨਾਨਕ ਦੇਵ ਜੀ ਨਾਲ ਮਿਲਦਾ ਸੀ ।

---

1. ਤਵਾਰੀਖ਼ ਗੁਰੂ ਖ਼ਾਲਸਾ, ਗਿ. ਗਿਆਨ ਸਿੰਘ, (ਭਾਸ਼ਾ ਵਿਭਾਗ ਵੱਲੋਂ ਛਪੀ, ੧੯੭੦ ਈ. ਵਿਚ) ਪੰਨਾ ੬੪੦ ।

## ਵਿੱਦਿਆ

ਹਜ਼ੂਰ ਪੰਜ ਸਾਲ ਦੇ ਹੋਏ, ਤਾਂ ਦੂਸਰੇ ਸਾਹਿਬਜ਼ਾਦਿਆਂ ਵਾਂਗ ਅੱਖਰੀ ਵਿੱਦਿਆ ਦੇ ਨਾਲ ਆਪ ਜੀ ਦੀ ਸ਼ਸਤਰ ਵਿੱਦਿਆ ਦਾ ਪਰਬੰਧ ਵੀ ਕਰ ਦਿਤਾ ਗਿਆ ।

ਆਪ ਅੰਮ੍ਰਿਤ ਵੇਲੇ ਉਠਕੇ ਇਸ਼ਨਾਨ ਕਰਦੇ । ਮਾਤਾ ਨਾਨਕੀ ਜੀ ਆਪਣੇ ਦੋਹਾਂ ਸਾਹਿਬਜ਼ਾਦਿਆਂ (ਬਾਬਾ ਅਟੱਲ ਰਾਏ ਤੇ ਬਾਬਾ ਤੇਗ ਬਹਾਦਰ ਜੀ) ਨੂੰ ਸੁੰਦਰ ਬਸਤਰ ਪਹਿਨਾ ਕੇ, ਦਸਤਾਰਾਂ ਉਤੇ ਕਲਗੀਆਂ ਸਜਾ ਕੇ ਹਰਿਮੰਦਰ ਸਾਹਿਬ ਮੱਥਾ ਟਿਕਾਉਣ ਲੈ ਜਾਂਦੇ । ਓਥੇ ਅਰਦਾਸਾ ਹੋਣ ਤੋਂ ਪਿਛੋਂ ਪਰਸਾਦ ਲੈ ਕੇ ਮਾਤਾ ਜੀ ਸਾਹਿਬਜ਼ਾਦਿਆਂ ਸਣੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨ ਪਰਸਦੇ ਤੇ ਉਹਨਾਂ ਦਾ ਅਸ਼ੀਰਵਾਦ ਲੈ ਕੇ, ਘਰ ਆਕੇ ਆਪਣੇ ਹੱਥੀਂ ਪਰਸ਼ਾਦ ਛਕਾਉਂਦੇ । ਫਿਰ ਦੋਵੇਂ ਭਰਾ ਬਾਕੀ ਸਾਹਿਬਜ਼ਾਦਿਆਂ ਨਾਲ ਮਿਲਕੇ ਭਾਈ ਗੁਰਦਾਸ ਜੀ ਪਾਸੋਂ ਗੁਰਮੁਖੀ ਪੜ੍ਹਨ ਜਾ ਬੈਠਦੇ । ਭਾਈ ਗੁਰਦਾਸ ਜੀ ਉਹਨਾਂ ਨੂੰ ਗੁਰਬਾਣੀ ਪੜਾਉਂਦੇ ਤੇ ਸਿੱਖ ਇਤਿਹਾਸ ਵਿਚੋਂ ਸਾਖੀਆਂ ਸੁਣਾਉਂਦੇ । ਪਿਛਲੇ ਪਹਿਰ ਕੁਛ ਹੋਰ ਸਿੱਖ ਬਾਲਕਾਂ ਨਾਲ ਮਿਲਕੇ ਆਪ ਤਲਵਾਰ ਤੇ ਤੀਰ ਆਦਿ ਚਲਾਉਣੇ ਸਿੱਖਦੇ ।

## ਬਾਬਾ ਅਟੱਲ ਰਾਏ ਜੀ ਸਮਾਏ

ਜ਼ਿੰਦਗੀ ਵਿਚ ਸਭ ਤੋਂ ਪਹਿਲੀ ਘਟਨਾ, ਜਿਸਨੇ ਹਜ਼ੂਰ ਦੇ ਕੋਮਲ ਹਿਰਦੇ ਉਤੇ ਬਹੁਤ ਅਸਰ ਕੀਤਾ, ਬਾਬਾ ਅਟੱਲ ਰਾਏ ਜੀ ਦੇ ਜੋਤੀ ਜੋਤ ਸਮਾਉਣ ਦੀ ਸੀ । ਸਿੱਖ ਇਤਿਹਾਸ ਵਿਚ ਇਹ ਸਾਖੀ ਇਉਂ ਪਰਚਲਤ ਹੈ । ਬਾਬਾ ਅਟੱਲ ਰਾਏ ਜੀ ਓਦੋਂ ਨੌਂ ਸਾਲ ਦੇ ਸਨ । ਆਪ ਹਾਣੀਆਂ ਨਾਲ ਖੁੱਦੋ ਖੂੰਡੀ ਖੇਡ ਰਹੇ ਸਨ । ਸ਼ਾਮ ਪੈ ਗਈ, ਤਾਂ ਖੇਡ ਬੰਦ ਕਰਦਿਆਂ ਬਾਬਾ ਜੀ ਨੇ ਸੋਨੀ ਖੱਤਰੀ ਗੁਰਮੁਖ ਦੇ ਪੁੱਤਰ ਮੋਹਨ ਨੂੰ ਕਿਹਾ, "ਲੈ ਭਈ ! ਬਾਜ਼ੀ ਤੇਰੇ ਸਿਰ ਹੈ । ਇਹ ਬਾਜ਼ੀ ਭਲਕੇ ਦੇਣੀ ਹੋਵੇਗੀ । ਕੁਦਰਤ ਦਾ ਭਾਣਾ, ਰਾਤ ਮੋਹਨ ਨੂੰ ਸੱਪ ਲੜ ਗਿਆ, ਜਿਸ ਕਾਰਨ ਉਸਦੀ ਮੌਤ ਹੋ ਗਈ । ਅਗਲੇ ਦਿਨ ਖੇਡ ਸ਼ੁਰੂ ਹੋਣ ਉਤੇ ਮੋਹਨ ਨਾ ਆਇਆ, ਤਾਂ ਬਾਬਾ ਜੀ ਕੁਝ ਹੋਰ ਸਾਥੀ ਬਾਲਾਂ ਸਣੇ ਉਹਦੇ ਘਰ

ਜਾਂ ਪਹੁੰਚੇ। ਬਾਬਾ ਜੀ ਨੂੰ ਵੇਖ ਕੇ ਘਰ ਦੇ ਜੀ ਸਤਕਾਰ ਵਜੋਂ ਚੁੱਪ ਹੋ ਗਏ। ਬਾਬਾ ਜੀ ਦੇ ਪੁੱਛਣ 'ਤੇ, ਕਿ ਮੋਹਨ ਕਿੱਥੇ ਹੈ, ਮਾਂ ਨੇ ਉਸ ਮੰਜੇ ਵੱਲ ਹੱਥ ਕਰ ਦਿਤਾ, ਜਿੱਥੇ ਮੋਹਨ ਚਿੱਟੀ ਚਾਦਰ ਥੱਲੇ ਢਕਿਆ ਪਿਆ ਸੀ। ਬਾਬਾ ਜੀ ਨੇ ਨੇੜੇ ਜਾ ਕੇ ਭੋਲੇ-ਭਾੱ ਬਚਨ ਕੀਤਾ, 'ਮੋਹਨ! ਹੁਣ ਬਾਜ਼ੀ ਦੇਣ ਦਾ ਮਾਰਿਆ ਘੇਸਲ ਵੱਟ ਕੇ ਪੈ ਗਿਆ ਏਂ? ਚਲ ਉਠ, ਸਾਡੀ ਬਾਜੀ ਦਿਹ।' ਨਾਲ ਹੀ ਬਾਬਾ ਜੀ ਨੇ ਉਹਦੇ ਗਲ ਨੂੰ ਖੂੰਡੀ ਪਾ ਕੇ ਖਿਚ ਲਿਆ। ਕੁਦਰਤ ਦੇ ਰੰਗ, ਮੋਹਨ ਨਵਾਂ ਨਰੋਆ ਉਠ ਬੈਠਾ, ਤੇ ਬਾਬਾ ਜੀ ਨਾਲ ਖੇਡਣ ਤੁਰ ਗਿਆ।

ਇਹ ਖ਼ਬਰ ਗੁਰੂ ਹਰਿਗੋਬਿੰਦ ਸਾਹਿਬ ਤਕ ਵੀ ਪਹੁੰਚ ਗਈ। ਨਿਯਮ ਅਨੁਸਾਰ ਬਾਬਾ ਜੀ ਮਹਾਰਾਜ ਨੂੰ ਮੱਥਾ ਟੇਕਣ ਗਏ, ਤਾਂ ਗੁਰੂ ਸਾਹਿਬ ਨੇ ਕੁਛ ਰੋਸ ਨਾਲ ਫ਼ੁਰਮਾਇਆ, 'ਅਟੱਲ ਰਾਏ! ਕਰਾਮਾਤ ਵਿਖਾਉਣ ਦਾ ਅਰਥ ਹੈ ਈਸ਼ਵਰ ਦੀ ਬਰਾਬਰੀ। ਸਾਡੇ ਪਿਤਾ ਜੀ ਨੇ ਪ੍ਰਾਣ ਦੇ ਦਿੱਤੇ ਸਨ, ਪਰ ਕਰਾਮਾਤ ਨਹੀਂ ਸੀ ਵਿਖਾਈ। ਤੁਸਾਂ ਰੱਬ ਦੀ ਬਰਾਬਰੀ ਕੀਤੀ ਹੈ। ਹੁਣ ਜਾਂ ਅਸੀਂ ਸੰਸਾਰ ਵਿਚ ਰਹਿ ਸਕਦੇ ਹਾਂ, ਜਾਂ ਤੁਸੀਂ। ਬੋਲੋ। ਕੀ ਸਲਾਹ ਹੈ?''

ਬਾਬਾ ਅਟੱਲ ਜੀ ਨੇ ਹੱਥ ਜੋੜ ਕੇ ਚਰਨਾਂ 'ਤੇ ਮੱਥਾ ਟੇਕਿਆ, ਤੇ ਬੜੀ ਆਜਜ਼ੀ ਨਾਲ ਕਿਹਾ, ''ਮਹਾਰਾਜ! ਭੁੱਲ ਹੋ ਗਈ। ਆਪ ਗੁਰੂ ਨਾਨਕ ਦਾ ਸਰੂਪ ਦੀਨ ਦੁਨਿਆਂ ਦੇ ਮਾਲਕ ਹੋ। ਆਪ ਆਪਣੀਆਂ ਜ਼ਿੰਮੇਵਾਰੀਆਂ ਨਿਭਾਉ, ਅਸੀਂ ਜਾਂਦੇ ਹਾਂ।''

ਹਰਿਮੰਦਰ ਸਾਹਿਬ ਤੋਂ ਥੋੜੀ ਦੂਰ ਜੰਗਲ ਸੀ। ਬਾਬਾ ਅਟੱਲ ਜੀ ਓਥੇ ਚਾਦਰ ਤਾਣ ਕੇ ਲੇਟ ਗਏ ਤੇ ਜੋਤੀ ਜੋਤ ਸਮਾ ਗਏ। ਇਹ ਘਟਨਾ ਅੱਸੂ ਵਦੀ ੧੦, ੧੬੮੫ ਬਿ: ਦੀ ਹੈ। ਉਸ ਥਾਂ ਉਤੇ ਇਸ ਵੇਲੇ ਨੌ ਮਨਜ਼ਲਾ ਗੁਰਦੁਆਰਾ 'ਬਾਬਾ ਅਟੱਲ' ਨਾਮ ਨਾਲ ਸੁਸ਼ੋਭਤ ਹੈ।

## ਗੁਰੂ ਤੇਗ ਬਹਾਦਰ ਜੀ ਦੇ ਮਨ 'ਤੇ ਅਸਰ

(ਗੁਰੂ) ਤੇਗ ਬਹਾਦਰ ਜੀ ਦੇ ਦਿਲ 'ਤੇ ਇਸ ਘਟਨਾ ਦਾ ਬਹੁਤ ਅਸਰ ਹੋਇਆ। ਹਜ਼ੂਰ ਦੀ ਉਮਰ ਉਸ ਵੇਲੇ ਸੱਤ ਸਾਲ ਦੀ ਸੀ। ਮਾਤਾ ਨਾਨਕੀ ਜੀ ਦੇ ਕੋਮਲ ਹਿਰਦੇ ਉਤੇ ਬੜੀ ਚੋਟ ਲੱਗੀ। ਕਿਸੇ ਵੀ ਮਾਂ ਵਾਸਤੇ ਅਜਿਹਾ ਦੁੱਖ

ਅਸਹਿ ਹੁੰਦਾ ਹੈ। ਦੁੱਖ ਮਹਿਸੂਸ ਹੋਣਾ ਕੁਦਰਤੀ ਹੈ, ਪਰ ਦੁੱਖ ਨੂੰ ਭਾਣਾ ਮੰਨ ਕੇ ਜਰ ਜਾਣਾ ਬਹੁਤ ਵੱਡੀ ਵਡਿਆਈ ਹੈ। ਮਾਤਾ ਜੀ ਨੇ ਵੀ ਅਕਾਲ ਪੁਰਖ ਦਾ ਭਾਣਾ ਮਿੱਠਾ ਕਰਕੇ ਮੰਨ ਲਿਆ। ਪਰ ਉਹ ਬਹੁਤ ਉਦਾਸ ਰਹਿਣ ਲਗ ਪਏ। ਉਹਨਾਂ ਦੀ ਜੋੜੀ ਵਿਚ ਬੋੜ ਪੈ ਗਿਆ ਸੀ। ਇਕ ਦਿਨ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਉਹਨਾਂ ਨੂੰ ਸਮਝਾਇਆ ਤੇ ਨਿਰੰਕਾਰ ਦਾ ਭਾਣਾ ਖ਼ੁਸ਼ੀ ਨਾਲ ਮੰਨਣ ਦਾ ਉਪਦੇਸ਼ ਦਿਤਾ। ਮਾਤਾ ਨਾਨਕੀ ਜੀ ਨੇ ਅੱਗੋਂ ਸਿਰ ਝੁਕਾ ਕੇ ਕਿਹਾ, 'ਸੱਚੇ ਪਾਤਸ਼ਾਹ! ਉਸ ਦਾ ਭਾਣਾ 'ਤੇਰਾ ਕੀਆ ਮੀਠਾ ਲਾਗੈ' ਕਹਿਕੇ ਮੰਨ ਲਿਆ ਹੈ। ਪਰ ਮਾਂ ਹਿਰਦਾ ਸਹਿਜ ਸਹਿਜ ਧੀਰ ਧਰੇਗਾ। ਮੈਂ ਸੋਚਦੀ ਹਾਂ, ਮੇਰਾ ਅਟੱਲ ਬੜਾ ਅਜ਼ਮਤ ਵਾਲਾ ਸੀ, ਪਰ ਮੇਰਾ ਤੇਗ ਬਹਾਦਰ ਤਾਂ ਅਸਲੋਂ ਸਾਧੂ ਰੂਪ ਹੈ। ਵਾਹਵਾ! ਆਪ ਦੀ ਰਜ਼ਾ।"

## ਛੇਵੇਂ ਗੁਰੂ ਜੀ ਦੀ ਭਵਿੱਖ ਬਾਣੀ

"ਨਾਨਕੀ ਜੀ!" ਗੁਰੂ ਮਹਾਰਾਜ ਨੇ ਉਹਨਾਂ ਨੂੰ ਧੀਰਜ ਦੇਂਦਿਆਂ ਕਿਹਾ, "ਤੁਹਾਡਾ ਤੇਗ਼ ਬਹਾਦਰ ਕਿਸੇ ਦਿਨ ਹਿੰਦ ਦੀ ਚਾਦਰ ਕਹਿਲਾਏਗਾ। ਇਹ ਉਹ ਅਜ਼ਮਤ ਕਰ ਵਿਖਾਏਗਾ, ਜਹੋ ਜੇਹੀ ਸੰਸਾਰ ਵਿਚ ਕਦੇ ਕਿਸੇ ਨਾ ਕੀਤੀ ਹੋਵੇ।"

ਮਾਂ ਦੇ ਦਿਲ ਵਿਚ ਨਵੀਂਆਂ ਆਸਾਂ ਨੇ ਸਿਰ ਉਠਾਇਆ। ਉਹਨਾਂ ਹੱਥ ਜੋੜ ਕੇ ਕਿਹਾ, "ਸੱਚੇ ਪਾਤਸ਼ਾਹ! ਕੀ ਮੈਂ ਇਸਨੂੰ ਹਜ਼ੂਰ ਦਾ ਵਰ ਸਮਝਾਂ? ਕੀ ਮੇਰਾ ਤੇਗ ਬਹਾਦਰ ਕਦੇ ਗੁਰੂ ਨਾਨਕ ਦੀ ਗੱਦੀ 'ਤੇ ਬਹੇਗਾ? ਇਹ ਸਾਰੇ ਭਰਾਵਾਂ ਨਾਲੋਂ ਛੋਟਾ ਹੈ ਨਾਂ! ਇਸ ਲਈ ਬੇਨਤੀ ਕਰ ਰਹੀ ਹਾਂ। ਆਪ ਜੀ ਦੀ ਮੇਹਰ ਹੋਵੇ ਤਾਂ।"

ਗੁਰਦੇਵ ਨੇ ਬੜੀ ਸ਼ਾਂਤ ਸੁਰ ਵਿਚ ਉਤਰ ਦਿਤਾ, "ਨਾਨਕੀ ਜੀ! ਗੁਰੂ ਨਾਨਕ ਦੀ ਹਰ ਉਤੇ ਮੇਹਰ ਹੈ। ਜੋ ਘਾਲਣਾ ਘਾਲਦਾ ਹੈ, ਪਾ ਲੈਂਦਾ ਹੈ।"

ਇਹਨਾਂ ਵਾਕਾਂ ਨਾਲ ਮਾਤਾ ਨਾਨਕੀ ਜੀ ਦਾ ਹਿਰਦਾ ਬਹੁਤ ਹੱਦ ਤਕ ਸ਼ਾਂਤ ਹੋ ਗਿਆ। ਉਹ ਆਪਣ ਤੇਗ਼ ਬਹਾਦਰ ਵੱਲ ਇਕ ਟਕ ਵੇਖਦੇ ਰਹਿੰਦੇ। ਕਦੇ ਉਹ (ਗੁਰੂ) ਤੇਗ਼ ਬਹਾਦਰ ਵਿਚੋਂ ਆਪਣੇ ਅਟੱਲ ਰਾਏ ਨੂੰ ਵੇਖਦੇ, ਕਦੇ ਗੁਰੂ

ਨਾਨਕ ਦਾ ਸਰੂਪ ਤਕਦੇ ਤੇ ਕਦੇ ਗੁਰੂ ਅਰਜਨ ਦੇਵ ਜੀ ਦੇ ਦੀਦਾਰ ਕਰਦੇ।

ਸੱਤ ਸਾਲ ਦੇ (ਗੁਰੂ) ਤੇਗ ਬਹਾਦਰ ਕੇਈ ਵਾਰ ਮਾਤਾ ਜੀ ਨੂੰ ਪੁਛਦੇ, 'ਮਾਤਾ ਜੀ ! ਵੱਡੇ ਵੀਰ ਜੀ ਜੋਤੀ ਜੋਤ ਕਿਉਂ ਸਮਾ ਗਏ ਹਨ ? ਗੁਰੂ ਮਹਾਰਾਜ ਨੇ ਉਹਨਾਂ ਨੂੰ ਐਸਾ ਹੁਕਮ ਕਿਉਂ ਦਿਤਾ। ਮੇਰੇ ਦਾਦਾ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਕਿਵੇਂ ਹੋਈ ਸੀ ?''

ਅਜੇਹੇ ਪ੍ਰਸ਼ਨਾਂ ਦੇ ਉਤਰ ਮਾਤਾ ਨਾਨਕੀ ਜੀ ਪਹਿਰਾਂ ਬੱਧੀ ਆਪਣੇ ਸਾਹਿਬਜ਼ਾਦੇ ਨੂੰ ਸੁਣਾਉਂਦੇ ਰਹਿੰਦੇ। ਇਸ ਤਰ੍ਹਾਂ ਦੋਹਾਂ ਦੇ ਦਿਲਾਂ ਨੂੰ ਬੜੀ ਸ਼ਾਂਤੀ ਪਰਾਪਤ ਹੁੰਦੀ। ਗੁਰੂ ਅਰਜਨ ਦੇਵ ਜੀ ਦੀ ਸਾਖੀ ਸੁਣ ਕੇ (ਗੁਰੂ) ਤੇਗ ਬਹਾਦਰ ਜੀ ਬਹੁਤ ਹੀ ਪਰਭਾਵਤ ਹੁੰਦੇ। ਕੇਈ ਵਾਰ ਤਾਂ ਕਿੰਨਾ ਕਿੰਨਾ ਚਿਰ ਹਜ਼ੂਰ ਨੇਤਰ ਬੰਦ ਕਰਕੇ ਇਉਂ ਬੈਠੇ ਰਹਿੰਦੇ, ਜਿਵੇਂ ਕੋਈ ਮਹਾਨ ਤਪੱਸਵੀ ਲਿਵ-ਲੀਨ ਹੋਵੇ। ਫਿਰ ਕਈ ਕਈ ਦਿਨ ਆਪ ਨਾ ਕੁਛ ਖਾਂਦੇ ਨਾ ਪੀਂਦੇ, ਤੇ ਨਾ ਹੀ ਕਿਸੇ ਨਾਲ ਕੁਛ ਖੁੱਲ੍ਹ ਕੇ ਬੋਲਦੇ।

## ਅੰਮ੍ਰਿਤਸਰ ਛੱਡਣਾ

ਅੰਮ੍ਰਿਤਸਰ ਦੀ ਲੜਾਈ ਤਕ ਛੇਵੇਂ ਗੁਰੂ ਜੀ ਦਾ ਸਾਰਾ ਪਰਵਾਰ ਅੰਮ੍ਰਿਤਸਰ ਹੀ ਰਿਹਾ। ਐਨ ਵਿਆਹ ਦੇ ਸਮੇਂ ਵੈਰੀ ਨੇ ਅੰਮ੍ਰਿਤਸਰ ਉਤੇ ਹਮਲਾ ਕਰ ਦਿਤਾ। ਗੁਰੂ ਕੇ ਯੋਧੇ ਮਰਦਾਂ ਵਾਂਗ ਵੈਰੀ ਸਾਮ੍ਹਣੇ ਛਾਤੀਆਂ ਡਾਹ ਖਲੇ। ੨੫ ਜੇਠ, ੧੬੮੫ ਬਿ: ਨੂੰ ਸਾਰਾ ਦਿਨ ਲੜਾਈ ਹੁੰਦੀ ਰਹੀ। ਕੁਛ ਸਿੱਖ ਗੁਰੂ ਕੇ ਹੁਕਮ ਨਾਲ ਗੁਰੂ ਗ੍ਰੰਥ ਸਾਹਿਬ ਦੀ ਬੀੜ ਤੇ ਗੁਰੂ ਕੇ ਪਰਵਾਰ ਨੂੰ ਨਾਲ ਲੈ ਕੇ ਤੜਕੇ ਹੀ ਅੰਮ੍ਰਿਤਸਰੋਂ ਨਿਕਲ ਕੇ ਝਬਾਲ ਜਾ ਪਹੁੰਚੇ। ਉਥੇ ਹੀ ਅਗਲੇ ਦਿਨ ਬੀਬੀ ਵੀਰੋ ਜੀ ਦਾ ਵਿਆਹ ਹੋਇਆ। ਵੈਰੀਆਂ ਉਤੇ ਫ਼ਤਹਿ ਪਰਾਪਤ ਕਰਕੇ ਰਾਤੋ ਰਾਤ ਗੁਰੂ ਮਹਾਰਾਜ ਵੀ ਉਸ ਸਮੇਂ ਤਕ ਝਬਾਲ ਪਹੁੰਚ ਗਏ ਸਨ।

## ਕਰਤਾਰ ਪੁਰ ਵਾਸਾ

ਵਿਆਹ ਤੋਂ ਵਿਹਲੇ ਹੋ ਕੇ ਗੁਰੂ ਮਹਾਰਾਜ ਸਣੇ ਪਰਵਾਰ ਕਰਤਾਰਪੁਰ (ਜਲੰਧਰ) ਆ ਟਿਕੇ। ਕਰਤਾਰਪੁਰ ਗੁਰੂ ਅਰਜਨ ਦੇਵ ਜੀ ਨੇ ੨੧ ਮੱਘਰ, ੧੬੫੦ ਬਿ: ਨੂੰ ਵਸਾਇਆ ਸੀ। ਗੁਰੂ ਅਰਜਨ ਦੇਵ ਜੀ ਦੀ ਰਚੀ ਅਸਲੀ ਬੀੜ

ਮਹਾਰਾਜ ਨਾਲ ਲੈ ਆਏ ਸਨ, ਜੋ ਉਸ ਤੋਂ ਪਿਛੋਂ ਅੱਜ ਤਕ ਕਰਤਾਰਪੁਰ ਹੀ ਹੈ।

## ਬਾਬਾ ਬੁੱਢਾ ਜੀ ਸੁਰਗਵਾਸ

ਕੁਛ ਪਰਵਾਰ ਨੂੰ ਕਰਤਾਰਪੁਰ ਹੀ ਛੱਡ ਕੇ ਛੇਵੇਂ ਪਾਤਸ਼ਾਹ ਦੁਆਬੇ ਦੇ ਪਿੰਡਾਂ ਵਿਚ ਸੈਰ ਕਰਦੇ ਰਿਆੜਕੀ ਹਰਿਗੋਬਿੰਦ ਪੁਰ ਜਾ ਬੈਠੇ। ਓਥੇ ਹਜ਼ੂਰ ਨੂੰ ਅੱਸੂ, ੧੬੮੭ ਬਿ: ਵਿਚ ਦੂਸਰੀ ਲੜਾਈ ਲੜਨੀ ਪਈ। ਉਸ ਜੰਗ ਵਿਚ ਫ਼ਤਹਿ ਪਰਾਪਤ ਕਰਕੇ ਗੁਰਦੇਵ ਬਾਬੇ ਬੁੱਢੇ ਕੋਲ ਰਮਦਾਸ ਜਾ ਬਿਰਾਜੇ। ਹਜ਼ੂਰ ਦੀ ਮੌਜੂਦਗੀ ਵਿਚ ਬਾਬਾ ਬੁੱਢਾ ਜੀ ਨੇ ੧੪ ਮੱਘਰ, ੧੬੮੮ ਬਿ: ਨੂੰ ਦਿਹ ਤਿਆਗੀ। ਗੁਰੂ ਮਹਾਰਾਜ ਨੇ ਆਪਣੇ ਹੱਥੀਂ ਬਾਬਾ ਬੁੱਢਾ ਜੀ ਦਾ ਅੰਤਮ ਸੰਸਕਾਰ ਕੀਤਾ।

## ਮਾਤਾ ਦਮੋਦਰੀ ਜੀ ਸਮਾਏ

ਓਥੋਂ ਚੱਲ ਕੇ ਮਹਾਰਾਜ ਕਰਤਾਰਪੁਰ ਹੁੰਦੇ ਹੋਏ ਡਰੋਲੀ ਜਾ ਬਿਰਾਜੇ। ਗੁਰੂ ਜੀ ਦੇ ਪਹਿਲੇ ਮਹਿਲ ਦਮੋਦਰੀ ਜੀ ਉਸ ਵੇਲੇ ਡਰੋਲੀ ਸਨ। ਮਹਾਰਾਜ ਦੇ ਚਰਨ ਪਰਸ ਕੇ ਉਹਨਾਂ ਕਿਹਾ, 'ਮੇਰੀ ਆਸ ਪੂਰੀ ਹੋਈ। ਮੈਂ ਆਪ ਜੀ ਦੇ ਚਰਨਾਂ ਵਿਚ ਪ੍ਰਾਣ ਤਿਆਗਣਾ ਚਾਹੁੰਦੀ ਸਾਂ। ਕਰਤਾਰ ਨੇ ਮੇਰੀ ਸੁਣ ਲਈ।' ਤੇ ਥੋੜੇ ਦਿਨ ਬੀਮਾਰ ਰਹਿ ਕੇ ਮਾਤਾ ਦਮੋਦਰੀ ਜੀ ਜੋਤੀ ਜੋਤ ਸਮਾ ਗਏ। ਉਹਨਾਂ ਦੀ ਸਮਾਧ ਡਰੋਲੀ ਭਾਈਕੀ ਵਿਚ ਮੌਜੂਦ ਹੈ।

## ਮਰ੍ਹਾਜ ਦੀ ਲੜਾਈ

ਓਥੋਂ ਚੱਲ ਕੇ ਮਹਾਰਾਜ ਪਿੰਡ ਮਰ੍ਹਾਜ ਦੇ ਨੇੜੇ ਨਥਾਣੇ ਦੀ ਢਾਬ ਉਤੇ ਜਾ ਬੈਠੇ। ਮਾਘ, ੧੬੮੮ ਬਿ: ਨੂੰ ਗੁਰਦੇਵ ਨੂੰ ਓਥੇ ਤੀਸਰੀ ਲੜਾਈ ਲੜਨੀ ਪਈ। ਪਹਿਲੀਆਂ ਦੋ ਲੜਾਈਆਂ ਵਾਂਗ ਇਸ ਲੜਾਈ ਵਿਚ ਵੀ ਵੈਰੀ ਦਲ ਦੇ ਸਾਰੇ ਹੀ ਨਾਮਵਰ ਜਰਨੈਲ ਮਾਰੇ ਗਏ।

ਕੁਛ ਦਿਨ ਹੋਰ ਮਾਲਵੇ ਦੇ ਪਿੰਡਾਂ ਵਿਚ ਗੁਜ਼ਾਰ ਕੇ ਮਹਾਰਾਜ ਫਿਰ ਕਰਤਾਰਪੁਰ ਆ ਗਏ।

## (ਗੁਰੂ) ਤੇਗ਼ ਬਹਾਦਰ ਜੀ ਦਾ ਵਿਆਹ

ਮਾਤਾ ਨਾਨਕੀ ਜੀ ਆਪਣੇ ਸਾਹਿਬਜ਼ਾਦੇ ਤੇ ਦਾਸ ਦਾਸੀਆਂ ਸਣੇ ਕਰਤਾਰਪੁਰ

ਹੀ ਰਹਿੰਦੇ ਰਹੇ ਸਨ। ਕਰਤਾਰਪੁਰ ਦੇ ਰਹਿਣ ਵਾਲੇ ਭਾਈ ਲਾਲ ਚੰਦ ਜੀ ਗੁਰੂ ਘਰ ਦੇ ਬਹੁਤ ਸ਼ਰਧਾਲੂ ਸਨ। ਉਹ ਸਾਰਾ ਪਰਵਾਰ ਮਾਤਾ ਨਾਨਕੀ ਜੀ ਦੀ ਬਹੁਤ ਸੇਵਾ ਕਰਿਆ ਕਰਦੇ ਸਨ। ਲਾਲ ਚੰਦ ਦੀ ਕੰਨਿਆਂ ਗੁਜਰੀ ਜੀ ਵੀ ਮਾਤਾ ਪਿਤਾ ਨਾਲ ਆ ਕੇ ਮਾਤਾ ਨਾਨਕੀ ਜੀ ਦੀ ਸੇਵਾ ਕਰਿਆ ਕਰਦੇ ਸਨ। ਉਹ ਮਾਤਾ ਨਾਨਕੀ ਜੀ ਨੂੰ ਬਹੁਤ ਪਿਆਰੇ ਲਗਦੇ ਸਨ। ਇਕ ਦਿਨ ਮਾਤਾ ਨਾਨਕੀ ਜੀ ਨੇ ਛੇਵੇਂ ਗੁਰੂ ਮਹਾਰਾਜ ਅੱਗੇ ਆਪਣੇ ਦਿਲ ਦੀ ਕਹਿ ਸੁਣਾਈ। ਓਧਰੋਂ ਗੁਜਰੀ ਜੀ ਦੇ ਮਾਤਾ ਪਿਤਾ ਨੇ ਵੀ ਮਹਾਰਾਜ ਅੱਗੇ ਬੇਨਤੀ ਕੀਤੀ। ਮਹਾਰਾਜ ਸਿੱਖ ਸ਼ਰਧਾਲੂਆਂ ਦੀ ਬੇਨਤੀ ਕਦੇ ਮੋੜਿਆ ਨਹੀਂ ਸਨ ਕਰਦੇ। ਆਪ ਲਾਲ ਚੰਦ ਦੀ ਬੇਨਤੀ ਸੁਣ ਕੇ ਬੜੇ ਪਰਸੰਨ ਹੋਏ। ਗੁਜਰੀ ਜੀ ਦਾ ਰਿਸ਼ਤਾ (ਗੁਰੂ) ਤੇਗ ਬਹਾਦਰ ਜੀ ਨਾਲ ਪੱਕਾ ਹੋ ਗਿਆ। ਦੋਹੀਂ ਘਰੀਂ ਵਿਆਹ ਦੀ ਤਿਆਰੀ ਹੋਣ ਲੱਗੀ। ੧੫ ਅੱਸੂ, ੧੬੮੯ ਬਿ: ਨੂੰ (ਗੁਰੂ) ਤੇਗ ਬਹਾਦਰ ਜੀ ਦਾ ਵਿਆਹ ਗੁਜਰੀ ਜੀ ਨਾਲ ਬੜੀ ਧੂਮ ਧਾਮ ਨਾਲ ਹੋਇਆ। (ਗੁਰੂ) ਤੇਗ ਬਹਾਦਰ ਜੀ ਦੀ ਉਮਰ ਉਸ ਸਮੇਂ ਸਾਢੇ ਗਿਆਰਾਂ ਸਾਲ ਦੀ ਸੀ। (ਮਾਤਾ) ਗੁਜਰੀ ਜੀ ਵੀ ਉਸ ਵੇਲੇ ਦਸ-ਗਿਆਰਾਂ ਸਾਲ ਦੇ ਹੀ ਸਨ। ਮਾਤਾ ਨਾਨਕੀ ਜੀ ਬਹੁਤ ਪਰਸੰਨ ਸਨ। ਸੁਨੱਖੀ ਤੇ ਸੁਚੱਜੀ ਨੋਂਹ ਪਾ ਕੇ ਉਹਨਾਂ ਦਾ ਘਰ ਭਰਿਆ ਭਰਿਆ ਜਾਪਦਾ ਸੀ।

## ਪੈਂਦੇ ਖ਼ਾਨ ਨਾਲ ਲੜਾਈ

ਪੈਂਦੇ ਖ਼ਾਨ ਦੀ ਲੜਾਈ ਤਕ ਛੇਵੇਂ ਪਾਤਸ਼ਾਹ ਕਰਤਾਰਪੁਰ ਹੀ ਰਹੇ। ਅੰਤ ਨਿਮਕ ਹਰਾਮ ਪੈਂਦੇ ਖ਼ਾਨ ਨਾਲ ਗੁਰੂ ਮਹਾਰਾਜ ਨੂੰ ਹੱਥੋ ਹੱਥ ਲੜਨਾ ਪਿਆ। ਜਿਸ ਹੱਥ ਨਾਲ ਮਹਾਰਾਜ ਉਸਨੂੰ ਬਖ਼ਸ਼ੀਸ਼ ਦਿਆ ਕਰਦੇ ਸਨ, ਅੰਤ ਓਸੇ ਨਾਲ ਉਸ ਉਤੇ ਤਲਵਾਰ ਚਲਾਉਣੀ ਪਈ। ਪੈਂਦੇ ਖ਼ਾਨ ਗੁਰੂ ਮਹਾਰਾਜ ਹੱਥੋਂ ਮੈਦਾਨ ਵਿਚ ਮਾਰਿਆ ਗਿਆ। ਇਹ ਲੜਾਈ ਮਹੀਨਾ ਹਾੜ (੧੬੯੧ ਬਿ:) ਵਿਚ ਹੋਈ।

(ਗੁਰੂ) ਤੇਗ ਬਹਾਦਰ ਜੀ ਦੀ ਉਮਰ ਉਸ ਵੇਲੇ ਭਾਵੇਂ ਸਭੋ ਤੇਰਾਂ ਸਾਲ ਦੀ ਸੀ, ਪਰ ਆਪ ਬੜੀ ਬਹਾਦਰੀ ਨਾਲ ਲੜੇ। ਜੰਗ ਪਿਛੋਂ ਗੁਰੂ ਮਹਾਰਾਜ ਨੇ ਬਾਕੀ ਯੋਧਿਆਂ ਦੇ ਨਾਲ ਉਹਨਾਂ ਨੂੰ ਵੀ ਸਿਰੋਪਾਉ ਦਿਤਾ।

(ਗੁਰੂ) ਤੇਗ ਬਹਾਦਰ ਸਾਹਿਬ ਲੜੇ ਬੜੀ ਬਹਾਦਰੀ ਨਾਲ, ਪਰ ਲੜਾਈ

ਪਿਛੋਂ ਮਰਨ ਵਾਲਿਆਂ ਤੇ ਮੌਤ ਦੀ ਉਡੀਕ ਵਿਚ ਤੜਪ ਰਹੇ ਘਾਇਲਾਂ ਨੂੰ ਵੇਖਕੇ ਹਜ਼ੂਰ ਦਾ ਦਿਲ ਭਰ ਆਇਆ। 'ਆਖ਼ਰ ਇਨਸਾਨ ਇਨਸਾਨ ਦਾ ਲਹੂ ਕਿਉਂ ਵਹਾਉਂਦਾ ਹੈ।' ਇਸ ਵਿਚਾਰ ਨੇ ਹਜ਼ੂਰ ਦੇ ਕੋਮਲ ਹਿਰਦੇ ਉਤੇ ਬਹੁਤ ਅਸਰ ਕੀਤਾ। ਆਪ ਜੀ ਨੇ ਸ਼ਸਤਰ ਤਾਂ ਨਾ ਤਿਆਗੇ, ਪਰ ਜੀਵਨ ਦੀ ਸੇਧ ਜ਼ਰੂਰ ਬਦਲ ਲਈ।

੧੬੯੩ ਬਿ: ਵਿਚ ਛੇਵੇਂ ਪਾਤਸ਼ਾਹ ਨੇ ਨੱਗਰ ਕੀਰਤਪੁਰ ਵਸਾਇਆ ਸੀ। ਇਸ ਲੜਾਈ ਪਿਛੋਂ ਮਹਾਰਾਜ ਓਥੇ ਚਲੇ ਗਏ ਤੇ (ਗੁਰੂ) ਤੇਗ ਬਹਾਦਰ ਸਾਹਿਬ ਆਪਣੀ ਮਾਤਾ ਤੇ ਪਤਨੀ ਨੂੰ ਨਾਲ ਲੈ ਕੇ ਨਾਨਕੇ ਪਿੰਡ ਬਕਾਲੇ ਆ ਟਿਕੇ।

—o—

### ਤੀਸਰਾ ਕਾਂਡ

# ਤਪ ਸਾਧਨਾ ਤੇ ਗੁਰਗੱਦੀ

(ਗੁਰੂ) ਤੇਗ਼ ਬਹਾਦਰ ਜੀ ਨੇ ਨੱਗਰ 'ਬਕਾਲਾ' ਵਿਚ ਲਗਭਗ ਤੀਹ ਸਾਲ ਬੜੀ ਕਠਨ ਤਪੱਸਿਆ ਕੀਤੀ। ਇਸ 'ਤਪ' ਦਾ ਸਦਕਾ ਹੀ ਹੁਣ ਉਹ ਨੱਗਰ 'ਬਾਬਾ ਬਕਾਲਾ' ਅਖਵਾਉਂਦਾ ਹੈ।

ਪੈਂਦੇ ਖ਼ਾਂ ਨਾਲ ਹੋਈ ਲੜਾਈ ਦਾ (ਗੁਰੂ) ਤੇਗ਼ ਬਹਾਦਰ ਜੀ ਦੇ ਸੋਹਲੇ ਦਿਲ 'ਤੇ ਬੜਾ ਡੂੰਘਾ ਅਸਰ ਪਿਆ। ਮਰ ਰਹੇ ਘਾਇਲਾਂ ਵੱਲੇ ਵੇਖ ਕੇ ਹਜ਼ੂਰ ਅਥਾਹ ਵੈਰਾਗ ਵਿਚ ਡੁੱਬ ਗਏ। ਨਾਨਕੇ ਪਿੰਡ (ਬਾਬਾ ਬਕਾਲਾ) ਆ ਕੇ ਆਪ ਤਪ-ਸਾਧਨਾ ਵਿਚ ਲੱਗ ਗਏ। ਇਕ ਛੋਟੇ ਜੇਹੇ ਘਰ ਦੇ ਪਿਛਲੇ ਕਮਰੇ ਵਿਚ ਬੈਠੇ ਆਪ ਰਾਤ ਦਿਨੇ ਸਿਮਰਨ ਵਿਚ ਲੀਨ ਰਹਿੰਦੇ। ਹਜ਼ੂਰ ਸਵੇਰੇ ਮੂੰਹ-ਹਨੇਰੇ ਉਠ ਕੇ ਬਾਹਰ ਖੇਤਾਂ ਵਿਚ ਦੂਰ ਤਕ ਨਿਕਲ ਜਾਂਦੇ। ਕੋਈ ਸਾਮ੍ਹਣਿਓਂ ਮਿਲਦਾ ਵੀ, ਤਾਂ ਉਹ ਆਪ ਨੂੰ ਦੂਰੋਂ ਸਿਰ ਝੁਕਾ ਕੇ ਆਦਰ ਵਜੋਂ ਇਕ ਪਾਸੇ ਹੋ ਜਾਂਦਾ।

ਸਾਰੇ ਸੰਸਾਰ ਵਿਚ ਹੀ ਸਿਮਰਨ ਕਰਨ ਵਾਲਿਆਂ ਦਾ ਸਦਾ ਸਤਕਾਰ ਰਿਹਾ ਹੈ। (ਗੁਰੂ) ਤੇਗ਼ ਬਹਾਦਰ ਜੀ ਦਾ ਏਸੇ ਉਮਰ ਤਪ ਵਿਚ ਲੀਨ ਹੋ ਜਾਣਾ, ਉਹਨਾਂ ਦੇ ਸਤਕਾਰ ਵਿਚ ਵਾਧਾ ਕਰਦਾ ਸੀ। ਫਿਰ ਆਪ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਛੋਟੇ ਸਾਹਿਬਜ਼ਾਦੇ ਸਨ। ਇਸ ਲਈ ਵੀ ਆਪ ਸ਼ਰਧਾਲੂਆਂ ਵੱਲੋਂ ਸਤਕਾਰ ਦੇ ਹੱਕਦਾਰ ਸਨ। ਇਹਨਾਂ ਕਾਰਨਾਂ ਕਰਕੇ ਸਾਰੇ ਨੱਗਰ ਤੇ ਆਸ ਪਾਸ ਦੇ ਇਲਾਕੇ ਵਿਚ ਚੰਗੀ ਮਾਨਤਾ ਸੀ। ਫਿਰ ਹਜ਼ੂਰ ਆਪਣੀ ਬੰਦਗੀ ਦਾ ਵਿਖਾਵਾ ਨਹੀਂ ਸਨ ਕਰਦੇ। ਕੁਛ ਹੋਰ ਸੋਢੀ-ਸਾਹਿਬਜ਼ਾਦਿਆਂ ਵਾਂਗ ਆਪ ਨਾ ਲੋਕਾਂ ਨੂੰ ਬਹੁਤੇ 'ਵਰ' ਦੇਂਦੇ, ਤੇ ਨਾ ਸਰਾਪ ਦੀਆਂ ਧਮਕੀਆਂ। ਸਗੋਂ ਆਪ ਚੁੱਪ ਚੁੱਪ ਰਹਿੰਦੇ। ਅਤਿ ਲੋੜ ਪੈਣ 'ਤੇ ਆਪ ਓਨਾ ਕੁ ਬਚਨ ਕਰਦੇ,

ਜਿੰਨੇ ਬਿਨਾਂ ਸਰਦਾ ਨਾ। ਇਸ ਸ਼ਾਂਤ ਸੁਭਾਉ ਦਾ ਸਦਕਾ ਸਮਝਦਾਰ ਲੋਕਾਂ ਉਤੇ ਆਪ ਦਾ ਬਹੁਤ ਪਰਭਾਵ ਸੀ।

ਛੇਵੇਂ ਗੁਰੂ ਦੇ ਸਾਹਿਬਜ਼ਾਦੇ ਹੋਣ ਕਰਕੇ ਨੱਗਰ ਤੇ ਇਲਾਕੇ ਵਿਚੋਂ ਗੁਜ਼ਾਰੇ ਜੋਗੀ ਭੇਟਾ ਆ ਜਾਇਆ ਕਰਦੀ ਸੀ। ਉਸ ਨਾਲ ਪਰਵਾਰ ਦੇ ਤਿੰਨਾਂ ਜੀਆਂ ਦਾ ਨਿਰਬਾਹ ਹੋ ਜਾਂਦਾ ਸੀ। ਘਰ ਦਾ ਸਾਰਾ ਪਰਬੰਧ ਮਾਤਾ ਨਾਨਕੀ ਜੀ ਦੇ ਹੱਥ ਸੀ। ਉਹ ਵੀ ਬੜੇ ਸੰਤੋਖੀ ਸੁਭਾਉ ਦੇ ਮਾਲਕ ਸਨ। ਥੜੇ ਵਿਚ ਹੀ ਨਿਰਬਾਹ ਕਰਕੇ ਉਹ ਆਏ ਸਵਾਲੀ ਦੀ ਵੀ ਲੋੜ ਪੂਰੀ ਕਰਨੋ ਕਦੇ ਸੰਕੋਚ ਨਾ ਕਰਦੇ। ਆਏ ਮੁਸਾਫ਼ਰਾਂ ਵਾਸਤੇ ਯਥਾ ਸ਼ਕਤ ਗੁਰੂ ਕਾ ਲੰਗਰ ਵੀ ਚਲਦਾ।

## ਮਾਤਾ ਗੁਜਰੀ ਜੀ

ਸਭ ਤੋਂ ਵੱਡੀ ਕੁਰਬਾਨੀ ਹੈ ਮਾਤਾ ਗੁਜਰੀ ਜੀ ਦੀ। ਉਹਨਾਂ ਦੀ ਉਮਰ ਦਸ-ਕੁ ਸਾਲ ਦੀ ਸੀ, ਜਾਂ ਉਹਨਾਂ ਦਾ ਵਿਆਹ (ਗੁਰੂ) ਤੇਗ ਬਹਾਦਰ ਜੀ ਨਾਲ ਹੋਇਆ। ਵਿਆਹ ਤੋਂ ਦੋ ਸਾਲ ਪਿਛੋਂ ਹੀ (ਗੁਰੂ) ਤੇਗ ਬਹਾਦਰ ਜੀ ਤਪ-ਸਾਧਨਾ ਵਿਚ ਲੱਗ ਗਏ। ਮਾਤਾ ਗੁਜਰੀ ਜੀ ਨੇ ਆਪਣੇ ਆਪ ਨੂੰ ਪਤੀ ਦੀ ਰਜ਼ਾ ਵਿਚ ਰਾਜ਼ੀ ਕਰ ਲਿਆ। ਜਵਾਨੀ ਦੀਆਂ ਸਾਰੀਆਂ ਰੀਝਾਂ 'ਤੇ ਕਾਬੂ ਪਾ ਕੇ ਆਪ ਨੇ ਜੀਵਨ ਦਾ ਮਨੋਰਥ ਪਤੀ ਦੀ ਸੇਵਾ ਹੀ ਮਿਥ ਲਿਆ। ਏਥੇ ਹੀ ਬੱਸ ਨਹੀਂ, ਆਪ ਨੇ ਰਾਹ ਵੀ ਓਹਾ ਆਪਣਾ ਲਿਆ, ਜੋ ਉਹਨਾਂ ਦੇ ਪਤੀ ਨੇ ਚੁਣਿਆਂ ਸੀ, ਈਸ਼ਵਰ-ਭਗਤੀ। ਪਤੀ ਦੀ ਸੇਵਾ ਦੇ ਨਾਲ ਨਾਲ ਮਾਤਾ ਜੀ ਸਵਾਸ ਸਵਾਸ ਈਸ਼ਵਰ ਦੀ ਅਰਾਧਨਾ ਵਿਚ ਵੀ ਲੀਨ ਰਹਿੰਦੇ। ਇਸ ਗੱਲ ਦੀ ਗਵਾਹੀ ਗੁਰੂ ਗੋਬਿੰਦ ਸਿੰਘ ਜੀ ਆਪਣੀ ਬਾਣੀ ਵਿਚ ਦੇਂਦੇ ਹਨ। ਹਜ਼ੂਰ ਲਿਖਦੇ ਹਨ :

ਤਾਤ ਮਾਤ ਮੁਰ ਅਲਖ ਅਰਾਧਾ।
ਬਹੁ ਬਿਧਿ ਜੋਗ ਸਾਧਨਾ ਸਾਧਾ।'

ਭਾਵ, ਸਾਡੇ ਮਾਤਾ ਤੇ ਪਿਤਾ (ਦੋਹਾਂ) ਨੇ ਨਿਰੰਕਾਰ ਦੀ ਅਰਾਧਨਾ ਕੀਤੀ, ਕਠਨ ਤਪ ਕੀਤਾ।

ਸੇਵਾ ਸਰੀਰ ਕਰਕੇ ਵੀ ਹੋ ਸਕਦੀ ਹੈ, ਪਰ ਆਰਾਧਨਾ ਮਨ ਕਰਕੇ ਹੀ ਹੋ ਸਕਦੀ ਹੈ। ਇਹ ਕਾਰਜ ਬਹੁਤ ਕਠਨ ਹੈ। ਮਾਤਾ ਗੁਜਰੀ ਜੀ ਨੇ ਤਨ ਦੇ ਨਾਲ

ਆਪਣੇ ਮਨ ਨੂੰ ਵੀ ਪਤੀ ਦੀ ਰਜ਼ਾ ਵਿਚ ਢਾਲ ਲਿਆ।

ਜਨਮ ਤੋਂ ਹੀ ਰਚਨਹਾਰ ਨੇ ਇਸਤਰੀ ਦੇ ਸੁਭਾਉ ਵਿਚ ਮਾਂ ਬਣਨ ਦੀ ਰੀਝ ਧਰ ਦਿਤੀ ਹੈ। ਮਾਤਾ ਗੁਜਰੀ ਜੀ ਨੂੰ ਵਿਆਹ ਤੋਂ ਪਿਛੋਂ ਲਗਭਗ ਤੇਤੀ ਚੌਤੀ ਸਾਲ ਮਾਂ ਬਣਨ ਵਾਸਤੇ ਉਡੀਕਣਾ ਪਿਆ। ਸੰਜਮ ਵਾਲੀ ਹੱਦ ਹੈ।

## ਗੁਰ-ਗੱਦੀ ਦੇ ਚਾਹਵਾਨ

ਏਸ ਸਮੇਂ ਅੰਦਰ ਦੋ ਵਾਰ ਗੁਰ-ਗੱਦੀ ਬਦਲੀ। ਹੋ ਸਕਦਾ ਹੈ, ਮਾਤਾ ਨਾਨਕੀ ਜੀ ਦੇ ਦਿਲ ਵਿਚ ਕਦੇ ਐਸਾ ਖ਼ਿਆਲ ਆਇਆ ਹੋਵੇ, ਕਿ ਮੇਰੇ ਪੁੱਤਰ ਨੂੰ ਗੁਰਿਆਈ ਨਹੀਂ ਮਿਲੀ। ਕਿਉਂਕਿ ਗੁਰੂ ਹਰਿਗੋਬਿੰਦ ਸਾਹਿਬ ਦੇ ਭਵਿੱਖ ਵਾਕ ਤੋਂ ਮਾਤਾ ਜੀ ਦੇ ਮਨ ਵਿਚ ਐਸੀ ਆਸ ਜ਼ਰੂਰ ਸੀ। ਪਰ ਇਤਿਹਾਸ ਜਾਂ (ਗੁਰੂ) ਤੇਗ ਬਹਾਦਰ ਜੀ ਦੀ ਰਚਨਾ ਤੋਂ ਐਸਾ ਸਿੱਧ ਨਹੀਂ ਹੁੰਦਾ, ਕਿ ਹਜ਼ੂਰ ਦੇ ਮਨ ਵਿਚ ਕਦੇ ਐਸਾ ਵਿਚਾਰ ਪੈਦਾ ਹੋਇਆ ਹੋਵੇ।

ਜਿਨ੍ਹਾਂ ਸਾਹਿਬਜ਼ਾਦਿਆਂ ਦੇ ਮਨ ਵਿਚ ਗੁਰ-ਗੱਦੀ ਦੀ ਲਾਲਸਾ ਸੀ, ਪਰ ਉਹ ਪ੍ਰਾਪਤ ਨਾ ਕਰ ਸਕੇ, ਉਹਨਾਂ ਕਿਸੇ ਨਾ ਕਿਸੇ ਢੰਗ ਨਾਲ ਆਪਣੇ ਰੋਸ ਨੂੰ ਪਰਗਟ ਕੀਤਾ ਹੈ। ਰੋਸ ਲੁਕਾਇਆ ਨਹੀਂ ਜਾ ਸਕਦਾ। ਬਾਬਾ ਸਿਰੀ ਚੰਦ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਮੱਥਾ ਟੇਕਣ ਤੋਂ ਇਨਕਾਰ ਕਰ ਦਿਤਾ। ਇਹ ਰੋਸ ਦਾ ਪਰਤੱਖ ਪਰਗਟਾਵਾ ਸੀ। ਫਿਰ ਉਹਨਾ ਕਠਨ ਤਪ ਕਰਕੇ ਆਪਣਾ ਵਖਰਾ ਫ਼ਿਰਕਾ ਚਲਾਇਆ (ਉਦਾਸੀ ਮੱਤ), ਵੱਖਰੀ ਗੱਦੀ ਕਾਇਮ ਕੀਤੀ। ਪਿਛਲੀ ਉਮਰ ਵਿਚ ਉਹਨਾਂ ਆਪਣੀ ਗੱਦੀ ਵੀ ਗੁਰੂ ਹਰਿਗੋਬਿੰਦ ਸਾਹਿਬ ਦੇ ਵੱਡੇ ਸਾਹਿਬਜ਼ਾਦੇ ਬਾਬਾ ਗੁਰਦਿੱਤਾ ਜੀ ਨੂੰ ਸੌਂਪ ਦਿਤੀ, ਤੇ ਦਿਲੀ ਇੱਛਿਆ ਪਰਗਟ ਕਰਦਿਆਂ ਕਿਹਾ, 'ਮੇਰੀ ਚਲਾਈ ਉਦਾਸੀ ਸੰਪਰਦਾਇ ਗੁਰੂ ਨਾਨਕ ਦੀ ਸਿੱਖੀ ਦੀ ਪਰਚਾਰਕ ਬਣ ਕੇ ਰਹੇਗੀ।'

ਗੁਰੂ ਅੰਗਦ ਦੇਵ ਜੀ ਨੇ ਗੁਰਿਆਈ ਅਮਰ ਦਾਸ ਜੀ ਨੂੰ ਦੇ ਦਿਤੀ, ਤਾਂ ਉਹਨਾਂ ਦੇ ਸਾਹਿਬਜ਼ਾਦੇ ਸਖ਼ਤ ਨਾਰਾਜ਼ ਹੋਏ। ਦਾਤੂ ਜੀ ਨੇ ਤਾਂ ਗੋਇੰਦਵਾਲ ਪਹੁੰਚ ਕੇ ਗੁਰੂ ਅਮਰਦਾਸ ਜੀ ਦਾ ਨਿਰਾਦਰ ਵੀ ਕੀਤਾ, ਤੇ ਕੁਛ ਦਿਨਾਂ ਵਾਸਤੇ ਗੁਰਗੱਦੀ ਉਤੇ ਧੱਕੇ ਨਾਲ ਕਬਜ਼ਾ ਵੀ ਕਰ ਲਿਆ। ਸੰਗਤਾਂ ਨੇ ਦਾਤੂ ਜੀ ਨੂੰ ਉੱਕਾ ਪਰਵਾਨ ਨਾ ਕੀਤਾ, ਤਾਂ ਉਹ ਮਜਬੂਰ ਹੋ ਕੇ ਵਾਪਸ ਆ ਗਏ।

ਗੁਰੂ ਅਮਰ ਦਾਸ ਜੀ ਨੇ ਗੁਰਿਆਈ ਰਾਮ ਦਾਸ ਜੀ ਨੂੰ ਬਖ਼ਸ਼ ਦਿਤੀ। ਏਥੇ ਸਮਾਜਕ ਰਿਸ਼ਤਾ ਅਜੇਹਾ ਸੀ, ਕਿ ਗੱਦੀ ਦੇ ਚਾਹਵਾਨ ਬਾਬਾ ਮੋਹਨ ਜੀ ਖੁੱਲ੍ਹ ਕੇ ਵਿਰੋਧ ਨਾ ਕਰ ਸਕੇ, ਪਰ ਉਹਨਾਂ ਚੌਥੇ ਪਾਤਸ਼ਾਹ ਨੂੰ ਮੱਥਾ ਵੀ ਨਹੀਂ ਟੇਕਿਆ, ਭਾਵ ਦਿਲੋਂ ਉਹਨਾਂ ਨੂੰ ਗੁਰੂ ਪਰਵਾਨ ਨਹੀਂ ਕੀਤਾ। ਤੇ ਜਦ ਗੁਰੂ ਅਰਜਨ ਦੇਵ ਜੀ ਉਹਨਾਂ ਤੋਂ ਗੁਰਬਾਣੀ ਦੀਆਂ ਪੋਥੀਆਂ ਲੈਣ ਗਏ, ਬਾਬਾ ਮੋਹਨ ਜੀ ਨੇ ਦਿਲ ਦਾ ਰੋਸ ਪਰਗਟ ਕਰ ਹੀ ਦਿਤਾ। ਉਹਨਾਂ ਬੜੇ ਗਿੱਲ੍ਹੇ ਨਾਲ ਕਿਹਾ :

'ਪ੍ਰਿਥਮ ਹਮਾਰੀ ਵਸਤ ਲਈ ਪਿਤ ਪਾਸ ਤੇ।
ਕੁਲ ਭਲਿਆਨ ਕੀ ਹੁਤੀ ਗੁਰੂਤਾ ਜਾਸ ਤੇ।......
ਲਾਜ ਨ ਧਾਰਹੁ ਆਪ ਅਬੈ ਚਲਿ ਆਇਓ।
ਸਭ ਗੁਰੂਅਨ ਕੇ ਸਬਦ ਲੈਨਿ ਹਿਤ ਧਾਇਓ।'[1]

ਗੁਰੂ ਅਰਜਨ ਦੇਵ ਜੀ ਦੀ ਨਮਰਤਾ ਤੇ ਬਾਬਾ ਮੋਹਨ ਜੀ ਦੇ ਸ਼ਾਂਤ ਸੁਭਾਉ ਦੇ ਕਾਰਨ ਝਗੜਾ ਅਗ੍ਹਾਂ ਨਾ ਵਧਿਆ।

ਬੀਬੀ ਭਾਨੀ ਦੇ ਵਰ ਅਨੁਸਾਰ, ਗੁਰੂ ਰਾਮ ਦਾਸ ਜੀ ਤੋਂ ਗੁਰ-ਗੱਦੀ ਦੀ ਚੋਣ ਦੀ ਮਰਯਾਦਾ ਕੁਛ ਬਦਲ ਗਈ। ਗੁਰ-ਗੱਦੀ ਕੇਵਲ ਗੁਰੂ ਰਾਮ ਦਾਸ ਜੀ ਦੀ ਬੰਸ ਵਾਸਤੇ ਰਾਖਵੀਂ ਵਸਤੂ ਬਣ ਗਈ।

ਬੀਬੀ ਭਾਨੀ ਨੇ ਭਾਵੇਂ ਇਹ ਵਰ ਨੇਕ-ਨੀਅਤੀ ਨਾਲ ਮੰਗਿਆ ਸੀ। ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ :

'ਜਾਣ ਨ ਦੇਸਾਂ ਸੋਢੀਓਂ,
ਹੋਰਸ ਅਜਰ ਨ ਜਰਿਆ ਜਾਵੇ।'

(ਵਾਰ-੧-੪੭)

(ਇਹ ਅਜਰ ਵਸਤੂ ਹੋਰ ਕਿਸੇ ਤੋਂ ਜਰੀ ਨਹੀਂ ਜਾਣੀ, ਮੈਂ ਇਸ ਵਾਸਤੇ ਇਹ ਵਰ ਮੰਗਦੀ ਹਾਂ, ਕਿ ਹੁਣ ਤੋਂ ਗੁਰਿਆਈ ਮੇਰੀ ਬੰਸ ਵਿਚ ਹੀ ਰਹੇ। ਤਾਕਿ ਆਉਣ ਵਾਲੀਆਂ ਸਭ ਜ਼ਿੰਮੇਵਾਰੀਆਂ ਤੇ ਔਕੜਾਂ ਮੇਰੀ ਔਲਾਦ ਹੀ ਝੱਲੇ।)

ਪਰ ਇਤਿਹਾਸ ਗਵਾਹ ਹੈ, ਕਿ ਇਸ ਨੇਕ-ਨੀਅਤੀ ਨਾਲ ਮੰਗੇ ਹੋਏ ਵਰ ਦੇ

---

1. ਗੁ. ਪ੍ਰ. ਸੂ. (ਸੂਰਜ ਪ੍ਰਕਾਸ਼), ਰਾਸ ੩, ਅੰਸੂ ੩੭੪।

ਸਿੱਟੇ ਚੰਗੇ ਨਾ ਨਿਕਲੇ ।

ਗੁਰੂ ਰਾਮ ਦਾਸ ਜੀ ਨੇ ਸਭ ਤੋਂ ਛੋਟੇ ਸਾਹਿਬਜ਼ਾਦੇ ਅਰਜਨ ਦੇਵ ਜੀ ਨੂੰ ਯੋਗ ਸਮਝ ਕੇ ਗੁਰਿਆਈ ਦੇ ਦਿਤੀ, ਤਾਂ ਵੱਡਾ ਸਾਹਿਬਜ਼ਾਦਾ ਪ੍ਰਿਥੀ ਚੰਦ ਖੁੱਲ੍ਹ-ਮ-ਖੁੱਲ੍ਹਾ ਪਿਤਾ-ਗੁਰੂ ਨਾਲ ਝਗੜਿਆ । ਇਸਦੀ ਗਵਾਹੀ ਗੁਰਬਾਣੀ ਵਿਚੋਂ ਮਿਲਦੀ ਹੈ । ਹਜ਼ੂਰ ਫ਼ੁਰਮਾਉਂਦੇ ਹਨ :

'ਕਾਹੇ ਪੂਤ, ਝਗਰਤ ਹਉ ਸੰਗਿ ਬਾਪ ।
ਜਿਨ ਕੇ ਜਣੇ ਬਡੀਰੇ ਤੁਮ ਹਉ,
ਤਿਨ ਸਿਉ ਝਗਰਤ ਪਾਪ ।'
(ਰਾਗ ਸਾਰੰਗ, ਮ ੪ ਪੰਨਾ ੧੨੦੦)

ਪਰ ਇਹ ਝਗੜਾ ਮਿਟਿਆ ਨਹੀਂ, ਪੀਹੜੀਆਂ ਤਕ ਚਲਦਾ ਰਿਹਾ । ਉਮਰ ਭਰ ਪ੍ਰਿਥੀ ਚੰਦ ਤੇ ਉਸ ਤੋਂ ਪਿਛੋਂ ਉਸਦਾ ਪੁੱਤਰ ਮੇਹਰਬਾਨ ਗੁਰਿਆਈ ਉਤੇ ਆਪਣਾ ਹੱਕ ਜਤਾਉਂਦੇ ਰਹੇ ਤੇ ਗੁਰੂ ਅਖਵਾਉਂਦੇ ਰਹੇ । ਸਗੋਂ ਉਹਨਾਂ ਦਾ ਦਾਹਵਾ ਸੀ, ਕਿ ਅਸਲੀ ਗੁਰੂ ਓਹਾ ਹਨ । ਤੇ ਇਸ ਹੱਕ ਦੀ ਪੁਸ਼ਟੀ ਵਾਸਤੇ ਉਹ ਸਰਕਾਰ ਦਰਬਾਰ ਤਕ ਵੀ ਪੁੱਜੇ ।

ਗੁਰੂ ਅਰਜਨ ਦੇਵ ਜੀ ਦੇ ਇਕੋ ਸਾਹਿਬਜ਼ਾਦੇ ਸਨ (ਗੁਰੂ) ਹਰਿਗੋਬਿੰਦ ਸਾਹਿਬ ਜੀ । ਸੋ ਚੋਣ ਸਮੇਂ ਕੋਈ ਨਵਾਂ ਝਗੜਾ ਖੜਾ ਨਾ ਹੋਇਆ । ਪਰ ਛੇਵੇਂ ਪਾਤਸ਼ਾਹ ਤੋਂ ਪਿਛੋਂ ਫਿਰ ਝਗੜਾ ਖੜਾ ਹੋ ਗਿਆ । ਹਰਿਰਾਏ ਸਾਹਿਬ ਨੂੰ ਗੁਰਿਆਈ ਮਿਲਨ 'ਤੇ ਧੀਰ ਮੱਲ ਨੇ ਤੇ ਹਰਿ ਕ੍ਰਿਸ਼ਨ ਸਾਹਿਬ ਨੂੰ ਗੱਦੀ ਮਿਲਨ 'ਤੇ ਰਾਮ ਰਾਏ ਨੇ ਬੜਾ ਸਖ਼ਤ ਵਿਰੋਧ ਕੀਤਾ । ਤੇ ਉਹਨਾਂ ਦਾ ਵਿਰੋਧ ਬੜਾ ਦੂਰ ਤਕ ਪਹੁੰਚਿਆ ।

ਪਰ ਇਹਨਾਂ ਘਟਨਾਵਾਂ ਸਮੇਂ (ਗੁਰੂ) ਤੇਗ ਬਹਾਦਰ ਜੀ ਬਿਲਕੁਲ ਸ਼ਾਂਤ ਰਹੇ । ਗੁਰੂ ਅਰਜਨ ਦੇਵ ਜੀ ਦਾ ਇਹ ਮਹਾਵਾਕ :

'ਕਾਹੂ ਰਲ ਕੀ ਇਛਾ ਨਹੀ ਬਾਛੈ ।
ਕੇਵਲ ਭਗਤਿ ਕੀਰਤਨ ਸੰਗਿ ਰਾਚੈ ।'
(ਰਾਗ ਗਉੜੀ, ਸੁਖਮਨੀ, ਮ. ੫, ਪੰਨਾ ੨੭੪)

(ਗੁਰੂ) ਤੇਗ ਬਹਾਦਰ ਜੀ ਦੇ ਜੀਵਨ ਉਤੇ ਪੂਰਾ ਢੁਕਦਾ ਸੀ । ਸੋ, ਜਿਹੜੇ ਸੱਜਣ

ਕਹਿੰਦੇ ਹਨ, ਕਿ ਦੋ ਵਾਰ (ਗੁਰੂ) ਤੇਗ ਬਹਾਦਰ ਜੀ ਗੁਰ-ਗੱਦੀ ਤੋਂ ਦੂਰ ਰੱਖੇ ਜਾਣ ਕਰਕੇ ਨਿਰਾਸ਼ ਹੋ ਗਏ ਸਨ. ਉਹ ਇਤਿਹਾਸਕ ਤੱਥਾਂ ਨੂੰ ਸਮਝਣ ਤੋਂ ਅਸਮਰੱਥ ਰਹੇ ਜਾਪਦੇ ਹਨ। ਉਹ ਕਹਿੰਦੇ ਹਨ, ਕਿ ਗੁਰ-ਗੱਦੀ ਪਰਾਪਤ ਨਾ ਕਰ ਸਕਣ ਦੇ ਕਾਰਨ ਹੀ (ਗੁਰੂ) ਤੇਗ ਬਹਾਦਰ ਜੀ ਤਪ-ਸਾਧਨਾ ਵੱਲ ਲੱਗੇ ਤੇ ਏਸੇ ਕਾਰਨ ਉਹਨਾਂ ਦੀ ਬਾਣੀ ਨਿਰਾਸ਼ਾਵਾਦੀ ਹੈ।

ਗੁਰੂ ਮਹਾਰਾਜ ਦੀ ਬਾਣੀ ਨਿਰਾਸ਼ਾਵਾਦੀ ਨਹੀਂ, ਵੈਰਾਗਮਈ ਜ਼ਰੂਰ ਹੈ, ਪਰ ਉਸ ਵੈਰਾਗ ਵਿਚ ਵੀ ਬੀਰਤਾ ਪਰਧਾਨ ਹੈ। ਤੇ ਦੂਸਰਾ ਸਵਾਲ, ਕਿ ਗੁਰਿਆਈ ਨਾ ਮਿਲਣ ਕਰਕੇ ਹੀ (ਗੁਰੂ) ਤੇਗ ਬਹਾਦਰ ਨੇ ਤਪ-ਸਾਧਨਾ ਦਾ ਰਾਹ ਅਪਣਾਇਆ, ਇਤਿਹਾਸ ਵੱਲੋਂ ਅਨਜਾਣਪੁਣਾ ਹੀ ਪਰਗਟ ਕਰਦਾ ਹੈ। (ਗੁਰੂ) ਤੇਗ ਬਹਾਦਰ ਜੀ ਕਰਤਾਰਪੁਰ ਦੀ ਲੜਾਈ ਤੋਂ ਪਿਛੋਂ ਛੇਤੀ ਹੀ ਬਾਬਾ ਬਕਾਲਾ ਆਕੇ ਤਪ ਵਿਚ ਲੀਨ ਹੋ ਗਏ। ਇਹ ਘਟਨਾ ੧੬੯੧ ਬਿ. ਦੀ ਹੈ। ਤੇ ਗੁਰੂ ਹਰਿਰਾਇ ਸਾਹਿਬ ੧੭੦੧ ਬਿ. ਵਿਚ ਗੁਰੂ ਬਣੇ ਹਨ। ਭਾਵ, ਗੱਦੀ ਦੀ ਅਦਲਾ-ਬਦਲੀ ਤੋਂ ਦਸ ਸਾਲ ਪਹਿਲਾਂ ਨੌਂਵੇਂ ਪਾਤਸ਼ਾਹ ਨੇ ਤਪ ਆਰੰਭ ਕੀਤਾ ਹੈ।

ਤੇ ਦੂਸਰੀ ਵਾਰ ਗੁਰ-ਗੱਦੀ ਬਦਲੀ ੧੭੧੮ ਬਿ. ਵਿਚ। ਸਵਾ ਪੰਜ ਸਾਲ ਦੀ ਉਮਰ ਵਿਚ ਗੁਰੂ ਹਰਿਕ੍ਰਿਸ਼ਨ ਸਾਹਿਬ ਗੁਰ-ਗੱਦੀ ਦੇ ਮਾਲਕ ਬਣੇ।

ਅੱਠਵੇਂ ਪਾਤਸ਼ਾਹ ਦੀ ਚੋਣ ਬਾਰੇ ਇਕ ਬਹੁਤ ਵੱਡਾ ਇਤਿਹਾਸਕਾਰ ਲਿਖਦਾ ਹੈ, ਉਸ ਵੇਲੇ ਸਿੱਖਾਂ ਕੋਲ ਕੋਈ ਯੋਗ ਉਤਰ-ਅਧਿਕਾਰੀ ਨਹੀਂ ਸੀ, ਇਸ ਵਾਸਤੇ ਉਹਨਾਂ ਪੰਜ ਸਾਲ ਦੇ ਬਾਲਕ ਨੂੰ ਗੁਰ-ਗੱਦੀ 'ਤੇ ਬਿਠਾਕੇ ਇਹ ਰਸਮ ਪੂਰੀ ਕਰ ਦਿਤੀ। ਉਸਦੇ ਉਤਰ ਵਿਚ ਸਾਡੀ ਰਾਏ ਹੈ, ਕਿ (ਗੁਰੂ) ਤੇਗ ਬਹਾਦਰ ਜੀ ਦੀ ਉਮਰ ਉਸ ਵੇਲੇ ਸਾਡੇ ਉਨਤਾਲੀ ਸਾਲ ਸੀ। ਜੇ ਹਜ਼ੂਰ ਢਾਈ ਸਾਲ ਪਿਛੋਂ ਗੱਦੀ ਦੇ ਯੋਗ ਸਮਝੇ ਜਾ ਸਕਦੇ ਹਨ, ਤਾਂ ਉਸ ਸਮੇਂ ਕਿਉਂ ਨਹੀਂ। ਸੋ, ਇਹ ਸ਼ੰਕਾ ਵੀ ਨਿਰਮੂਲ ਹੈ, ਕਿ ਸਿੱਖਾਂ ਕੋਲ ਯੋਗ ਸ਼ਖ਼ਸੀਅਤ ਕੋਈ ਨਹੀਂ ਸੀ।

ਤਾਂ ਅਸਲੀ ਕਾਰਨ ਕੀ ਹੈ? ਹੁਣ ਅਸੀਂ ਇਸ ਸਵਾਲ ਉਤੇ ਵਿਚਾਰ ਕਰਦੇ ਹਾਂ।

ਬੀਬੀ ਭਾਨੀ ਦੇ ਵਰ ਪਰਾਪਤ ਕਰਨ ਪਿਛੋਂ ਗੁਰ-ਗੱਦੀ ਉਹਨਾਂ ਦੀ ਬੰਸ ਵਾਸਤੇ ਰਾਖਵੀਂ ਹੋ ਗਈ ਸੀ। ਦੂਸਰੇ ਸ਼ਬਦਾਂ ਵਿਚ ਚੋਣ ਦਾ ਘੇਰਾ ਬਹੁਤ ਸੌੜਾ

ਹੋ ਗਿਆ ਸੀ। ਚੌਥੇ ਤੋਂ ਨੌਂਵੇਂ ਗੁਰੂ ਤਕ ਆਪਣਾ ਉਤਰ-ਅਧਿਕਾਰੀ ਚੁਣਨ ਦਾ ਹੱਕ ਤਾਂ ਹੈ ਸੀ, ਪਰ ਕੇਵਲ ਬੀਬੀ ਭਾਨੀ ਦੀ ਅੰਸ ਵਿਚੋਂ ਹੀ। ਭਾਵ, ਗੱਦੀ ਜੱਦੀ ਬਣ ਗਈ ਸੀ। ਸਮੇਂ ਦੇ ਪਰਚਲਤ ਰਵਾਜ ਅਨੁਸਾਰ, ਜੋ ਵਸਤੂ ਹਿੱਸਿਆਂ ਵਿਚ ਨਾ ਵੰਡੀ ਜਾ ਸੱਕੇ, ਉਸਦਾ ਹੱਕਦਾਰ ਵੱਡਾ ਪੁੱਤਰ ਮੰਨਿਆਂ ਜਾਂਦਾ ਸੀ। ਪਰ ਪਿਤਾ ਨੂੰ ਏਨਾ ਅਧਿਕਾਰ ਸੀ, ਕਿ ਜੇ ਵੱਡਾ ਪੁੱਤਰ ਪਦਵੀ ਦੇ ਯੋਗ ਨਾ ਹੋਵੇ, ਤਾਂ ਪਿਤਾ ਉਹ ਪਦਵੀ ਕਿਸੇ ਛੋਟੇ ਪੁੱਤਰ ਜਾਂ ਪੋਤਰੇ ਨੂੰ ਦੇ ਸਕਦਾ ਸੀ।

ਗੁਰੂ ਰਾਮਦਾਸ ਜੀ ਨੇ ਪ੍ਰਿਥੀਚੰਦ ਦੀਆਂ ਕੋਝੀਆਂ ਕਰਤੂਤਾਂ ਕਾਰਨ ਉਸਨੂੰ ਗੱਦੀ ਦੇ ਅਯੋਗ ਕਰਾਰ ਦੇ ਦਿਤਾ। ਮਹਾਂਦੇਵ ਸਾਧਾਰਨ ਬੁੱਧੀ ਦਾ ਮਾਲਕ ਸੀ। ਉਹ ਇਹ ਭਾਰੀ ਜ਼ਿੰਮੇਵਾਰੀ ਸੰਭਾਲ ਨਹੀਂ ਸੀ ਸਕਦਾ। ਸੋ ਗੁਰੂ ਰਾਮਦਾਸ ਜੀ ਨੇ ਅਰਜਨ ਦੇਵ ਜੀ ਨੂੰ ਗੁਰ-ਗੱਦੀ ਸੌਂਪ ਦਿਤੀ। ਸਿੱਖ ਇਤਿਹਾਸ ਦਾ ਪਾਠਕ ਸਮਝ ਸਕਦਾ ਹੈ, ਕਿ ਇਹ ਚੋਣ ਕਿੰਨੀ ਸਹੀ ਸੀ। ਉਸ ਸਮੇਂ ਗੁਰੂ ਅਰਜਨ ਦੇਵ ਜੀ ਤੋਂ ਬਿਨਾਂ ਕੋਈ ਵੀ ਗੁਰਿਆਈ ਦੀ ਜ਼ਿੰਮੇਵਾਰੀ ਨਹੀਂ ਸੀ ਸੰਭਾਲ ਸਕਦਾ।

ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਸਾਹਿਬਜ਼ਾਦੇ ਸਨ। ਰਵਾਜ ਅਨੁਸਾਰ ਸਭ ਤੋਂ ਵੱਡਾ, ਬਾਬਾ ਗੁਰਦਿੱਤਾ ਜੀ ਹੱਕਦਾਰ ਸਨ, ਤੇ ਇਸ ਪਦਵੀ ਦੇ ਯੋਗ ਵੀ, ਪਰ ਉਹ ਛੇਵੇਂ ਪਾਤਸ਼ਾਹ ਤੋਂ ਛੇ ਸਾਲ ਪਹਿਲਾਂ ਹੀ ਜੋਤੀ ਜੋਤ ਸਮਾ ਗਏ। ਗੁਰੂ ਹਰਿਗੋਬਿੰਦ ਸਾਹਿਬ ਨੇ ਬਾਬਾ ਗੁਰਦਿੱਤਾ ਜੀ ਦਾ ਹੱਕ ਪਰਵਾਨ ਕਰਦਿਆਂ ਹੋਇਆਂ ਉਹਨਾਂ ਦੀ ਅੰਸ ਵਿਚੋਂ ਹੀ ਉਤਰ ਅਧਿਕਾਰੀ ਚੁਣਿਆਂ। ਬਾਬਾ ਗੁਰਦਿੱਤਾ ਜੀ ਦਾ ਵੱਡਾ ਸਾਹਿਬਜ਼ਾਦਾ ਧੀਰਮੱਲ ਆਪਣੀ ਖੋਟੀ ਕਰਨੀ ਦਾ ਕਾਰਨ ਅਯੋਗ ਕਰਾਰ ਦੇ ਦਿਤਾ ਗਿਆ। ਇਸ ਲਈ ਛੋਟੇ ਸ਼ਾਹਿਬਜ਼ਾਦੇ ਹਰਿਰਾਏ ਸਾਹਿਬ ਗੁਰੂ ਥਾਪੇ ਗਏ। ਉਹਨਾਂ ਦੇ ਜੋਤੀ ਜੋਤ ਸਮਾਉਣ ਸਮੇਂ ਸਿੱਖ ਇਤਿਹਾਸ ਨੇ ਆਪਣੇ ਆਪ ਨੂੰ ਇਕ ਵਾਰ ਫਿਰ ਦੋਹਰਾਇਆ। ਦੁਨਿਆਵੀ ਤੌਰ 'ਤੇ ਰਾਮ ਰਾਏ ਬੜਾ ਸਮਝਦਾਰ ਸੀ। ਪਰ ਔਰੰਗਜ਼ੇਬ ਨੂੰ ਖ਼ੁਸ਼ ਕਰਨ ਦੀ ਇਛਿਆ ਨਾਲ ਉਹ ਸਿੱਖੀ ਸਿਦਕ ਤੋਂ ਥਿੜਕ ਗਿਆ। ਇਸ ਕਾਰਨ ਗੁਰੂ ਹਰਿਰਾਏ ਸਾਹਿਬ ਨੇ ਉਸਨੂੰ ਸਿੱਖੀ ਤੋਂ ਖ਼ਾਰਜ ਕਰ ਦਿਤਾ।

ਰਾਮ ਰਾਏ ਤੋਂ ਪਿਛੋਂ ਸਮੇਂ ਦੇ ਰਵਾਜ਼ ਅਨੁਸਾਰ ਗੱਦੀ ਉਤੇ ਛੋਟੇ ਭਰਾ ਦਾ ਹੱਕ ਬਣਦਾ ਸੀ। ਸੋ ਸੱਤਵੇਂ ਗੁਰੂ ਜੀ ਨੇ ਉਹਨਾਂ ਦਾ ਹੱਕ ਪਰਵਾਨ ਕਰ

ਲਿਆ। ਇਸਤਰ੍ਹਾਂ ਹਰਿ ਕ੍ਰਿਸ਼ਨ ਸਾਹਿਬ ਬਾਲਕ ਅਵਸਥਾ ਵਿਚ ਹੀ ਸਿੱਖਾਂ ਦੇ ਅੱਠਵੇਂ ਗੁਰੂ ਬਣੇ। (ਤੇ ਉਹਨਾਂ ਨੇ ਆਪਣੀਆਂ ਕਰਨੀਆਂ ਸਦਕਾ ਸਾਬਤ ਕਰ ਦਿਤਾ, ਕਿ ਉਹ ਯੋਗ ਉਤਰ-ਅਧਿਕਾਰੀ ਸਨ।)

ਫਿਰ ਵਾਰੀ ਆਈ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ, ਕਿ ਉਹ ਆਪਣਾ ਉਤਰ-ਅਧਿਕਾਰੀ ਚੁਣਨ। ਛੇਵੇਂ ਪਾਤਸ਼ਾਹ ਦੇ ਸਾਹਿਬਜ਼ਾਦੇ ਬਾਬਾ ਅਣੀਰਾਇ ਤੇ ਬਾਬਾ ਅਟੱਲ ਰਾਏ ਪਹਿਲਾਂ ਹੀ ਜੋਤੀ ਜੋਤ ਸਮਾ ਚੁੱਕੇ ਸਨ। ਧੀਰਮੱਲ ਤੇ ਰਾਮ ਰਾਏ ਅਯੋਗ ਕਰਾਰ ਦਿਤੇ ਜਾ ਚੁੱਕੇ ਸਨ। ਉਸ ਵੇਲੇ ਕੇਵਲ ਦੋ, ਸ਼ਖ਼ਸੀਅਤਾਂ ਸਨ, ਬਾਬਾ ਸੂਰਜ ਮੱਲ ਤੇ (ਗੁਰੂ) ਤੇਗ ਬਹਾਦਰ ਜੀ, ਜਿੰਨ੍ਹਾਂ ਵਿਚੋਂ ਚੋਣ ਕੀਤੀ ਜਾ ਸਕਦੀ ਸੀ। ਸੋ ਅੱਠਵੇਂ ਪਾਤਸ਼ਾਹ ਨੇ ਗੁਰੂ ਤੇਗ ਬਹਾਦਰ ਨੂੰ ਚੁਣਿਆਂ।

## ਬਾਬਾ ਬਕਾਲੇ

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ੩ ਵਿਸਾਖ, ੧੭੨੧ ਬਿ: ਨੂੰ ਜੋਤੀ ਜੋਤ ਸਮਾਏ। ਅੰਤ ਸਮੇਂ ਤੋਂ ਕੁਝ ਚਿਰ ਪਹਿਲਾਂ, ਸੰਗਤ ਦੇ ਪੁਛਣ 'ਤੇ, ਕਿ ਸਿੱਖ ਪੰਥ ਦਾ ਨੌਵਾਂ ਗੁਰੂ ਕੌਣ ਹੋਵੇਗਾ, ਅੱਠਵੇਂ ਪਾਤਸ਼ਾਹ ਨੇ ਕੇਵਲ ਦੋ ਸ਼ਬਦ ਕਹੇ, "ਬਾਬਾ ਬਕਾਲੇ।"

ਅਰਥ ਬੜੇ ਸਾਫ਼ ਸਨ। ਉਹਨਾਂ ਵਿਚ ਗੁੰਝਲ ਜਾਂ ਭੁਲੇਖੇ ਵਾਲੀ ਕੋਈ ਗੁੰਜਾਇਸ਼ ਨਹੀਂ ਸੀ। (ਗੁਰੂ) ਤੇਗ ਬਹਾਦਰ ਜੀ, ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਦਾਦੇ ਦੇ ਛੋਟੇ ਭਰਾ (ਭਾਵ, ਦਾਦਾ) ਲਗਦੇ ਸਨ। ਪੰਜਾਬ ਵਿਚ ਦਾਦੇ ਨੂੰ ਬਾਬਾ ਕਹਿ ਕੇ ਹੀ ਬੁਲਾਇਆ ਜਾਂਦਾ ਹੈ। ਤੇ ਉਸ ਵੇਲੇ ਕੇਵਲ (ਗੁਰੂ) ਤੇਗ ਬਹਾਦਰ ਜੀ ਹੀ ਬਕਾਲੇ ਵਿਚ ਸਨ। ਗੱਦੀ ਦੇ ਬਾਕੀ ਦਾਹਵੇਦਾਰ, ਧੀਰਮੱਲ ਕਰਤਾਰਪੁਰ ਸੀ, ਹਰਿਜੀ ਅੰਮ੍ਰਿਤਸਰ, ਰਾਮ ਰਾਏ ਡੇਹਰਾਦੂਨ ਤੇ ਸੂਰਜ ਮੱਲ ਕੀਰਤਪੁਰ।

ਕੁਛ ਲਾਲਚੀ ਮਸੰਦਾਂ ਨੇ ਧੀਰਮੱਲ ਨੂੰ ਆ ਖ਼ਬਰ ਪੁਚਾਈ, ਕਿ ਅੱਠਵੇਂ ਪਾਤਸ਼ਾਹ ਦੋ ਸ਼ਬਦ "ਬਾਬਾ ਬਕਾਲੇ" ਕਹਿ ਕੇ ਜੋਤੀ ਜੋਤ ਸਮਾ ਗਏ ਹਨ। ਧੀਰਮੱਲ ਕਰਤਾਰ ਪੁਰੋਂ ਉਠਿਆ ਤੇ ਬਾਬੇ ਬਕਾਲੇ ਵਿਚ ਆ ਡੇਰਾ ਜਮਾਇਆ।

ਗੁਰੂ ਅਰਜਨ ਦੇਵ ਜੀ ਦੇ ਮੁਖਾਰਬਿੰਦ ਤੋਂ ਉਚਾਰੀ ਹੋਈ ਤੇ ਭਾਈ ਗੁਰਦਾਸ ਜੀ ਦੀ ਕਲਮ ਨਾਲ ਲਿਖੀ ਹੋਈ 'ਆਦਿ ਗੁਰੂ ਗ੍ਰੰਥ ਸਾਹਿਬ' ਦੀ ਬੀੜ ਧੀਰਮੱਲ ਕੋਲ ਸੀ। ਸੋ ਉਹਦੇ ਮਸੰਦ ਸੰਗਤਾਂ ਨੂੰ ਭੁਲੇਖਾ ਪਾਉਣ ਵਿਚ ਕਿਸੇ ਹੱਦ ਤਕ ਸਫਲ ਵੀ ਹੋਏ। ਉਹ ਕਹਿੰਦੇ, ਕਿ ਅੱਠਵੇਂ ਗੁਰੂ ਜੀ ਦਾ ਵਰ ਕੇਵਲ ਧੀਰਮੱਲ ਵਾਸਤੇ ਹੈ। ਉਹ ਅੱਠਵੇਂ ਪਾਤਸ਼ਾਹ ਦੇ ਸਕੇ ਤਾਇਆ ਹਨ ਤੇ ਪੰਜਾਬ ਵਿਚ ਤਾਏ ਨੂੰ ਵੀ 'ਬਾਬਾ' ਕਹਿ ਕੇ ਹੀ ਬੁਲਾਇਆ ਜਾਂਦਾ ਹੈ। ਫਿਰ ਉਹ ਹੋਰ ਦਲੀਲ ਦੇਂਦੇ ਕਿ 'ਆਦਿ ਗੁਰੂ ਗ੍ਰੰਥ ਸਾਹਿਬ' ਦੀ ਬੀੜ ਵੀ ਧੀਰਮੱਲ ਕੋਲ ਹੈ। ਸੋ ਅਸਲੀ ਗੁਰੂ ਧੀਰਮੱਲ ਹੀ ਹੈ।

ਧੀਰਮੱਲ ਵੱਲ ਵੇਖ ਕੇ ਕੁਛ ਹੋਰ ਸੋਢੀ ਸਾਹਿਬਜ਼ਾਦੇ ਵੀ ਬਾਬੇ ਬਕਾਲੇ ਆ ਧਮਕੇ। ਸਭ ਵੱਖੋ ਵੱਖ ਗੱਦੀਆਂ ਲਾ ਕੇ ਗੁਰੂ ਅਖਵਾਉਣ ਲੱਗੇ।

## ਕਿੰਨੇ ਸੋਢੀ ਗੁਰੂ ਬਣ ਬੈਠੇ

ਬਹੁਤੇ ਇਤਿਹਾਸਾਂ ਵਿਚ ਲਿਖਿਆ ਹੈ, ਕਿ ਬਾਬਾ ਬਕਾਲਾ ਨੱਗਰ ਵਿਚ ਬਾਈ ਸੋਢੀ ਗੱਦੀਆਂ ਲਾ ਬੈਠੇ। ਏਥੋਂ ਤਕ, ਕਿ ਭਾਈ ਸੰਤੋਖ ਸਿੰਘ ਨੇ ਸੂਰਜ ਪ੍ਰਕਾਸ਼ ਵਿਚ ਲਿਖ ਦਿਤਾ :


'ਬੀਚਿ ਬਕਾਲੈ ਗੁਰੂ ਕਹਾਵੈ।
ਦ੍ਵੈ ਬਿੰਸਤ ਗਾਦੀਨਿ ਪੁਜਾਵੈ।'[1]

ਪਰ ਗੁਰੂ ਰਾਮ ਦਾਸ ਜੀ ਦੀ ਬੰਸਾਵਲੀ ਵੇਖਣ ਤੋਂ ਇਹ ਗੱਲ ਸੱਚੀ ਸਿੱਧ ਨਹੀਂ ਹੁੰਦੀ। ਇਤਿਹਾਸ ਦਾ ਇਹ ਮੰਨਿਆਂ ਪਰਮੰਨਿਆਂ ਅਸੂਲ ਹੈ, ਕਿ ਜੋ ਸਚਾਈ ਦਲੀਲ ਦੀ ਕਸਵੱਟੀ ਉਤੇ ਨਾ ਟਿਕੇ, ਹਜ਼ਾਰਾਂ ਲੇਖਕਾਂ ਦੀਆਂ ਗਵਾਹੀਆਂ ਹੁੰਦਿਆਂ ਵੀ ਉਹ ਮੰਨਣ ਯੋਗ ਨਹੀਂ। ਸਮੁੱਚੀ ਸੋਢੀ ਗੋਤ ਵਿਚੋਂ ਗੁਰੂ ਨਹੀਂ ਬਣ ਸਕਦਾ ਸੀ, ਕੇਵਲ ਗੁਰੂ ਰਾਮਦਾਸ (ਬੀਬੀ ਭਾਨੀ) ਦੀ ਅੰਸ ਵਿਚੋਂ ਹੀ ਬਣਨਾ ਸੀ। ਹੁਣ ਹਜ਼ੂਰ ਦੀ ਬੰਸਾਵਲੀ ਉਤੇ ਝਾਤੀ ਮਾਰੋ। ਉਸ ਸਮੇਂ—ਨਿੱਕੇ ਵੱਡੇ ਸਾਰੇ ਮਿਲਾ ਕੇ ਵੀ – ਸੋਢੀ ਬਾਈ ਨਹੀਂ ਸਨ ਬਣਦੇ।

---

1, ਸੂਰਜ ਪ੍ਰਕਾਸ਼, ਰਾਸ ੧੧, ਅੰਸੂ ੪। (ਦ੍ਵੈ ਬਿੰਸਤ=ਬਾਈ)

# ਬੰਸਾਵਲੀ



ਗੁਰੂ ਰਾਮ ਦਾਸ ਜੀ
ਪ੍ਰਿਥੀ ਚੰਦ
ਮਹਾਦੇਵ
ਗੁਰੂ ਅਰਜਨ ਦੇਵ ਜੀ
ਮੇਹਰਵਾਨ
ਗੁਰੂ ਹਰਿਗੋਬਿੰਦ ਜੀ
ਕਰਨ ਮੱਲ,
ਹਰਜੀ,
ਚਤਰਭੁਜ
ਗੁਰਦਿਤਾ
ਸੂਰਜ ਮੱਲ
ਅਣੀਰਾਇ
ਅਟੱਲਰਾਇ
ਹਰਗੋਪਾਲ
ਦੀਪ ਚੰਦ
ਧੀਰਮਲ
ਗੁਰੂ ਹਰਿਰਾਇ ਜੀ
ਗੁਰਦਿਤ
ਗੁਰੂ ਤੇਗ ਬਹਾਦਰ ਜੀ
ਪਹਾੜ ਚੰਦ
ਰਾਮ ਰਾਇ
ਗੁਰੂ ਹਰਿਕ੍ਰਿਸ਼ਨ
ਸ਼ਾਮਾ
ਜੀਵਨ
ਨਿਰੰਜਨ
ਭੂਪਾ
(ਗੁਰੂ ਹਰਸਹਾਇ ਦੇ ਸੋਢੀ)
ਗੁਰੂ ਗੋਬਿੰਦ ਸਿੰਘ ਜੀ
ਧਨਪਤ
ਗੁਲਾਬ ਰਾਇ
ਸ਼ਾਮ ਦਾਸ
ਗੁਲਾਬ ਸਿੰਘ
ਸਾਧੂ ਸਿੰਘ
(ਕਰਤਾਰਪੁਰੀਏ ਸੋਢੀ)

ਪ੍ਰਿਥੀ ਚੰਦ ੧੬੭੫ ਬਿ. ਵਿਚ ਸੁਰਗਵਾਸ ਹੋ ਗਿਆ ਸੀ। ਉਹ ਭਾਵੇਂ ਗੁਰੂ ਅਰਜਨ ਦੇਵ ਜੀ ਦੇ ਬਰਾਬਰ ਗੱਦੀ ਲਾ ਕੇ ਬਹਿੰਦਾ ਰਿਹਾ ਤੇ ਆਪਣੇ ਆਪ ਨੂੰ 'ਅਸਲੀ ਗੁਰੂ' ਅਖਵਾਉਂਦਾ ਰਿਹਾ ਸੀ, ਪਰ ਪੰਜਵੇਂ ਪਾਤਸ਼ਾਹ ਦੇ ਸ਼ਹੀਦ ਹੋ ਜਾਣ ਪਿਛੋਂ ਉਹਨੇ ਮਹਾਰਾਜ ਨੂੰ 'ਪੰਜਵਾਂ ਗੁਰੂ' ਪਰਵਾਨ ਕਰ ਲਿਆ। ਪਰ ਉਹਨੇ, ਜਾਂ ਉਸਦੀ ਔਲਾਦ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਗੁਰੂ ਪਰਵਾਨ ਨਹੀਂ ਕੀਤਾ। 'ਛੇਵਾਂ ਗੁਰੂ' ਪ੍ਰਿਥੀ ਚੰਦ ਆਪਣੇ ਆਪ ਨੂੰ ਲਿਖਦਾ ਰਿਹਾ। ਉਸਦੇ ਸੁਰਗਵਾਸ ਹੋਣ ਪਿਛੋਂ ਉਸਦਾ ਇਕੋ ਇਕ ਪੁੱਤਰ ਮੇਹਰਵਾਨ ਗੱਦੀ ਉਤੇ ਬੈਠਾ। ਉਹ 'ਸੱਤਵਾਂ ਗੁਰੂ' ਅਖਵਾਉਣ ਲੱਗਾ। ਉਹਨੇ ਕੁਝ ਸ਼ਬਦ ਵੀ ਲਿਖੇ ਹਨ। ਗੁਰਬਾਣੀ ਵਾਂਗ ਉਹ ਵੀ ਆਪਣੀ ਰਚਨਾ ਵਿਚ 'ਨਾਨਕ' ਸ਼ਬਦ ਹੀ ਵਰਤਦਾ ਸੀ। ਆਪਣੇ ਆਪ ਨੂੰ ਵੀ ਉਹ 'ਨਾਨਕ ੭' ਜਾਂ 'ਸੱਤਵਾਂ' ਲਿਖਦਾ ਸੀ।

ਮੇਹਰਵਾਨ ਮਾਘ ਸੁਦੀ ਪੰਜ, ੧੬੯੬ ਬਿ: (੧੯ ਜਨਵਰੀ, ੧੬੩੦ ਈ.)[1] ਨੂੰ ਸੁਰਗਵਾਸ ਹੋ ਗਿਆ, ਤਾਂ ਉਸਦਾ ਪੁੱਤਰ 'ਹਰਿਜੀ' ਗੱਦੀ ਦਾ ਮਾਲਕ ਬਣਿਆਂ। ਉਹ ਆਪਣੇ ਆਪ ਨੂੰ 'ਅੱਠਵਾਂ ਗੁਰੂ' ਅਖਵਾਉਂਦਾ ਸੀ। ਬੰਸਾਵਲੀ ਵੇਖਿਆਂ ਪਤਾ ਲਗਦਾ ਹੈ, ਕਿ ਮੇਹਰਵਾਨ ਦੇ ਤਿੰਨ ਪੁੱਤਰ ਸਨ: ਕਰਨ ਮੱਲ, ਹਰਿਜੀ ਤੇ ਚਤਰਭੁਜ। ਕਰਨਮੱਲ ਵੱਡਾ ਸੀ, ਪਰ ਗੱਦੀ ਉਤੇ ਹਰਿਜੀ ਬੈਠਦਾ ਹੈ। ਹੋ ਸਕਦਾ ਹੈ, ਕਰਨ ਮੱਲ, ਮੇਹਰਵਾਨ ਤੋਂ ਪਹਿਲਾਂ ਚੜ੍ਹਾਈ ਕਰ ਗਿਆ ਹੋਵੇ, ਇਸ ਵਾਸਤੇ ਹਰਿਜੀ ਗੱਦੀ 'ਤੇ ਬੈਠਾ।

ਗੱਦੀ ਨਾ ਮਿਲਨ ਦੇ ਕਾਰਨ ਪ੍ਰਿਥੀ ਚੰਦ ਨੇ ਪਿਤਾ ਨਾਲ ਬਹੁਤ ਝਗੜਾ ਕੀਤਾ ਸੀ, ਇਸ ਵਾਸਤੇ ਸਿੱਖ ਉਸਨੂੰ 'ਮੀਣਾ' ਆਖ਼ਣ ਲੱਗ ਪਏ ਸਨ। ਇਹ ਸ਼ਬਦ ਪਿਛੋਂ ਉਸਦੇ ਸਮੁੱਚੇ ਖ਼ਾਨਦਾਨ ਵਾਸਤੇ ਵਰਤਿਆ ਜਾਣ ਲੱਗ ਪਿਆ। 'ਰਹਿਤ ਨਾਮਿਆਂ' ਵਿਚ ਵੀ ਆਉਂਦਾ ਹੈ, 'ਮੀਣੇ ਮਸੰਦ ਨਾਲ ਨਹੀਂ ਵਰਤਣਾ।'

---

1. ਸ਼ਹੀਦ ਬਿਲਾਸ, ਕਰਤਾ ਕਵੀ ਸੇਵਾ ਸਿੰਘ, ਸੰਪਾਦਕ ਗਿ. ਗਰਜਾ ਸਿੰਘ, ਪੰਨਾ ੨੮। ਸੋਢੀ ਮੇਹਰਵਾਨ, ਜੀਵਨ ਤੇ ਸਾਹਿਤ, ਕਰਤਾ ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ ੭੨।

ਬਾਬਾ ਸੂਰਜ ਮੱਲ ਦੇ ਸੁਰਗਵਾਸ ਹੋਣ ਦੀ ਸਹੀ ਤਾਰੀਖ਼ ਨਹੀਂ ਮਿਲਦੀ। ਮਗਰ ਗਿ. ਗਿਆਨ ਸਿੰਘ ਦੀ ਲਿਖਤ ਤੋਂ ਪਤਾ ਚਲਦਾ ਹੈ, ਕਿ ਸੂਰਜ ਮੱਲ ਉਸ ਵੇਲੇ ਜਿਉਂਦੇ ਸਨ।

ਸੋ ਉਸ ਵੇਲੇ ਗੁਰੂ ਰਾਮਦਾਸ ਜੀ ਦੀ ਬੰਸ ਵਿਚੋਂ ਗੱਦੀ ਦੇ ਦਾਹਵੇ ਦਾਰ ਕਹੇ ਜਾ ਸਕਦੇ ਸਨ, ਮੇਹਰਵਾਨ ਦੇ ਦੋ ਪੁੱਤਰ ਹਰਿਜੀ ਤੇ ਚਤਰਭੁਜ, ਧੀਰਮੱਲ ਤੇ ਉਸਦਾ ਪੁੱਤਰ ਪਹਾੜਚੰਦ, ਰਾਮ ਰਾਏ, ਸੂਰਜ ਮੱਲ ਤੇ ਉਸਦਾ ਪੁੱਤਰ ਦੀਪ ਚੰਦ। ਇਹ ਸਾਰੇ ਮਿਲਕੇ ਵੀ ਛੇ ਬਣੇ।

ਹਰਿਜੀ ਦੇ ਬਰਾਬਰ ਉਹਦਾ ਛੋਟਾ ਭਰਾ ਵੀ ਗੱਦੀ ਲਾ ਕੇ ਬਹਿ ਗਿਆ ਹੋਵੇ, ਇਸ ਬਾਰੇ ਤਸੱਲੀ ਨਾਲ ਕੁਛ ਨਹੀਂ ਕਿਹਾ ਜਾ ਸਕਦਾ। ਧੀਰ ਮੱਲ ਦੇ ਹੁੰਦਿਆਂ ਪਹਾੜ ਚੰਦ ਵੀ ਗੱਦੀ ਲਾ ਬੈਠਾ ਹੋਵੇ, ਇਸ ਗੱਲ ਨੂੰ ਦਲੀਲ ਨਹੀਂ ਮੰਨਦੀ। ਕਿਉਂਕਿ ਜੇ ਧੀਰ ਮੱਲ ਅਸਲੀ ਗੁਰੂ ਪਰਵਾਨ ਹੋ ਜਾਵੇ, ਤਾਂ ਪਹਾੜ ਚੰਦ ਦੀ ਵਾਰੀ ਆਉਣ ਦੀ ਸੰਭਾਵਨਾ ਆਪਣੇ ਆਪ ਹੀ ਬਣ ਜਾਂਦੀ ਹੈ।

ਸੂਰਜ ਮੱਲ ਜਾਂ ਉਹਦੇ ਪੁੱਤਰ ਦੀਪ ਚੰਦ ਨੇ ਕਦੇ ਗੁਰੂ ਹੋਣ ਦਾ ਦਾਹਵਾ ਕੀਤਾ ਹੋਵੇ, ਇਤਿਹਾਸ ਵਿਚ ਅਜੇਹਾ ਇਸ਼ਾਰਾ ਕਿਤੇ ਨਹੀਂ ਮਿਲਦਾ।

ਸੋ, ਮੇਰੀ ਰਾਏ ਵਿਚ ਕੇਵਲ ਤਿੰਨ ਸੋਢੀ ਬਨਾਉਟੀ ਗੁਰੂ ਬਣ ਕੇ ਤੇ ਗੱਦੀਆਂ ਲਾ ਕੇ ਬੈਠੇ। ਉਹ ਸਨ ਧੀਰ ਮੱਲ, ਹਰਿਜੀ ਤੇ ਰਾਮ ਰਾਏ। ਇਕ ਦੀ ਥਾਂ ਤਿੰਨ ਗੁਰੂ ਬਣ ਬੈਠੇ, ਤੇ ਹਰ ਇਕ ਆਪਣੇ ਆਪ ਨੂੰ ਅਸਲੀ ਤੇ ਦੂਸਰਿਆਂ ਨੂੰ ਨਕਲੀ ਗੁਰੂ ਦੱਸਦਾ। ਇਸ ਕਾਰਨ ਸੰਗਤਾਂ ਬੜੇ ਭਰਮ-ਭੁਲੇਖੇ ਵਿਚ ਪਈਆਂ ਹੋਈਆਂ ਸਨ।

ਤਾਂ ਬਾਈ ਮੰਜੀਆਂ (ਬਾਈ ਨਕਲੀ ਗੁਰੂਆਂ) ਦਾ ਖ਼ਿਆਲ ਕਿੱਥੋਂ ਆਇਆ। ਹੋ ਸਕਦਾ ਹੈ ਕਿਸੇ ਲੇਖਕ ਦੇ ਦਮਾਗ਼ ਵਿਚ ਗੁਰੂ ਅਮਰ ਦਾਸ ਜੀ ਵੱਲੋਂ ਪਰਚਾਰ ਹਿਤ ਥਾਪੀਆਂ ਗਈਆਂ 'ਬਾਈ ਮੰਜੀਆਂ' ਦਾ ਖ਼ਿਆਲ ਆ ਗਿਆ ਹੋਵੇ, ਤੇ ਉਸ ਤੋਂ ਪਿੱਛੋਂ ਲਿਖਣ ਵਾਲਿਆਂ ਨੇ ਬਿਨਾਂ ਪੜਤਾਲ ਕੀਤੇ ਹੀ 'ਬਾਈ' ਲਿਖ ਦਿਤਾ ਹੋਵੇ। ਨਹੀਂ ਤਾਂ ਬਾਈ ਗੁਰੂ ਬਣ ਬੈਠਣ ਦਾ ਕੋਈ ਅਰਥ ਨਹੀਂ ਜਚਦਾ।

---

1. ਤਵਾਰੀਖ਼ ਗੁਰੂ ਖ਼ਾਲਸਾ, ਪੰਨਾ ੬੪੯ ਤੇ ੬੫੨।

ਬਨਾਉਟੀ ਗੁਰੂਆਂ ਦੇ ਮਸੰਦ, ਆਪਣੇ ਆਪਣੇ ਗੁਰੂ ਦੇ ਅਸਲੀ ਹੋਣ ਦਾ ਢੰਡੋਰਾ ਪਿੱਟ ਰਹੇ ਸਨ, ਤੇ ਗੱਦੀ ਦੇ ਅਸਲੀ ਹੱਕਦਾਰ—ਗੁਰੂ ਤੇਗ ਬਹਾਦਰ ਸਾਹਿਬ—ਆਪਣੇ ਅੰਦਰ ਬੈਠੇ ਸ਼ਾਂਤ ਚਿੱਤ ਭਜਨ ਕਰ ਰਹੇ ਸਨ।

## ਗੁਰੂ ਲਾਧੋ ਰੇ

ਨੱਗਰ ਟਾਂਡਾ, ਜ਼ਿਲਾ ਜਿਹਲਮ[1] ਦੇ ਰਹਿਣ ਵਾਲਾ ਮੱਖਣ ਸ਼ਾਹ ਲੁਬਾਣਾ ਗੁਰੂ ਘਰ ਦਾ ਸਿਦਕੀ ਸਿੱਖ ਸੀ। ਉਹ ਆਪਣੀ ਬਰਾਦਰੀ ਦਾ ਮੁਖੀਆ ਤੇ ਬੜਾ ਤਕੜਾ ਬਪਾਰੀ ਸੀ। ਏਥੋਂ ਤਕ, ਕਿ ਕਈ ਵਾਰ ਉਹ ਸਮੁੰਦਰ ਪਾਰ ਵੀ ਮਾਲ ਵੇਚਣ ਤੇ ਖ਼ਰੀਦਣ ਜਾਇਆ ਕਰਦਾ ਸੀ। ਅਜੇਹੇ ਇਕ ਸਫ਼ਰ ਵਿਚ ਉਹਦਾ ਜਹਾਜ਼ ਬਰੇਤੇ ਵਿਚ ਫਸ ਗਿਆ। ਬੜਾ ਯਤਨ ਕਰਨ ਤੇ ਵੀ ਜਹਾਜ਼ ਬਰੇਤੇ ਵਿਚੋਂ ਨਿਕਲਿਆ ਨਾ। ਫਿਰ ਉਹਨੇ ਗੁਰੂ ਦੀ ਓਟ ਤਕਾਈ। ਉਹਨੇ ਸੱਚੇ ਦਿਲ ਨਾਲ ਅਰਦਾਸ ਕੀਤੀ, ਤੇ ਨਫ਼ੇ ਵਿਚੋਂ ਦਸਵੰਧ ਦੇਣਾ ਸੁੱਖਿਆ। ਅਰਦਾਸ ਪਰਵਾਨ ਹੋਈ। ਸਮੁੰਦਰ ਵਿਚ ਬੜੀ ਭਾਰੀ ਛੱਲ ਆਈ, ਜਿਸਦੇ ਵਹਾਉ ਵਿਚ ਜ਼ਹਾਜ਼ ਪਾਣੀ ਵਿਚ ਤਰ ਆਇਆ। ਉਹਨੇ ਆਪਣੇ ਗੁਰਦੇਵ ਦਾ ਧੰਨਵਾਦ ਕੀਤਾ। ਉਸ ਸਫ਼ਰ ਵਿਚ ਉਸਨੂੰ ਕਾਫ਼ੀ ਲਾਭ ਹੋਇਆ। ਘਰ ਪਹੁੰਚ ਕੇ ਸਭ ਤੋਂ ਪਹਿਲਾਂ ਉਹਨੇ ਸੁੱਖਣਾ ਲਾਹੁਣ ਦਾ ਮਨ ਬਣਾਇਆ।

ਮੱਖਣ ਸ਼ਾਹ ਸਾਰੀ ਬਰਾਦਰੀ ਤੇ ਇਲਾਕੇ ਦੀ ਸੰਗਤ ਦਾ ਮੁਖਿਆ ਸੀ। ਗੁਰੂ ਦਰਸ਼ਨ ਵਾਸਤੇ ਉਹਦੇ ਨਾਲ ਬਹੁਤ ਸਾਰੀ ਸੰਗਤ ਤਿਆਰ ਹੋ ਪਈ।

ਜਦ ਉਹ ਘਰੋਂ ਪਰਦੇਸ ਦੇ ਸਫ਼ਰ ਵਾਸਤੇ ਤੁਰਿਆ ਸੀ, ਗੁਰ-ਗੱਦੀ ਉਤੇ ਅੱਠਵੇਂ ਪਾਤਸ਼ਾਹ ਸੁਭਾਇਮਾਨ ਸਨ। ਪਰ ਉਹਦੇ ਵਾਪਸ ਆਉਣ ਤਕ ਗੁਰੂ ਹਰਿਕ੍ਰਿਸ਼ਨ ਸਾਹਿਬ ਜੋਤੀ ਜੋਤ ਸਮਾ ਗਏ ਸਨ। ਮੱਖਣ ਸ਼ਾਹ ਨੂੰ ਏਨੀ ਖ਼ਬਰ ਮਿਲੀ, ਕਿ ਹੁਣ ਬਾਬਾ ਬਕਾਲੇ ਹੈ। ਸੋ, ਉਹ—ਸਣੇ ਸੰਗਤ—ਮਨਜ਼ਲਾਂ ਮਾਰਦਾ ਨੱਗਰ ਬਾਬਾ ਬਕਾਲਾ ਵਿਚ ਆ ਪੁਜਾ। ਏਥੇ ਆ ਕੇ ਜੋ ਕੁਛ ਉਸਨੇ ਵੇਖਿਆ,

---

1. ਗਿ. ਗਿਆਨ ਸਿੰਘ, ਤਵਾਰੀਖ਼ ਗੁਰੂ ਖ਼ਾਲਸਾ, ਭਾਸ਼ਾ ਵਿਭਾਗ ਦੀ ਛਪੀ, ਪੰਨਾ ੬੬੩।

ਉਹਦਾ ਮਨ ਬਹੁਤ ਪਰੇਸ਼ਾਨ ਹੋਇਆ। ਇਕ ਦੀ ਥਾਂ ਤਿੰਨ ਗੁਰੂ (ਧੀਰ ਮੱਲ, ਹਰਿਜੀ ਤੇ ਰਾਮ ਰਾਏ) ਬਣੇ ਬੈਠੇ ਸਨ। ਤੇ ਹਰ ਇਕ ਆਪਣੇ ਆਪ ਨੂੰ ਅਸਲੀ ਤੇ ਦੂਸਰਿਆਂ ਨੂੰ ਨਕਲੀ ਗੁਰੂ ਕਹਿੰਦਾ ਸੀ। ਸੰਗਤਾਂ ਬਹੁਤ ਪਰੇਸ਼ਾਨ ਸਨ। ਉਹ ਕਿਸਨੂੰ ਸੱਚਾ ਤੇ ਕਿਸਨੂੰ ਝੂਠਾ ਸਮਝਣ। ਇਹ ਨਾਟਕ ਲਗਭਗ ਗਿਆਰਾਂ ਮਹੀਨੇ ਤੋਂ ਚਲ ਰਿਹਾ ਸੀ।

ਮੱਖਣ ਸ਼ਾਹ ਬਹੁਤ ਸੋਝੀਵਾਨ ਪੁਰਸ਼ ਸੀ। ਉਹਨੇ—ਆਪਣੇ ਸਾਥੀਆਂ ਸਮੇਤ—ਨੱਗਰ ਤੋਂ ਬਾਹਰ ਇਕ ਪਾਸੇ ਡੇਰੇ ਲਾ ਦਿਤੇ।

ਇਹ ਸੁਣਕੇ, ਕਿ ਇਕ ਧਨੀ ਸਿੱਖ, ਸੰਗਤਾਂ ਸਮੇਤ, ਦਰਸ਼ਨ ਵਾਸਤੇ ਆਇਆ ਹੈ, ਨਕਲੀ ਗੁਰੂਆਂ ਦੇ ਮਸੰਦ ਉਹਦੇ ਉਦਾਲੇ ਜਾ ਹੋਏ। ਹਰ ਮਸੰਦ ਆਪਣੇ ਗੁਰੂ ਦੀ ਸਿਫ਼ਤ ਤੇ ਦੂਸਰਿਆਂ ਦੀ ਨਖੇਧੀ ਕਰਨ ਲੱਗਾ। ਸਭ ਤੋਂ ਵਧੇਰੇ ਠਾਠ ਬਾਠ ਸੀ ਧੀਰਮੱਲ ਦਾ। ਦੂਸਰਿਆਂ ਨਾਲੋਂ ਉਹਦੀ ਇਹ ਵਿਸ਼ੇਸ਼ਤਾ ਸੀ, ਕਿ ਉਹਦੇ ਕੋਲ 'ਆਦਿ ਗੁਰੂ ਗ੍ਰੰਥ ਸਾਹਿਬ' ਦੀ ਅਸਲੀ ਬੀੜ ਸੀ। ਓਸੇ ਦੇ ਨਾਲ ਵਧੇਰੇ ਮਸੰਦ ਸਨ। ਉਹਨਾਂ ਮੱਖਣ ਸ਼ਾਹ ਤੇ ਉਹਦੇ ਨਾਲ ਆਈ ਸੰਗਤ ਵਿਚ ਆਪਣੇ ਗੁਰੂ ਦੀਆਂ ਕਰਾਮਾਤਾਂ ਦੇ ਬੜੇ ਪੁਲ ਬੰਨ੍ਹੇ। ਵਧੇਰੇ ਉਹ ਏਹਾ ਦਲੀਲ ਦੇਂਦੇ, ਕਿ ਗੁਰੂ ਹਰਿਗੋਬਿੰਦ ਸਾਹਿਬ ਕਰਤਾਰ ਪੁਰ ਤੋਂ ਜਾਂਦੇ ਹੋਏ ਗੁਰੂ ਗ੍ਰੰਥ ਸਾਹਿਬ ਦੀ ਬੀੜ ਉਹਨੂੰ ਗੁਰਿਆਈ ਦੀ ਪੇਸ਼ਗੀ ਨਸ਼ਾਨੀ ਵਜੋਂ ਬਖ਼ਸ਼ ਗਏ ਸਨ, ਤੇ ਅੰਤ ਸਮੇਂ ਅੱਠਵੇਂ ਪਾਤਸ਼ਾਹ ਵੀ ਓਸੇ ਦੇ ਹੱਕ ਵਿਚ ਬਚਨ ਦੇ ਗਏ ਹਨ।

ਹਰਿਜੀ ਦੇ ਮਸੰਦ ਕਹਿੰਦੇ 'ਗੁਰੂ ਰਾਮਦਾਸ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਪ੍ਰਿਥੀਚੰਦ ਜੀ ਸਨ। ਗੱਦੀ ਦੇ ਅਸਲੀ ਹੱਕਦਾਰ ਓਹਾ ਸਨ। ਤੇ ਉਹ ਸੁਰਗਵਾਸ ਹੋਣ ਲੱਗੇ ਗੁਰਗੱਦੀ ਆਪਣੇ ਇਕੋ ਇਕ ਸਾਹਿਬਜ਼ਾਦੇ ਮੇਹਰਵਾਨ ਜੀ ਨੂੰ ਦੇ ਗਏ ਸਨ। ਮੇਹਰਵਾਨ ਪਿਛੋਂ ਇਸ ਵੇਲੇ ਉਹਨਾਂ ਦਾ ਸਾਹਿਬਜ਼ਾਦਾ ਹਰਿਜੀ ਗੁਰੂ ਹੈ। ਅਸੂਲ ਅਨੁਸਾਰ ਅਸਲੀ ਗੁਰੂ ਤਾਂ ਹਰਿਜੀ ਹੀ ਹਨ। ਮਸੰਦਾਂ ਨੇ ਓਦੋਂ ਸਾਜ਼ਸ਼ ਕਰਕੇ ਅਰਜਨ ਦੇਵ ਜੀ ਨੂੰ ਗੁਰੂ ਥਾਪ ਦਿਤਾ ਤੇ ਉਸ ਤੋਂ ਅਗ੍ਹਾਂ ਇਕ ਵੱਖਰੀ ਸ਼ਾਖ਼ ਚੱਲ ਪਈ। ਪਰ ਝੂਠ ਕਿੰਨਾ ਕੁ ਚਿਰ ਚੱਲ ਸਕਦਾ ਸੀ। ਅੰਤ ਗੁਰੂ ਹਰਿਕ੍ਰਿਸ਼ਨ ਸਾਹਿਬ ਸੱਚ ਨਿਤਾਰ ਗਏ। ਉਹ ਬਚਨ ਦੇ ਗਏ, ਕਿ ਸਾਡੇ ਬਾਬਾ ਜੀ ਬਕਾਲੇ ਵਿਚ ਪਰਗਟ ਹੋਣ। ਗੁਰੂ ਰਾਮਦਾਸ ਜੀ ਦੀ ਬੰਸ ਵਿਚੋਂ ਸਭ ਤੋਂ

ਵੱਡੇ ਹਰਿਜੀ ਜੀ ਹੀ ਹਨ। ਸੋ ਇਹਨਾਂ ਵਾਸਤੇ ਹੀ ਉਹਨਾਂ 'ਬਾਬਾ' ਸ਼ਬਦ ਵਰਤਿਆ ਹੈ।' ਦੂਸਰਿਆਂ ਦੋਹਾਂ ਦੇ ਵਿਰੁੱਧ ਉਹ ਇਹ ਦਲੀਲ ਦੇਂਦੇ, 'ਧੀਰਮੱਲ ਨੇ ਕਰਤਾਰਪੁਰ ਦੀ ਲੜਾਈ ਵਿਚ ਗੁਰੂਘਰ ਨਾਲ ਧਰੋਹ ਕੀਤਾ ਸੀ। ਉਹਨੇ ਗੁਰੂ ਘਰ ਦੇ ਭੇਦ ਪੈਂਦੇ ਖ਼ਾਂ ਨੂੰ ਦਿਤੇ ਸਨ ਤੇ ਉਹਨੂੰ ਗੁਰੂ ਉਤੇ ਹਮਲਾ ਕਰਨ ਵਾਸਤੇ ਪ੍ਰੇਰਿਆ ਸੀ। ਇਸ ਬੁਰਾਈ ਦੇ ਕਾਰਨ ਛੇਵੇਂ ਗੁਰੂ ਨੇ ਉਹਨੂੰ ਸਿੱਖੀ ਤੋਂ ਛੇਕ ਦਿਤਾ ਸੀ। ਏਸੇ ਤਰਾਂ ਰਾਮਰਾਏ ਨੇ ਔਰੰਗਜ਼ੇਬ ਨੂੰ ਖ਼ੁਸ਼ ਕਰਨ ਬਦਲੇ ਗੁਰਬਾਣੀ ਦੀ 'ਤੁਕ' ਬਦਲ ਦਿਤੀ ਸੀ। ਇਸ ਅਵੱਗਿਆ ਬਦਲੇ ਸੱਤਵੇਂ ਗੁਰੂ ਨੇ ਉਹਨੂੰ ਸਿੱਖੀ ਤੋਂ ਖ਼ਾਰਜ ਕਰ ਦਿਤਾ ਸੀ। ਸੋ, ਇਹ ਦੋਵੇਂ ਤਾਂ ਗੁਰੂ ਘਰੋਂ ਧੱਕੇ ਹੋਏ ਨੇ। ਉਹ ਗੁਰੂ ਕਿਵੇਂ ਬਣ ਸਕਦੇ ਨੇ।'

ਰਾਮ ਰਾਏ ਦੇ ਮਸੰਦ ਉਹਨੂੰ ਅਸਲੀ ਗੁਰੂ ਸਾਬਤ ਕਰਨ ਵਾਸਤੇ ਅੱਡੀ ਚੋਟੀ ਦਾ ਜ਼ੋਰ ਲਾਉਂਦੇ। ਉਹ ਵਧੇਰੇ ਜ਼ੋਰ ਕਰਾਮਾਤਾਂ ਉਤੇ ਦੇਂਦੇ, ਤੇ ਰਾਮ ਰਾਏ ਨੂੰ ਸਭ ਤੋਂ ਵੱਡਾ ਕਰਾਮਾਤੀ ਸਿੱਧ ਕਰਦੇ। ਅਜੇ ਤੱਕ ਵੀ ਰਾਮ ਰਾਏ ਨੂੰ ਮੰਨਣ ਵਾਲਿਆਂ ਵਿਚ ਇਹ ਕਹਾਣੀ ਪਰਚਲਤ ਹੈ, ਕਿ ਉਹਨੇ ਔਰੰਗਜ਼ੇਬ ਦੇ ਦਰਬਾਰ ਵਿਚ ਬਹੱਤਰ ਕਰਾਮਾਤਾਂ ਵਿਖਾਈਆਂ ਸਨ। ਭਾਵੇਂ ਸਿੱਖੀ ਵਿਚ ਕਰਾਮਾਤਾਂ ਵਾਸਤੇ ਕੋਈ ਥਾਂ ਨਹੀਂ, ਪਰ ਰਾਮ ਰਾਏ ਦੇ ਮਸੰਦ ਕਰਾਮਾਤੀ ਹੋਣ ਵਾਲੇ ਨੂੰ ਹੀ ਅਸਲੀ ਗੁਰੂ ਪਰਗਟ ਕਰਦੇ।

ਮੱਖਣ ਸ਼ਾਹ ਨੇ ਕਿਵੇਂ ਨਾ ਕਿਵੇਂ ਸਾਰੇ ਮਸੰਦਾਂ ਨੂੰ ਵਿਦਿਆ ਕੀਤਾ। ਫਿਰ ਉਹਨੇ ਆਪਣੇ ਨਾਲ ਆਈ ਸੰਗਤ ਨਾਲ ਸਲਾਹ ਕੀਤੀ। ਉਹਨੇ ਕਿਹਾ, "ਵੇਖੋ ਭਾਈ! ਅਸਲੀ ਗੁਰੂ ਤਾਂ ਇਕ ਹੀ ਹੋ ਸਕਦਾ ਹੈ, ਦੋ ਜਾਂ ਤਿੰਨ ਨਹੀਂ। ਸੋ ਸਾਨੂੰ ਕਿਸੇ ਸੁਚੱਜੇ ਢੰਗ ਨਾਲ ਸੱਚ ਝੂਠ ਨਿਤਾਰਨਾ ਚਾਹੀਦਾ ਹੈ।" ਉਹਨੇ ਇਸ ਕਾਰਜ ਵਾਸਤੇ ਇਕ ਵਿਉਂਤ ਬਣਾ ਲਈ, ਤੇ ਕੁਝ ਚੁਣਵੇਂ ਸਾਥੀਆਂ ਨੂੰ ਉਸ ਬਾਰੇ ਦੱਸ ਵੀ ਦਿਤਾ।

ਸੰਗਤ ਦੇ ਪੰਜ-ਸੱਤ ਮੁਖੀਏ ਗੁਰੂ ਦੀ ਪਰਖ ਕਰਨ ਵਾਸਤੇ ਤੁਰ ਪਏ। ਤੁਰਨ ਤੋਂ ਪਹਿਲਾਂ ਉਹਨਾਂ ਸਾਰਿਆਂ ਨੇ ਮਿਲ ਕੇ ਗੁਰੂ ਨਾਨਕ ਮਹਾਰਾਜ ਅੱਗੇ ਬੜੀ ਸ਼ਰਧਾ ਨਾਲ ਅਰਦਾਸ ਕੀਤੀ।

ਸਭ ਤੋਂ ਪਹਿਲਾਂ ਉਹ ਧੀਰ ਮੱਲ ਦੇ ਡੇਰੇ ਪੁੱਜੇ। ਉਹਦੇ ਦਰਬਾਰ ਦੀ

ਸ਼ਾਨ ਬਾਕੀਆਂ ਨਾਲੋਂ ਵਧੇਰੇ ਸੀ, ਤੇ ਧਨੀ ਹੋਣ ਕਰਕੇ ਓਸੇ ਨਾਲ ਮਸੰਦਾਂ ਦੀ ਗਿਣਤੀ ਬਹੁਤੀ ਸੀ ।

ਮਿਥੀ ਹੋਈ ਗੋਂਦ ਅਨੁਸਾਰ ਮੱਖਣ ਸ਼ਾਹ ਨੇ ਸੋਨੇ ਦੀਆਂ ਦੋ ਮੋਹਰਾਂ ਅੱਗੇ ਧਰਕੇ ਮੱਥਾ ਟੇਕਿਆ, ਤੇ ਨਾਲ ਹੀ ਹੱਥ ਜੋੜ ਕੇ ਬੇਨਤੀ ਕੀਤੀ, "ਸੱਚੇ ਪਾਤ-ਸ਼ਾਹ ! ਕਿਰਪਾ ਕਰਕੇ ਇਸ ਸੇਵਕ ਦੇ ਮਨ ਦੇ ਸ਼ੰਕੇ ਨਵਿਰਤ ਕਰੋ । ਇਕ ਦੀ ਥਾਂ ਤਿੰਨ ਗੁਰੂ ਹੋਣ ਦੇ ਕਾਰਨ ਸੰਗਤਾਂ ਬਹੁਤ ਪਰੇਸ਼ਾਨ ਹਨ । ਸੰਗਤ ਨੇ ਸਾਨੂੰ ਇਹ ਭਰਮ ਨਵਿਰਤ ਕਰਨ ਵਾਸਤੇ ਭੇਜਿਆ ਹੈ । ਸਾਨੂੰ ਅਸਲੀ ਗੁਰੂ ਦਾ ਪਤਾ ਲੱਗ ਜਾਵੇ, ਤਾਂ ਸਾਰੀ ਸੰਗਤ ਉਹਨਾਂ ਦੇ ਦਰਸ਼ਨ ਕਰਕੇ ਜਨਮ ਸਫਲਾ ਕਰ ਸਕੇ । ਤੁੱਠੇ ਹੋ ਤਾਂ ਇਹ ਭਰਮ ਨਵਿਰਤ ਕਰੋ ।"

ਧੀਰ ਮੱਲ ਵਿਚ ਉਹ ਸ਼ਕਤੀ ਤਾਂ ਹੈ ਨਹੀਂ ਸੀ, ਕਿ ਕਿਸੇ ਦੇ ਮਨ ਦੀ ਬੁੱਝ ਸੱਕੇ । ਉਹਨੂੰ ਆਪਣੇ ਮਸੰਦਾਂ ਰਾਹੀਂ ਏਨਾ ਪਤਾ ਲੱਗ ਗਿਆ ਸੀ, ਕਿ ਮੱਖਣ ਸ਼ਾਹ ਬੜਾ ਮਾਲਦਾਰ ਵਪਾਰੀ ਹੈ । ਸੋ, ਉਹਨੇ ਸਿੱਕੇਬੰਦ ਬੋਲੀ ਵਿਚ ਵਰ ਦੇਣੇ ਸ਼ੁਰੂ ਕਰ ਦਿਤੇ । "ਸਿੱਖਾ ! ਭਲੇ ਸਮੇਂ ਆਇਆ ਹੈਂ । ਤੂੰ ਨਕਲੀ ਗੁਰੂਆਂ ਦੇ ਜਾਲ ਵਿਚ ਨਹੀਂ ਫਸਿਆ, ਸਗੋਂ ਅਸਲੀ ਗੁਰੂ ਦੀ ਸ਼ਰਣ ਆਇਆ ਹੈਂ । ਗੁਰੂ ਨਾਨਕ ਦੀ ਬਖ਼ਸ਼ਸ਼ ਦੇ ਦਰ ਤੇਰੇ ਵਾਸਤੇ ਖੁਲ੍ਹ ਗਏ ਹਨ । ਜਾਹ, ਤੇਰਾ ਲੋਕ ਸੁਖੀ, ਪਰਲੋਕ ਸੁਹੇਲਾ । ਤੇਰੀਆਂ ਸਭ ਕਾਮਨਾਂ ਪੂਰੀਆਂ ਹੋਣਗੀਆਂ । ਤੇਰੇ ਬਪਾਰ ਵਿਚ ਵਾਧਾ ਹੋਵੇਗਾ । ਤੂੰ ਬਹੁਤ ਧਨ ਕਮਾਵੇਂਗਾ । ਬਾਕੀ ਸੰਗਤਾਂ ਨੂੰ ਵੀ ਪ੍ਰੇਰ ਕੇ ਝੂਠੇ ਗੁਰੂਆਂ ਦੇ ਜਾਲ ਵਿਚੋਂ ਕਢ, ਤੇ ਅਸਲੀ ਗੁਰੂ ਦੀ ਸ਼ਰਣ ਵਿਚ ਲਿਆ । ਅਸੀਂ ਤੇਰੇ ਅੰਗ ਸੰਗ ਸਹਾਈ ਹੋਵਾਂਗੇ ।"

ਕੋਲੋਂ ਮਸੰਦਾਂ ਨੇ ਵੀ ਧੀਰਮੱਲ ਦੀ ਹਾਂ ਵਿਚ ਹਾਂ ਮਿਲਾਈ । ਉਹਨਾਂ ਮੱਖਣ ਸ਼ਾਹ ਨੂੰ ਵਧਾਈਆਂ ਦਿਤੀਆਂ । "ਸਿੱਖਾ ! ਭਲੇ ਸਮੇਂ ਆਇਆ ਏਂ । ਬੱਸ ਤੇਰੇ ਹੱਕ ਵਿਚ ਧੰਨ ਧੰਨ ਹੋ ਗਈ । ਜਾਹ, ਤੇਰੀਆਂ ਸਭ ਕਾਮਨਾਂ ਪੂਰੀਆਂ ਹੋ ਗਈਆਂ ।"

ਇਹਨਾਂ ਅਸ਼ੀਰਵਾਦਾਂ ਦਾ ਮੱਖਣ ਸ਼ਾਹ ਦੇ ਦਿਲ 'ਤੇ ਕੁਝ ਚੰਗਾ ਅਸਰ ਨਾ ਪਿਆ । ਉਹਨੂੰ ਧੀਰ ਮੱਲ ਦੇ ਚਿਹਰੇ ਉਤੇ ਉਹ ਤਪ-ਤੇਜ ਵੀ ਨਾ ਦਿੱਸਿਆ, ਜੋ ਮਹਾਨ ਪੁਰਸ਼ਾਂ ਦੇ ਕੁਦਰਤੀ ਹੋਇਆ ਕਰਦਾ ਹੈ । ਅੰਦਰੋਂ ਉਹਦੀ ਆਤਮਾ

ਨੇ ਬਿਨਾਂ ਆਵਾਜ਼ ਕਿਹਾ, 'ਨਹੀਂ', ਇਹ ਅਸਲੀ ਗੁਰੂ ਨਹੀਂ।"

ਫਿਰ ਮੱਖਣ ਸ਼ਾਹ, ਹਰਿਜੀ ਤੇ ਰਾਮ ਰਾਏ ਦੇ ਡੇਰਿਆਂ 'ਤੇ ਵੀ ਗਿਆ। ਉਹਨੇ ਪਹਿਲੇ ਵਾਂਗ ਦੋ-ਦੋ ਮੋਹਰਾਂ ਰੱਖ ਕੇ ਮੱਥਾ ਟੇਕਿਆ, ਤੇ ਮਨ ਦੀ ਸ਼ੰਕਾ ਨਵਿਰਤੀ ਵਾਸਤੇ ਬੇਨਤੀ ਕੀਤੀ ; ਦੋਹਾਂ ਨੇ ਖੁੱਲ੍ਹੇ ਦਿਲ ਵਰ ਤੇ ਅਸੀਸਾਂ ਦਿਤੀਆਂ। ਪਰ ਮੱਖਣ ਸ਼ਾਹ ਦਾ ਮਨ ਕਿਤੇ ਵੀ ਪਜੀਜਿਆ ਨਾ। ਨਿਰਾਸ ਹੋ ਕੇ ਉਹ ਵਾਪਸ ਆਪਣੇ ਡੇਰੇ ਪਰਤ ਆਇਆ। ਉਸ ਵੇਲੇ ਉਹ ਬਹੁਤ ਪਰੇਸ਼ਾਨ ਸੀ।

ਸਾਰੀ ਰਾਤ ਉਹਨੇ ਗੁਰੂ ਨਾਨਕ ਦੇਵ ਜੀ ਅੱਗੇ ਅਰਦਾਸ ਕਰਦਿਆਂ ਗੁਜ਼ਾਰ ਦਿਤੀ। ਉਹਦੀ ਇਕੋ ਬੇਨਤੀ ਸੀ, ਕਿ ਜਿਹੜਾ ਅਸਲੀ ਗੁਰੂ ਹੈ, ਉਹ ਦਸਵੰਧ ਦੀ ਪੰਜ ਸੌ ਮੋਹਰ ਆਪਣੀ ਜ਼ਬਾਨੀ ਮੰਗ ਲਵੇ, ਤਾਂਕਿ ਮੇਰੇ ਮਨ ਦਾ ਭਰਮ ਮਿਟ ਜਾਵੇ, ਤੇ ਨਾਲੇ ਸੰਗਤਾਂ ਦਾ ਭੁਲੇਖਾ ਦੂਰ ਹੋ ਜਾਵੇ। ਪੰਜਵੇਂ ਪਾਤਸ਼ਾਹ ਨੇ ਫੁਰਮਾਇਆ ਹੈ :

'ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ।'

(ਰਾਗ ਬਿਲਾਵਲ, ਪੰਨਾ ੮੧੯)

ਸੱਚੇ ਦਿਲ ਨਾਲ ਕੀਤੀ ਹੋਈ ਅਰਦਾਸ ਕਦੇ ਬਿਰਥੀ ਨਹੀਂ ਜਾਇਆ ਕਰਦੀ।

ਅਗਲੇ ਦਿਨ ਮੱਖਣ ਸ਼ਾਹ ਅਜੇ ਉਠਿਆ ਵੀ ਨਹੀਂ ਸੀ, ਜਾਂ ਬਨਾਉਟੀ ਗੁਰੂਆਂ ਦੇ ਮਸੰਦ ਉਹਦਾ ਬੂਹਾ ਮੱਲੀ ਬੈਠੇ ਸਨ। ਇਸ ਗੱਲ ਦਾ ਵੀ ਉਹਦੇ ਮਨ 'ਤੇ ਉਲਟਾ ਹੀ ਅਸਰ ਪਿਆ।

ਮਸੰਦਾਂ ਨੂੰ ਵਿਦਿਆ ਕਰਕੇ ਮੱਖਣ ਸ਼ਾਹ ਕੁਛ ਚੋਣਵੇਂ ਸਾਥੀਆਂ ਨੂੰ ਨਾਲ ਲੈ ਕੇ ਨਗਰ ਵੱਲ ਤੁਰ ਪਿਆ। ਪਿੰਡ ਦੇ ਕੁਛ ਸਿਆਣੇ ਪੁਰਸ਼ਾਂ ਨੂੰ ਪੁਛਣ 'ਤੇ ਪਤਾ ਲੱਗਾ, ਕਿ ਗੁਰੂ ਹਰਿਗੋਬਿੰਦ ਜੀ ਦੇ ਦੂਸਰੇ ਮਹਿਲ ਮਾਤਾ ਨਾਨਕੀ ਜੀ ਦੇ ਪੇਕੇ ਏਸੇ ਨਗਰ ਵਿਚ ਹਨ। ਕਰਤਾਰਪੁਰ ਦੀ ਲੜਾਈ ਤੋਂ ਪਿਛੋਂ ਆਪ ਨੋਂਹ ਪੁੱਤਰ ਸਮੇਤ ਏਥੇ ਹੀ ਰਹਿ ਰਹੇ ਹਨ। ਉਹਨਾਂ ਦੇ ਪੁੱਤਰ ਬਾਬਾ ਤੇਗ ਬਹਾਦਰ ਜੀ ਛੇਵੇਂ ਗੁਰੂ ਜੀ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਹਨ। ਸੋ ਬਾਬਾ ਤੇਗ ਬਹਾਦਰ ਜੀ ਤੇ ਉਹਨਾਂ ਦੀ ਧਰਮ ਪਤਨੀ ਮਾਤਾ ਗੁਜਰੀ ਜੀ ਅੱਠੇ ਪਹਿਰ ਨਿਰੰਕਾਰ ਦੇ ਸਿਮਰਨ ਵਿਚ ਲੀਨ ਰਹਿੰਦੇ ਹਨ। ਉਹ ਦੋਵੇਂ ਕਿਸੇ ਨਾਲ ਗੱਲਬਾਤ ਨਹੀਂ ਕਰਦੇ। ਆਪ ਚਾਹੋ, ਤਾਂ

ਉਹਨਾਂ ਦੇ ਮਾਤਾ ਨਾਨਕੀ ਜੀ ਨੂੰ ਮਿਲ ਸਕਦੇ ਹੋ। ਅੱਠਵੇਂ ਪਾਤਸ਼ਾਹ ਦੇ ਜੋਤੀ-ਜੋਤ ਸਮਾਉਣ ਤੋਂ ਪਹਿਲਾਂ ਸਿਰਫ਼ ਓਹਾ ਇਸ ਨੱਗਰ ਵਿਚ ਰਹਿੰਦੇ ਸਨ। ਬਾਕੀ ਦੇ ਸਾਰੇ ਸੋਢੀ ਹੁਣੇ ਹੁਣੇ ਹੀ ਇਸ ਨੱਗਰ ਵਿਚ ਆਏ ਹਨ।

ਇਹ ਖ਼ਬਰ ਸੁਣ ਕੇ ਮੱਖਣ ਸ਼ਾਹ ਦਾ ਅੱਧਾ ਭਰਮ ਦੂਰ ਹੋ ਗਿਆ। ਉਹਦੀ ਆਤਮਾ ਨੇ ਕਿਹਾ, 'ਤੇਰੀ ਅਰਦਾਸ ਸਫਲ ਹੋਈ। ਅਸਲੀ ਗੁਰੂ ਓਹਾ ਹਨ।'

ਇਕ ਨੱਗਰ ਨਿਵਾਸੀ ਬਜ਼ੁਰਗ ਨੂੰ ਨਾਲ ਲੈਕੇ ਮੱਖਣ ਸ਼ਾਹ ਸਹੀ ਦੁਆਰੇ ਜਾ ਪੁਜਾ। ਛੋਟਾ ਜਿਹਾ ਸਾਦਾ ਘਰ ਸੀ। ਨਾ ਉਥੇ ਕੋਈ ਸਾਜ਼ ਸਾਮਾਨ ਸੀ, ਨਾ ਤਾਰੀਫ਼ਾਂ ਕਰਨ ਵਾਲਾ ਮਸੰਦ। ਮਾਤਾ ਨਾਨਕੀ ਜੀ ਆਏ ਮੱਖਣ ਸ਼ਾਹ ਤੇ ਉਹਦੇ ਸਾਥੀਆਂ ਨੂੰ ਬੜੇ ਸਤਕਾਰ ਨਾਲ ਮਿਲੇ, ਤੇ ਸਭ ਨੂੰ ਜਲਪਾਣੀ ਦੀ ਸੇਵਾ ਪੁਛੀ। ਮੱਖਣ ਸ਼ਾਹ ਨੇ ਬੜੇ ਸਤਕਾਰ ਨਾਲ ਹੱਥ ਜੋੜ ਕੇ ਬੇਨਤੀ ਕੀਤੀ, "ਮਾਤਾ ਜੀ ! ਸਾਡੀ ਤਾਂਘ ਪੂਰੀ ਕਰੋ, ਬਾਬਾ ਤੇਗ ਬਹਾਦਰ ਜੀ ਦੇ ਦਰਸ਼ਨ ਕਰਾ ਦਿਹੋ। ਅਸੀਂ ਡੇਰਿਓਂ ਅਰਦਾਸ ਕਰਕੇ ਤੁਰੇ ਹਾਂ, ਕਿ ਦਰਸ਼ਨ ਕਰਕੇ ਹੀ ਜਲ ਪਾਣੀ ਛਕਾਂਗੇ।"

ਮਾਤਾ ਨਾਨਕੀ ਜੀ ਚੁੱਪ ਚਾਪ ਅੰਦਰ ਚਲੇ ਗਏ। ਉਹਨਾਂ ਮਹਾਰਾਜ ਨੂੰ ਸਾਰੀ ਕਹਾਣੀ ਸੁਣਾ ਕੇ ਸਿੱਖਾਂ ਦੀ ਆਸ ਪੂਰੀ ਕਰਨ ਵਾਸਤੇ ਬੇਨਤੀ ਕੀਤੀ। ਇਕ ਪਲ ਸੋਚਣ ਪਿਛੋਂ ਮਹਾਰਾਜ ਨੇ ਮੱਖਣ ਸ਼ਾਹ ਨੂੰ ਅੰਦਰ ਆਉਣ ਦੀ ਆਗਿਆ ਦੇ ਦਿਤੀ।

ਦੋ-ਚਾਰ ਚੁਣਵੇਂ ਸਾਥੀਆਂ ਸਮੇਤ ਮੱਖਣ ਸ਼ਾਹ ਅੰਦਰ ਗਿਆ, ਜਿੱਥੇ ਸੱਚੇ ਪਾਤਸ਼ਾਹ ਬੈਠੇ ਤਪ ਕਰ ਰਹੇ ਸਨ। ਹੇਠਾਂ ਸਾਦਾ ਜੇਹਾ ਕੱਪੜਾ ਵਿਛਿਆ ਹੋਇਆ ਸੀ, ਜਿਸ ਉਤੇ ਮਹਾਰਾਜ ਚੌਂਕੜਾ ਮਾਰੀ ਬੈਠੇ ਸਨ। ਇਕ ਪਾਸੇ ਮਾਤਾ ਗੁੱਜਰੀ ਜੀ ਹੱਥ ਜੋੜੀ ਬੈਠੇ ਸਨ। ਮੱਖਣ ਸ਼ਾਹ ਉਸ ਨੂਰੀ ਮੁੱਖੜੇ ਦੇ ਦਰਸ਼ਨ ਕਰਕੇ ਬਹੁਤ ਪਰਭਾਵਤ ਹੋਇਆ। ਹਜ਼ੂਰ ਦਾ ਚਿਹਰਾ ਬੜਾ ਸ਼ਾਂਤ ਤੇ ਤਪ-ਤੇਜ ਵਾਲਾ ਸੀ। ਮੱਖਣ ਸ਼ਾਹ ਨੇ ਦੋ ਮੋਹਰਾਂ ਸਾਮ੍ਹਣੇ ਧਰ ਕੇ ਮੱਥਾ ਟੇਕਿਆ, ਤੇ ਨਾਲ ਹੀ ਹੱਥ ਬੰਨ੍ਹ ਕੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ ! ਸੇਵਕ ਨੂੰ ਹਨ੍ਹੇਰੇ ਵਿਚ ਨਾ ਰੱਖੋ। ਗੁਰੂ ਨਾਨਕ ਦੇ ਨਾਮ ਦਾ ਵਾਸਤਾ ਜੇ, ਦਾਸ ਦਾ ਭਰਮ ਨਵਿਰਤ ਕਰੋ। ਸੰਗਤਾਂ ਬਹੁਤ ਪਰੇਸ਼ਾਨ ਹਨ। ਸੇਵਕ ਦੇ ਔਗਣਾਂ ਨੂੰ ਨਾ ਚਿਤਾਰੋ। ਗੁਰੂ ਨਾਨਕ ਦੀਆਂ

ਸੰਗਤਾਂ ਦਾ ਸਦਕਾ ਮੇਰਾ ਭਰਮ ਨਵਿਰਤ ਕਰੋ ।" ਨਾਲ ਹੀ ਉਹਨੇ ਇਕਵਾਰ ਫਿਰ ਧਰਤੀ 'ਤੇ ਮੱਥਾ ਟੇਕਿਆ ।

ਮੱਖਣ ਸ਼ਾਹ ਦੀ ਬੇਨਤੀ ਵਿਚ ਅਜੇਹਾ ਤਰਲਾ ਸੀ, ਜਿਸਨੇ ਗੁਰੂ ਮਹਾਰਾਜ ਦੇ ਦਿਲ 'ਤੇ ਬਹੁਤ ਅਸਰ ਕੀਤਾ । ਕੁਛ ਮਿੰਟ ਚੁੱਪ ਰਹਿਣ ਪਿਛੋਂ ਹਜ਼ੂਰ ਬੜੀ ਗੰਭੀਰਤਾ ਨਾਲ ਬੋਲੇ, "ਸਿੱਖਾ ! ਬਹੁਤ ਵੱਡੀ ਹੱਦ ਪਾ ਦਿਤੀ ਊ । ਸਾਨੂੰ ਮਾਇਆ ਦੀ ਇੱਛਿਆ ਨਹੀਂ, ਪਰ ਕਿਹਾਂ ਬਿਨਾਂ ਤੇਰਾ ਭਰਮ ਨਵਿਰਤ ਵੀ ਨਹੀਂ ਹੁੰਦਾ । ਇਹ ਦੋ ਮੋਹਰਾਂ ਸਾਡੀਆਂ ਨਹੀਂ । ਸਾਡਾ ਹੱਕ ਤੇਰਾ ਦਸਵੰਧ, ਪੰਜ ਸੌ ਮੋਹਰ ਹੈ, ਜੋ ਘਰੋਂ ਦਿਲ ਵਿਚ ਧਾਰ ਕੇ ਤੁਰਿਆ ਸੈਂ । ਤੇਰੀ ਅਰਦਾਸ ਪੂਰੀ ਹੋਈ ।"

ਮੱਖਣ ਸ਼ਾਹ ਦਾ ਭਰਮ ਨਵਿਰਤ ਹੋ ਗਿਆ । ਉਹ ਇਕ ਵਾਰ ਫਿਰ ਗੁਰਦੇਵ ਦੇ ਚਰਨਾਂ 'ਤੇ ਝੁਕ ਗਿਆ । ਮਨ ਖ਼ੁਸ਼ੀ ਨਾਲ ਭਰ ਗਿਆ । ਕਮਰੇ 'ਚੋਂ ਬਾਹਰ ਨਿੱਕਲ ਕੇ ਉਹਨੇ ਪੱਲਾ ਫੇਰਿਆ ਤੇ ਉੱਚੀ ਉੱਚੀ ਕਿਹਾ "ਗੁਰੂ ਲਾਧੋ ਰੇ ! ਗੁਰੂ ਲਾਧੋ ਰੇ ।'

ਮੱਖਣ ਸ਼ਾਹ ਦੀ ਉੱਚੀ ਆਵਾਜ਼ ਸੁਣ ਕੇ ਬਹੁਤ ਸਾਰੀਆਂ ਸੰਗਤਾਂ ਇਕੱਠੀਆਂ ਹੋ ਗਈਆਂ । ਮੱਖਣ ਸ਼ਾਹ ਨੇ ਜਹਾਜ਼ ਦੇ ਸੰਕਟ ਵਿਚ ਫਸਣ ਤੋਂ ਲੈ ਕੇ ਗੁਰੂ ਦੀ ਪ੍ਰੀਖੀਆ ਤਕ ਸਾਰੀ ਕਹਾਣੀ ਕਹਿ ਸੁਣਾਈ ਤੇ ਅੰਤ ਵਿਚ ਬੜੀ ਦ੍ਰਿੜ੍ਹਤਾ ਭਰੀ ਸੁਰ ਵਿਚ ਕਿਹਾ "ਅਸਲੀ ਗੁਰੂ ਲਭ ਲਿਆ ਹੈ ।"

## ਨੌਵੇਂ ਗੁਰੂ ਗੱਦੀ ਬੈਠੇ

ਭਰਮ ਨਵਿਰਤ ਹੋ ਗਿਆ । ਅਸਲੀ ਗੁਰੂ ਲਭ ਪਿਆ । ਪਰ ਭੇਖੀ ਗੁਰੂਆਂ ਨੇ ਅਜੇ ਹੌਸਲਾ ਨਾ ਹਾਰਿਆ । ਉਹਨਾਂ ਦੇ ਮਸੰਦਾਂ ਨੇ ਆਪਣਾ ਪਰਚਾਰ ਜਾਰੀ ਰੱਖਿਆ ।

ਮੱਖਣ ਸ਼ਾਹ ਨੇ ਸੰਗਤ ਵਿਚੋਂ ਮੁਖੀ ਸਿੱਖਾਂ ਨੂੰ ਇਕੱਠਿਆਂ ਕਰਕੇ ਨੌਵੇਂ ਗੁਰੂ ਨੂੰ ਗੱਦੀ ਉਤੇ ਬਿਠਾਉਣ ਦੀ ਸਲਾਹ ਕੀਤੀ । ਗੁਰੂ ਅੰਗਦ ਦੇਵ ਜੀ ਤੋਂ ਹੀ ਮਰਯਾਦਾ ਚਲੀ ਆਉਂਦੀ ਸੀ, ਕਿ ਗੱਦੀ ਉਤੇ ਬੈਠਣ ਵਾਲੇ ਨਵੇਂ ਗੁਰੂ ਨੂੰ ਗੁਰਿਆਈ ਦਾ ਤਿਲਕ ਬਾਬਾ ਬੁੱਢਾ ਜੀ ਦਿਆ ਕਰਦੇ ਸਨ । ਦੂਸਰੇ ਤੋਂ ਛੇਵੇਂ ਗੁਰੂ ਤਕ ਬਾਬਾ ਬੁੱਢਾ ਜੀ ਹੀ ਤਿਲਕ ਦੇਂਦੇ ਆਏ । ਬਾਬਾ ਬੁੱਢਾ ਜੀ ੧੬੯੯ ਬਿ:

- ਸੁੱਘਾ, ਰੰਧਾਵਾ ਜੱਟ
  - ਬਾਬਾ ਬੁੱਢਾ (੧੫੬੩-੧੬੮੮ ਬਿ:)
    - ਸੁਧਾਰੀ
    - ਭਿਖਾਰੀ
    - ਮਹਿਮੂ
    - ਭਾਨਾ (੧੫੯੩-੧੭੦੧ ਬਿ.)
      - ਜਲਾਲ (੧੬੧੫-੧੭੦੧ ਬਿ.)
      - ਸਰਵਣ (੧੬੧੭-੧੭੦੮ ਬਿ.)
        - ਝੰਡਾ (੧੬੩੭-੧੭੧੮ ਬਿ.)
          - ਗੁਰਦਿਤਾ (੧੬੮੨-੧੭੩੨ ਬਿ.)
            - ਭਾਈ ਰਾਮ ਕੁੰਵਰ (ਗੁਰਬਖ਼ਸ਼ ਸਿੰਘ) ੧੭੨੯-੧੮੧੮ਬਿ.

ਵਿਚ ਜੋਤੀ ਜੋਤ ਸਮਾ ਗਏ, ਤਾਂ ਛੇਵੇਂ ਪਾਤਸ਼ਾਹ ਨੇ ਗੁਰਿਆਈ ਦਾ ਤਿਲਕ ਦੇਣ ਦਾ ਅਧਿਕਾਰ ਉਹਨਾਂ ਦੀ ਅੰਸ ਨੂੰ ਸੌਂਪ ਦਿਤਾ। ਗੁਰੂ ਹਰਿ ਰਾਏ ਸਾਹਿਬ ਜੀ ਨੂੰ ਗੁਰਿਆਈ ਦਾ ਤਿਲਕ ਬਾਬਾ ਬੁੱਢਾ ਜੀ ਦੇ ਪੁੱਤਰ ਭਾਈ ਭਾਨਾ ਜੀ ਨੇ ਦਿਤਾ। ਭਾਈ ਭਾਨਾ ਜੀ ਉਸੇ ਸਾਲ ਸੁਰਗਵਾਸ ਹੋ ਗਏ। ਭਾਨਾ ਜੀ ਦਾ ਪੁੱਤਰ ਭਾਈ ਸਰਵਣ ਤੇ ਭਾਈ ਸਰਵਣ ਦਾ ਅੱਗੇ ਭਾਈ ਝੰਡਾ ਹੋਇਆ। ਭਾਈ ਝੰਡਾ ੧੭੧੮ ਬਿ. ਵਿਚ ਸੁਰਗਵਾਸ ਹੋ ਗਿਆ। ਜਦ ਗੁਰੂ ਹਰਿਕ੍ਰਿਸ਼ਨ ਜੀ ਗੱਦੀ 'ਤੇ ਬੈਠੇ (੮ ਕੱਤਕ, ੧੭੧੮ ਬਿ:), ਉਹਨਾਂ ਨੂੰ ਗੁਰਿਆਈ ਦਾ ਤਿਲਕ ਭਾਈ ਗੁਰਦਿਤਾ ਜੀ ਨੇ ਦਿਤਾ। ਭਾਈ ਗੁਰਦਿਤਾ ਜੀ ਬਾਬਾ ਬੁੱਢਾ ਦੇ ਪੋਤਰੇ ਦੇ ਪੋਤਰੇ ਸਨ।

ਮੱਖਣ ਸ਼ਾਹ ਨੇ ਸੰਗਤ ਵਿਚੋਂ ਮੁਖੀ ਸਿੱਖਾਂ ਨੂੰ ਇਕੱਠਾ ਕੀਤਾ। ਉਹਨਾਂ ਵਿਚੋਂ ਕੁਛ ਖ਼ਾਸ ਨਾਮ ਹਨ, ਭਾਈ ਗੁਰਦਿਤਾ ਬਾਬਾ ਬੁੱਢਾ ਜੀ ਦੀ ਬੰਸ ਵਿਚੋਂ, ਭਾਈ ਗੜ੍ਹੀਆ, ਬਾਬਾ ਦੁਆਰਕਾ ਦਾਸ ਭੱਲਾ[1]। ਸੋ ਪੂਰਨ ਵਿਧੀ ਅਨੁਸਾਰ ਗੁਰੂ ਤੇਗ ਬਹਾਦਰ ਜੀ ਨੂੰ ਚੇਤ ਸੁਦੀ ੧੪, ਮਿਤੀ ੨੪ ਚੇਤ, ੧੭੨੨ ਬਿ. (੨੦ ਮਾਰਚ, ੧੬੬੫ ਈ:) ਵਾਲੇ ਸ਼ੁਭ ਦਿਨ ਗੱਦੀ 'ਤੇ ਬਿਠਾ ਕੇ ਬਾਬਾ ਗੁਰਦਿਤਾ ਜੀ ਨੇ ਗੁਰਿਆਈ ਦਾ ਤਿਲਕ ਦਿਤਾ। ਆਪ ਸਿੱਖਾਂ ਦੇ ਨੌਵੇਂ ਗੁਰੂ ਬਣੇ।

ਰਸਮ ਬੜੀ ਸ਼ਾਨ ਨਾਲ ਹੋਈ। ਮਾਤਾ ਨਾਨਕੀ ਜੀ ਦੀ ਜਨਮ ਭਰ ਦੀ ਸੱਧਰ ਪੂਰੀ ਹੋਈ। ਸਭ ਤੋਂ ਪਹਿਲਾਂ ਬਾਬਾ ਗੁਰਦਿਤਾ ਜੀ ਨੇ ਅੱਠਵੇਂ ਗੁਰੂ ਵੱਲੋਂ ਭੇਜੇ ਹੋਏ ਪੰਜ ਪੈਸੇ ਤੇ ਨਲੀਏਰ ਸਾਮ੍ਹਣੇ ਧਰ ਕੇ ਮੱਥਾ ਟੇਕਿਆ। ਉਸੇ ਸਮੇਂ ਮਾਤਾ ਨਾਨਕੀ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ ਦੇ ਬਖ਼ਸ਼ੇ ਹੋਏ ਸ਼ਸਤਰ, ਬਸਤਰ ਤੇ ਮੋਤੀਆਂ ਦੀ ਮਾਲਾ ਮਹਾਰਾਜ ਨੂੰ ਪਹਿਨਾਈ। ਫਿਰ ਭਾਈ ਮੱਖਣ ਸ਼ਾਹ ਨੇ ਸੁੱਖਣਾ ਦੀ ਪੰਜ ਸੌ ਮੋਹਰ ਭੇਟਾ ਧਰੀ। ਨਾਲ ਹੀ ਉਸਨੇ ਬਸਤਰ ਆਦਿ ਕੁਛ ਹੋਰ ਸੁਗਾਤਾਂ ਵੀ ਭੇਟਾ ਕੀਤੀਆਂ। ਸੰਗਤਾਂ ਦੀ ਖ਼ੁਸ਼ੀ ਤੇ ਸ਼ਰਧਾ ਦਾ ਕੋਈ ਪਾਰਾਵਾਰ ਨਹੀਂ ਸੀ।

ਜਿਵੇਂ ਲੰਮੀ ਔੜ ਪਿਛੋਂ ਮੀਂਹ ਵਰ੍ਹਦਾ ਹੈ, ਗਿਆਰਾਂ ਮਹੀਨੇ ਪਿਛੋਂ ਸੰਗਤਾਂ ਨੂੰ ਅਸਲੀ ਗੁਰੂ ਲੱਭਾ ਸੀ। ਹਰ ਸ਼ਰਧਾਲੂ ਨੇ ਯਥਾ ਸ਼ਕਤ ਜ਼ੇਵਰ, ਬਸਤਰ,

---

1 ਮਹਿਮਾ ਪ੍ਰਕਾਸ਼, ਭਾਸ਼ਾ ਵਿਭਾਗ ਦਾ ਛਪਿਆ, ਪੰਨਾ ੬੫੫। ਦਵਾਰਕਾ ਦਾਸ, ਗੁਰੂ ਅਮਰ ਦਾਸ ਜੀ ਦਾ ਪੜੋਤਰਾ ਸੀ।

ਮਾਇਆ ਆਦਿ ਭੇਟਾ ਕੀਤੇ। ਚੜ੍ਹਾਵੇ ਦਾ ਕੋਈ ਹਿਸਾਬ ਨਾ ਰਿਹਾ। ਇਕੋ ਦਿਨ ਵਿਚ ਮਾਤਾ ਨਾਨਕੀ ਦਾ ਘਰ ਭਰ ਗਿਆ। ਨੱਗਰ ਬਕਾਲਾ ਦੀਆਂ ਗਲੀਆਂ 'ਧੰਨ ਗੁਰੂ ਤੇਗ ਬਹਾਦਰ ਜੀ' ਦੀ ਧੁਨੀ ਨਾਲ ਗੂੰਜ ਉਠੀਆਂ।

ਦੂਸਰੇ ਪਾਸੇ ਭੇਖੀ ਗੁਰੂਆਂ ਦੀਆਂ ਆਸਾਂ ਉਤੇ ਜਿਵੇਂ ਗੜੇਮਾਰ ਹੋ ਗਈ। ਏਨਾ ਚੜ੍ਹਾਵਾ ਵੇਖਕੇ ਉਹਨਾਂ ਦੀਆਂ ਅੱਖਾਂ ਪਾਟ ਗਈਆਂ। ਸਭ ਤੋਂ ਵਧੇਰੇ ਦੁੱਖ ਹੋਇਆ ਧੀਰ ਮੱਲ ਨੂੰ। ਉਹ ਤਾਂ ਅਸਲੋਂ ਹੀ ਸੜ-ਬਲ ਗਿਆ।

## ਗੁਰੂ ਜੀ ਦੀ ਜਾਨ ਲੈਣ ਦਾ ਯਤਨ

ਧੀਰਮੱਲ ਬਚਪਨ ਤੋਂ ਹੀ ਬੜੇ ਖੋਟੇ ਸੁਭਾਉ ਦਾ ਮਾਲਕ ਸੀ। ਉਸਦੇ ਸਲਾਹਕਾਰ ਉਸ ਨਾਲੋਂ ਵੀ ਮਾੜੇ ਸਨ। ਕਰਤਾਰਪੁਰ ਦੀ ਲੜਾਈ ਵਿਚ ਘਰ ਦਾ ਭੇਤ ਦੇ ਕੇ ਉਹਨੇ ਪੈਂਦੇ ਖ਼ਾਨ ਨੂੰ ਰਾਤ ਹਮਲਾ ਕਰਨ ਵਾਸਤੇ ਪ੍ਰੇਰਿਆ ਸੀ। ਉਹਦੀ ਇਛਿਆ ਸੀ, ਕਿ ਲੜਾਈ ਵਿਚ ਉਹਦੇ ਪਿਤਾ (ਬਾਬਾ ਗੁਰਦਿਤਾ ਜੀ) ਤੇ ਦਾਦਾ (ਗੁਰੂ ਹਰਿਗੋਬਿੰਦ ਸਾਹਿਬ) ਮਾਰੇ ਜਾਣ, ਤਾਂ ਉਹ ਓਸੇ ਸਮੇਂ ਗੁਰੂ ਬਣ ਸਕਦਾ ਹੈ। ਕਿਉਂਕਿ ਛੇਵੇਂ ਗੁਰੂ ਦਾ ਵੱਡਾ ਪੋਤਰਾ ਹੋਣ ਕਰਕੇ ਗੁਰਿਆਈ ਉਤੇ ਓਸੇ ਦਾ ਹੱਕ ਹੈ। ਪਰ ਉਸ ਲੜਾਈ ਦਾ ਸਿੱਟਾ ਉਹਦੀ ਇਛਿਆ ਦੇ ਉਲਟ ਨਿਕਲਿਆ। ਫਿਰ ਛੇਵੇਂ ਪਾਤਸ਼ਾਹ ਨੇ ਗੁਰਗੱਦੀ ਹਰਿਰਾਇ ਸਾਹਿਬ ਜੀ ਨੂੰ ਦੇ ਦਿਤੀ, ਤਾਂ ਧੀਰ ਮੱਲ ਬਹੁਤ ਹੀ ਔਖਾ ਹੋਇਆ। ਉਹਨੇ ਸ਼ਾਹਜਹਾਨ ਦੇ ਦਰਬਾਰ ਵਿਚ ਵੀ ਦਰਖ਼ਾਸਤ ਕੀਤੀ, ਪਰ ਓਥੇ ਉਹਦੀ ਸੁਣੀ ਨਾ ਗਈ। ਉਹ ਹੋਰ ਤਾਂ ਕੁਝ ਨਾ ਕਰ ਸੱਕਿਆ, ਪਰ ਕਰਤਾਰਪੁਰ ਵਿਚ ਆਪ ਗੱਦੀ ਲਾ ਕੇ ਬਹਿੰਦਾ ਰਿਹਾ ਤੇ ਗੁਰੂ ਅਖਵਾਉਂਦਾ ਰਿਹਾ।

੧੭੧੫ ਬਿ. ਵਿਚ ਸ਼ਾਹਜਹਾਨ ਨੂੰ ਕੈਦ ਕਰਕੇ ਔਰੰਗਜ਼ੇਬ ਤਖ਼ਤ ਸੰਭਾਲ ਬੈਠਾ। ਦੋ ਸਾਲ ਵਿਚ ਆਪਣੇ ਭਰਾਵਾਂ ਭਤੀਜਿਆਂ ਨਾਲ ਨਜਿੱਠ ਕੇ ਔਰੰਗਜ਼ੇਬ ਨੇ ਬਾਕਾਇਦਾ ਬਾਦਸ਼ਾਹ ਹੋਣ ਦਾ ਐਲਾਨ ਕੀਤਾ। ਫਿਰ ਧੀਰ ਮੱਲ ਨੇ ਉਸ ਕੋਲ ਦਰਖ਼ਾਸਤ ਕੀਤੀ। ਉਹਦੀ ਮੰਗ ਸੀ, ਕਿ ਉਸਦੇ ਦਾਦਾ ਜੀ (ਗੁਰੂ ਹਰਿਗੋਬਿੰਦ ਸਾਹਿਬ) ਨੇ ਉਹਦਾ ਹੱਕ ਮਾਰਕੇ ਗੱਦੀ ਉਹਦੇ ਛੋਟੇ ਭਰਾ (ਹਰਿਰਾਇ ਸਾਹਿਬ) ਨੂੰ ਦੇ ਦਿਤੀ ਹੈ। ਬਾਦਸ਼ਾਹ ਸਰਕਾਰੀ ਰਸੂਖ਼ ਨਾਲ ਉਹਨੂੰ ਉਸਦਾ ਹੱਕ ਦੁਆਵੇ।

ਔਰੰਗਜ਼ੇਬ ਚਾਹੁੰਦਾ ਹੀ ਸੀ, ਕਿ ਸਿੱਖ ਜਥੇਬੰਦੀ ਵਿਚ ਫੁੱਟ ਪਵੇ। ਉਹਨੇ ਗੁਰੂ ਹਰਿਰਾਇ ਸਾਹਿਬ ਜੀ ਨੂੰ ਦਿੱਲੀ ਬੁਲਾ ਭੇਜਿਆ। ਗੁਰੂ ਮਹਾਰਾਜ ਆਪ ਤਾਂ ਦਿੱਲੀ ਨਾ ਗਏ, ਪਰ ਬਾਦਸ਼ਾਹ ਦੇ ਬੁਲਾਵੇ ਉਤੇ ਆਪਣੇ ਵੱਡੇ ਸਾਹਿਬਜ਼ਾਦੇ ਰਾਮ ਰਾਏ ਨੂੰ ਭੇਜਿਆ। ਰਾਮ ਰਾਏ ਬੜਾ ਸਮਝਦਾਰ ਤੇ ਹਾਜ਼ਰ-ਜਵਾਬ ਸੀ। ਔਰੰਗ-ਜ਼ੇਬ ਦੇ ਹਰ ਸਵਾਲ ਦਾ ਜਵਾਬ ਉਹਨੇ ਬੜੀ ਯੋਗਤਾ ਨਾਲ ਦਿਤਾ। ਪਰ ਅੰਤ 'ਤੇ ਆ ਕੇ ਉਹ ਸਿਦਕ ਤੋਂ ਡੋਲ ਗਿਆ। ਔਰੰਗਜ਼ੇਬ ਨੂੰ ਖ਼ੁਸ਼ ਕਰਨ ਬਦਲੇ ਉਹਨੇ 'ਮਿਟੀ ਮੁਸਲਮਾਨ ਕੀ ਪੇੜੇ ਪਈ ਕੁਮਿਆਰ।' ਦੀ ਥਾਂ 'ਮਿੱਟੀ ਬੇਈਮਾਨ ਕੀ...।' ਕਹਿ ਦਿਤਾ। ਇਸ ਅਵੱਗਿਆ ਦਾ ਕਾਰਨ ਰਾਮ ਰਾਏ ਵੀ ਸਿੱਖੀ ਤੋਂ ਖ਼ਾਰਜ ਹੋ ਗਿਆ। ਪਰ ਧੀਰ ਮੱਲ ਨੂੰ ਕੋਈ ਲਾਭ ਨਾ ਪੁੱਜਾ।

ਹੁਣ ਧੀਰ ਮੱਲ ਨੇ ਹੱਥੀਂ ਨਜਿੱਠਣ ਦੀ ਠਾਣੀ। ਖੋਟੇ ਸਲਾਹਕਾਰਾਂ ਦੀ ਰਾਏ ਨਾਲ ਉਹਨੇ ਗੁਰੂ ਤੇਗ ਬਹਾਦਰ ਜੀ ਨੂੰ ਜਾਨੋ ਮਾਰ ਦੇਣ ਦੀ ਵਿਉਂਤ ਬਣਾ ਲਈ। ਇਸ ਕੰਮ ਨੂੰ ਨੇਪਰੇ ਚਾੜ੍ਹਨ ਵਾਸਤੇ ਮੋਢੀ ਬਣਿਆਂ ਉਸਦਾ ਮੁਖੀ ਮਸੰਦ ਸ਼ੀਂਹਾਂ।

ਗੁਰਿਆਈ ਦੀ ਰਸਮ ਭੁਗਤਾਉਣ ਪਿਛੋਂ ਮੱਖਣ ਸ਼ਾਹ ਆਪਣੇ ਸਾਥੀਆਂ ਸਣੇ ਡੇਰੇ ਚਲਾ ਗਿਆ। ਹੋਰ ਸਿੱਖ ਸੰਗਤਾਂ ਵੀ ਆਰਾਮ ਕਰਨ ਵਾਸਤੇ ਥਾਂਉਂ ਥਾਂਈਂ ਚਲੀਆਂ ਗਈਆਂ। ਗੁਰੂ ਮਹਾਰਾਜ ਪਾਸ ਪੰਜ-ਸੱਤ ਸੇਵਾਦਾਰ ਹੀ ਰਹਿ ਗਏ।

ਸ਼ੀਂਹਾਂ ਮਸੰਦ ਪੰਝੀ-ਛੱਬੀ ਆਦਮੀਆਂ ਦੀ ਧਾੜ ਲੈ ਕੇ ਗੁਰੂ ਮਹਾਰਾਜ ਦੇ ਘਰ ਜਾ ਪਿਆ। ਅੱਗੇ ਗੁਰੂ ਮਹਾਰਾਜ ਚੌਂਕੜਾ ਮਾਰੀ ਅਕਾਲ ਪੁਰਖ ਦੇ ਧੰਨਵਾਦ ਵਿਚ ਲੀਨ ਸਨ। ਸ਼ੀਂਹੇਂ ਮਸੰਦ ਨੇ ਜਾਂਦਿਆਂ ਮਹਾਰਾਜ ਉਤੇ ਗੋਲੀ ਚਲਾ ਦਿਤੀ। ਗੋਲੀ ਹਜ਼ੂਰ ਦੇ ਮਸਤਕ ਨੂੰ ਛੁਹ ਕੇ ਉਪਰੋਂ ਮਾਸ ਚੀਰ ਕੇ ਨਿਕਲ ਗਈ। ਲਹੂ ਦੀ ਕੇਸਰੀ ਧਾਰ ਫੁੱਟ ਨਿਕਲੀ। ਗੁਰਦੇਵ ਰੱਖਣਹਾਰੇ ਦੇ ਧੰਨਵਾਦ ਵਜੋਂ ਅਗ੍ਹਾਂ ਨੂੰ ਝੁਕ ਗਏ। ਲਾਗੇ ਬੈਠੇ ਸੇਵਕ ਨੇ ਗੁਰਦੇਵ ਨੂੰ ਪਕੜ ਕੇ ਲਿਟਾ ਦਿਤਾ। ਦੁਸ਼ਮਣ ਨੇ ਸਮਝਿਆ, ਮਹਾਰਾਜ ਜੋਤੀ ਜੋਤ ਸਮੱਾ ਗਏ ਹਨ। ਵਧੇਰੇ ਪੜਤਾਲ ਕਰਨ ਦੀ ਉਹਨਾਂ ਨੂੰ ਲੋੜ ਨਹੀਂ ਸੀ। ਸ਼ੀਂਹੇਂ ਦੇ ਇਸ਼ਾਰੇ ਉਤੇ ਉਹਦੇ ਸਾਥੀਆਂ ਨੇ ਚੜ੍ਹਾਵੇ ਦੀ ਮਾਇਆ ਤੇ ਹੋਰ ਬਸਤ੍ਰ ਆਦਿ ਸਭ ਸਾਮਗਰੀ ਸੰਭਾਲੀ ਤੇ ਨੱਸ ਕੇ ਧੀਰਮੱਲ ਦੇ ਡੇਰੇ ਜਾ ਵੜੇ।

ਇਸ ਦੁਰਘਟਨਾ ਦੀ ਖਬਰ ਸਾਰੇ ਨਗਰ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ। ਜਿੱਥੇ ਵੀ ਕਿਸੇ ਸਿੱਖ ਨੇ ਸੁਣਿਆਂ, ਗੁਰੂ ਮਹਾਰਾਜ ਦੇ ਤਪ-ਅਸਥਾਨ ਵੱਲ ਦੌੜ ਉਠਿਆ। ਮੱਖਣ ਸ਼ਾਹ ਤਾਂ ਸੁਣ ਕੇ ਗੁੱਸੇ ਨਾਲ ਭਰ ਗਿਆ। ਧੀਰਮੱਲ ਦੀ ਨੀਚਤਾ ਉਤੇ ਉਸਦਾ ਕਰੋਧ ਵਿਚ ਆ ਜਾਣਾ ਸੁਭਾਵਕ ਸੀ। ਉਹ ਆਪਣੇ ਆਦਮੀ ਲੈ ਕੇ ਸਿੱਧਾ ਧੀਰਮੱਲ ਦੇ ਡੇਰੇ ਉਤੇ ਜਾ ਪਿਆ। ਉਹਦੇ ਆਦਮੀਆਂ ਦੀ ਗਿਣਤੀ ਵਧੇਰੇ ਵੇਖ ਕੇ ਧੀਰਮੱਲ ਦੇ ਆਦਮੀ ਡਰ ਨਾਲ ਹੀ ਸਹਿਮ ਗਏ। ਨਾਲੇ ਉਹਨਾਂ ਨੂੰ ਆਪਣਾ ਪਾਪ ਡਰਾ ਰਿਹਾ ਸੀ। ਉਹਨਾਂ ਅੱਗੋਂ ਟਾਕਰਾ ਕਰਨ ਦੀ ਥਾਂ ਹਥਿਆਰ ਸੁੱਟ ਦਿਤੇ। ਮੱਖਣ ਸ਼ਾਹ ਦੇ ਆਦਮੀਆਂ ਨੇ ਨਿਹੱਥਿਆਂ ਉਤੇ ਵਾਰ ਤਾਂ ਨਾ ਕੀਤਾ, ਪਰ ਧੀਰਮੱਲ ਦੇ ਡੇਰੇ ਦਾ ਸਾਰਾ ਸਾਮਾਨ ਲੁੱਟ ਲਿਆ। ਗੁਰਦੇਵ ਉਤੇ ਗੋਲੀ ਚਲਾਉਣ ਵਾਲੇ ਸ਼ੀਂਹੇਂ ਮਸੰਦ ਦੀਆਂ ਮੁਸ਼ਕਾਂ ਬੰਨ੍ਹ ਕੇ ਅੱਗੇ ਲਾ ਲਿਆ। ਨਾਲ ਹੀ ਉਹਨਾਂ ਗੁਰੂ ਗ੍ਰੰਥ ਦੀ ਬੀੜ ਵੀ ਸੰਭਾਲ ਲਈ। ਸਹਿਮਿਆਂ ਹੋਇਆ ਧੀਰਮੱਲ ਚੁੱਪਚਾਪ ਮੱਖਣ ਸ਼ਾਹ ਵੱਲ ਵੇਖਦਾ ਰਹਿ ਗਿਆ। ਗੁਰੂ ਅੰਸ ਹੋਣ ਕਰਕੇ ਧੀਰਮੱਲ ਨੂੰ ਮੱਖਣ ਸ਼ਾਹ ਨੇ ਮੂੰਹੋਂ ਕੁਛ ਨਾ ਕਿਹਾ, ਪਰ ਉਹਦੇ ਗੁੱਸੇ ਵਿਚ ਲਾਲ ਹੋਏ ਹੋਏ ਨੇਤਰ ਵੇਖਕੇ ਹੀ ਧੀਰਮੱਲ ਦੇ ਪਰਾਣ ਖ਼ੁਸ਼ਕ ਹੋ ਗਏ ਸਨ।

ਮੱਖਣ ਸ਼ਾਹ ਨੇ ਸਭ ਕੁਛ ਗੁਰੂ ਮਹਾਰਾਜ ਦੇ ਸਾਮ੍ਹਣੇ ਜਾ ਧਰਿਆ। ਮਹਾਰਾਜ ਨੂੰ ਠੀਕ ਠਾਕ ਵੇਖਕੇ ਮੱਖਣ ਸ਼ਾਹ ਦਾ ਗੁੱਸਾ ਕੁਛ ਸ਼ਾਂਤ ਹੋਇਆ ਤੇ ਉਹਨੇ ਅਕਾਲ ਪੁਰਖ ਦੇ ਧੰਨਵਾਦ ਵਜੋਂ ਸਿਰ ਝੁਕਾਇਆ।

## ਗੁਨਾਹਗਾਰਾਂ ਨੂੰ ਮਾਫ਼ ਕਰ ਦਿਤਾ

ਗੁਰੂ ਮਹਾਰਾਜ ਨੂੰ ਜ਼ਖ਼ਮ ਵਧੇਰੇ ਨਹੀਂ ਸੀ ਆਇਆ। ਗੋਲ਼ੀ ਮੱਥੇ ਦੀ ਉਪਰਲੀ ਖੱਲ ਚੀਰਦੀ ਨਿਕਲ ਗਈ ਸੀ। ਗੁਰਦੇਵ ਦੇ ਹੁਕਮ ਨਾਲ ਸੇਵਕ ਨੇ ਵਗਿਆ ਖ਼ੂਨ ਸਾਫ਼ ਕਰਕੇ ਪੱਟੀ ਬੰਨ੍ਹ ਦਿਤੀ ਸੀ। ਜਦੋਂ ਮੱਖਣ ਸ਼ਾਹ ਸਾਮ੍ਹਣੇ ਹਾਜ਼ਰ ਹੋਇਆ, ਗੁਰਦੇਵ ਓਵੇਂ ਸ਼ਾਂਤ ਚਿੱਤ ਬੈਠੇ ਸਾਥੀਆਂ ਨੂੰ ਧੀਰਜ ਦੇ ਰਹੇ ਸਨ। ਪਾਸ ਹੀ ਮਾਤਾ ਗੁਜਰੀ ਜੀ ਤੇ ਮਾਤਾ ਨਾਨਕੀ ਜੀ ਬੈਠੇ ਸਨ।

ਮੱਥਾ ਟੇਕਣ ਪਿਛੋਂ ਮੱਖਣ ਸ਼ਾਹ ਹੱਥ ਜੋੜ ਕੇ ਗੁਰਦੇਵ ਦੇ ਸਾਮ੍ਹਣੇ ਖਲੋ ਗਿਆ। ਥੋੜੇ ਸ਼ਬਦਾਂ ਵਿਚ ਹੀ ਉਹਨੇ ਸਾਰੀ ਹੋਈ ਬੀਤੀ ਕਹਿ ਸੁਣਾਈ।

ਗੁਰਦੇਵ ਨੇ ਸੱਜਾ ਹੱਥ ਉਠਾ ਕੇ ਬੜੇ ਧੀਰਜ ਨਾਲ ਕਿਹਾ, ''ਭਾਈ ਮਖਣ ਸ਼ਾਹ ! ਧੀਰਮੱਲ ਦੇ ਆਦਮੀ ਆਏ, ਤੇ ਉਹ ਧੱਕੇ ਨਾਲ ਤੁਹਾਡਾ ਸਾਮਾਨ ਲੁੱਟ ਕੇ ਲੈ ਗਏ । ਤੁਸੀਂ ਗਏ, ਤੇ ਬਲ ਨਾਲ ਉਹਨਾਂ ਦਾ ਸਭ ਕੁਛ ਖੋਹ ਲਿਆਏ । ਇਹ ਠੀਕ ਨਹੀਂ ਕੀਤਾ । ਰੱਬ ਦੇ ਰਾਹ ਚੱਲਣ ਵਾਲਿਆਂ ਨੂੰ ਇਹ ਸੋਭਾ ਨਹੀਂ ਦੇਂਦਾ । ਗੁਰੂ ਨਾਨਕ ਦੇ ਅਖਵਾਉਣ ਵਾਲਿਆਂ ਨੂੰ ਸਦਾ ਯਾਦ ਰੱਖਣਾ ਚਾਹੀਦਾ ਹੈ, ਕਿ :

'ਗਰੀਬੀ ਗਦਾ ਹਮਾਰੀ ।
ਖੰਨਾ ਸਗਲ ਰੇਨੁ ਛਾਰੀ ।'
(ਸੋਰਠਿ, ਮ. ੫, ਪੰਨਾ ੬੨੮)

''ਸੰਤ ਦਾ ਸਭ ਤੋਂ ਵੱਡਾ ਬਲ ਦਇਆ ਤੇ ਸੰਤੋਖ ਹੈ । ਗੁੱਸਾ ਤਿਆਗੋ । ਸ਼ਾਂਤ ਹੋਵੋ । ਸਾਡੀ ਆਗਿਆ ਹੈ, ਕਿ ਆਪਣਾ ਸਾਮਾਨ ਤੁਸੀਂ ਰੱਖ ਲਵੋ, ਪਰ ਧੀਰਮੱਲ ਦਾ ਸਾਰਾ ਉਹਦੇ ਡੇਰੇ ਵਾਪਸ ਪੁਚਾ ਆਵੋ ।''

''ਜੋ ਆਗਿਆ ਮਹਾਰਾਜ ! ਪਰ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬੀੜ ਉਤੇ ਉਸਦਾ ਕੋਈ ਹੱਕ ਨਹੀਂ । ਉਹ ਅਸੀਂ ਵਾਪਸ ਨਹੀਂ ਕਰਨਾ ਚਾਹੁੰਦੇ ।'' ਮੱਖਣ ਸ਼ਾਹ ਨੇ ਸਿਰ ਝੁਕਾ ਕੇ ਕਿਹਾ ।

''ਨਹੀਂ, ਪੁਰਖਾ ! ਉਹ ਵੀ ਵਾਪਸ ਕਰ ਦਿਓ । ਬਲ ਪੂਰਵਕ ਖੋਹ ਕੇ ਪਰਾਪਤ ਕੀਤਾ ਹੋਇਆ ਅੰਮ੍ਰਿਤ ਵੀ ਗੁਣਕਾਰੀ ਨਹੀਂ ਰਹਿੰਦਾ । ਖੋਹਣ ਨਾਲੋਂ, ਹੱਥੋਂ ਦੇਣ ਵਿਚ ਬਹੁਤ ਵੱਡੀ ਮਹਾਨਤਾ ਹੈ । ਸਣੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇ ਉਹਦਾ ਸਾਰਾ ਸਾਮਾਨ ਏਸੇ ਵੇਲੇ ਉਸਦੇ ਡੇਰੇ ਪੁਚਾ ਕੇ ਆਓ ।'' ਗੁਰਦੇਵ ਨੇ ਦੁਬਾਰਾ ਹੁਕਮ ਕੀਤਾ ।

''ਸੱਤ ਬਚਨ ਮਹਾਰਾਜ ! ਪਰ ਇਸ ਦੁਸ਼ਟ ਨੂੰ ਕੀ ਸਜ਼ਾ ਦੇਣੀ ਹੈ ।'' ਮੱਖਣ ਸ਼ਾਹ ਨੇ ਸ਼ੀਂਹੇਂ ਮਸੰਦ ਨੂੰ ਸਾਮ੍ਹਣੇ ਕਰਦਿਆਂ ਬੇਨਤੀ ਕੀਤੀ ।

ਸ਼ਰਮ ਦਾ ਮਾਰਿਆ ਸ਼ੀਂਹਾਂ ਸਿਰ ਝੁਕਾਈ ਸਾਮ੍ਹਣੇ ਆ ਖਲਾ ।

''ਗੁਰੂ ਸਵਾਰੇ ਭਾਈ ਮੱਖਣ ਸ਼ਾਹ !'' ਮਹਾਰਾਜ ਨੇ ਬੜੀ ਮਿੱਠੀ ਸੁਰ ਵਿਚ ਕਿਹਾ, ''ਬਦਲਾ ਲੈਣ ਨਾਲੋਂ ਖਿਮਾ ਕਰਨ ਵਿਚ ਹੀ ਮਹਾਨਤਾ ਹੈ । ਜਿਸ ਪ੍ਰਭੂ ਨੇ ਸਾਡੀ ਰੱਖਿਆ ਕੀਤੀ ਹੈ, ਉਸਦੇ ਨਾਮ ਸਦਕਾ ਇਸ ਨੂੰ ਮਾਫ਼ ਕਰ ਦਿਹੋ । ਸਾਡੀ ਆਗਿਆ ਹੈ, ਕਿ ਇਸਦੇ ਬੰਧਨ ਖੋਹਲ ਦਿਹੋ । ਅਸੀਂ ਇਸਨੂੰ ਖਿਮਾ ਕਰਦੇ ਹਾਂ ।''

ਇਹ ਫ਼ੈਸਲਾ ਸੁਣਕੇ ਸਾਰੀ ਸੰਗਤ ਹੈਰਾਨ ਹੋ ਗਈ। ਕੁਛ ਲੋਕ ਇਸ ਫ਼ੈਸਲੇ ਉਤੇ ਦਿਲੋਂ ਖ਼ੁਸ਼ ਵੀ ਨਾ ਹੋਏ। ਉਹ ਦੋਸ਼ੀਆਂ ਨੂੰ ਪੂਰੀ ਸਜ਼ਾ ਦੇਣ ਦੇ ਹੱਕ ਵਿਚ ਸਨ। ਪਰ ਗੁਰਦੇਵ ਦਾ ਹੁਕਮ ਉਲਟਾਉਣ ਦੀ ਕਿਸੇ ਵਿਚ ਹਿੰਮਤ ਨਹੀਂ ਸੀ। ਸ਼ੀਂਹੇਂ ਦੀਆਂ ਮੁਸ਼ਕਾਂ ਖੁਹਲ ਦਿਤੀਆਂ ਗਈਆਂ। ਸਣੇ ਗੁਰੂ ਗ੍ਰੰਥ ਸਾਹਿਬ ਦੀ ਬੀੜ, ਧੀਰ ਮੱਲ ਦਾ ਸਾਰਾ ਸਾਮਾਨ ਉਸਦੇ ਡੇਰੇ ਪੁਚਾ ਦਿਤਾ ਗਿਆ।

## ਨਕਲੀ ਗੁਰੂ ਨੱਸ ਗਏ

ਇਸ ਘਟਨਾ ਨੇ ਜਿੱਥੇ ਸੰਗਤਾਂ ਵਿਚ ਗੁਰੂ ਤੇਗ ਬਹਾਦਰ ਜੀ ਦਾ ਨਾਮ ਉੱਚਾ ਕੀਤਾ, ਓਥੇ ਭੇਖੀ ਗੁਰੂਆਂ ਦੇ ਸਿਰ ਸ਼ਰਮ ਨਾਲ ਝੁਕ ਗਏ। ਉਹ ਰਾਤੋ ਰਾਤ ਡੇਰੇ ਉਠਾ ਕੇ ਬਾਬਾ ਬਕਾਲਾ ਨੱਗਰ ਵਿਚੋਂ ਨੱਸ ਗਏ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ :

'ਜਿਉਂਕਰ ਸੂਰਜ ਨਿਕਲਿਆ,
ਤਾਰੇ ਛਪੇ, ਅੰਧੇਰ ਪਲੋਆ।'
(ਵਾਰ ੧-੨੭)

ਮੁਖੀ ਸਿੱਖਾਂ ਦੇ ਜ਼ੋਰ ਦੇਣ ਉਤੇ, ਫਿਰ ਗੁਰੂ ਤੇਗ ਬਹਾਦਰ ਸਾਹਿਬ ਗੁਰ-ਗੱਦੀ ਉਤੇ ਸੁਭਾਇਮਾਨ ਹੋ ਕੇ ਗੁਰੂ ਨਾਨਕ ਦੀ ਸਿੱਖੀ ਦਾ ਪਰਚਾਰ ਕਰਨ ਲੱਗੇ। ਦੂਰ ਨੇੜੇ ਦੀਆਂ ਸੰਗਤਾਂ ਦਰਸ਼ਨ ਕਰਨ ਆਉਂਦੀਆਂ, ਚੜ੍ਹਾਵੇ ਚੜ੍ਹਾਉਂਦੀਆਂ,ਤੇ ਜਨਮ ਸਫ਼ਲਾ ਕਰਦੀਆਂ।

ਉਸ ਅਸਥਾਨ ਉਤੇ ਇਸ ਵੇਲੇ ਬੜਾ ਆਲੀਸ਼ਾਨ ਗੁਰਦੁਆਰਾ ਹੈ।

—o—

# ਬਾਬਾ ਬਕਾਲਾ ਤੋਂ ਅਨੰਦਪੁਰ ਤਕ

ਗੁਰੂ ਤੇਗ਼ ਬਹਾਦਰ ਸਾਹਿਬ ਦਾ ਮਨੋਰਥ ਕੇਵਲ ਈਸ਼ਵਰ ਭਗਤੀ ਸੀ। ਇਸ ਗੱਲ ਦੀ ਪੁਸ਼ਟੀ ਉਹਨਾਂ ਦੀ ਰਚੀ ਬਾਣੀ ਪੜ੍ਹਨ ਨਾਲ ਹੋ ਜਾਂਦੀ ਹੈ। ਹਜ਼ੂਰ ਥਾਂ ਥਾਂ ਲਿਖਦੇ ਹਨ :

'ਰਾਮੁ ਸਿਮਰਿ, ਰਾਮੁ ਸਿਮਰਿ, ਇਹੈ ਤੇਰੈ ਕਾਜਿ ਹੈ।'

(ਰਾਗ ਜੈਜਾਵੰਤੀ, ਪੰਨਾ ੧੩੫੨)

'ਹਰਿਜਸੁ ਰੇ ਮਨਾ, ਗਾਇ ਲੈ, ਜੋ ਸੰਗੀ ਹੈ ਤੇਰੋ।'

(ਰਾਗ ਤਿਲੰਗ, ਪੰਨਾ ੭੨੭)

'ਮਨ ਰੇ, ਪ੍ਰਭ ਕੀ ਸਰਨਿ ਬਿਚਾਰੋ।'

(ਰਾਗ ਸੋਰਠਿ, ਪੰਨਾ ੬੩੨)

'ਰੇ ਮਨ, ਰਾਮ ਸਿਉ ਕਰਿ ਪ੍ਰੀਤਿ।'

(ਰਾਗ ਸੋਰਠਿ, ਪੰਨਾ ੬੩੧)

ਏਸੇ ਲਗਨ ਵਿਚ ਉਹਨਾਂ ਇਕ ਕਮਰੇ (ਭੋਰੇ) ਅੰਦਰ ਬਹਿ ਕੇ ਤੀਹ ਸਾਲ ਗੁਜ਼ਾਰ ਦਿਤੇ। ਜਿੱਥੇ ਹੋਰ ਸੋਢੀ ਸਾਹਿਬਜ਼ਾਦੇ ਆਪਣੇ ਆਪ ਹੀ ਗੱਦੀਆਂ ਲਾ ਕੇ ਗੁਰੂ ਅਖਵਾਉਂਦੇ ਰਹੇ, ਓਥੇ ਮਹਾਰਾਜ ਇਕੋ ਧੁਨ ਵਿਚ ਲੀਨ ਰਹੇ :

'ਸਾਧੋ, ਗੋਬਿੰਦ ਕੇ ਗੁਨ ਗਾਵਉ।'

(ਰਾਗ ਗਉੜੀ, ਪੰਨਾ ੨੧੯)

ਪਰ ਜਦ ਅੱਠਵੇਂ ਪਾਤਸ਼ਾਹ ਨੇ ਉਹਨਾਂ ਨੂੰ ਇਹ ਭਾਰੀ ਜ਼ਿੰਮੇਵਾਰੀ ਸੌਂਪ ਦਿਤੀ, ਤੇ ਸੰਗਤਾਂ ਨੇ ਜ਼ੋਰ ਦੇ ਕੇ ਗੁਰ-ਗੱਦੀ ਉਤੇ ਬਿਠਾ ਦਿਤਾ, ਤਾਂ ਆਪ ਨੇ ਪੂਰੇ

ਦਿਲ ਨਾਲ ਇਹ ਜ਼ਿੰਮੇਵਾਰੀ ਸੰਭਾਲ ਲਈ। ਗੁਰੂ ਦਾ ਕਰਮ ਕੇਵਲ ਮੱਥਾ ਟਿਕਾਉਣਾ ਤੇ ਆਪ ਭਜਨ ਕਰਨਾ ਹੀ ਨਹੀਂ, ਸਗੋਂ ਗੁਰੂ ਨਾਨਕ ਦੀ ਸਿੱਖੀ ਦਾ ਪਰਚਾਰ ਕਰਨਾ ਵੀ ਹੈ। ਗੁਰੂ ਤੇ ਤਪੀਏ ਵਿਚ ਮੁਢਲਾ ਫ਼ਰਕ ਇਹ ਹੈ, ਕਿ ਤਪੀਆ ਕੇਵਲ ਆਪਣੀ ਕਲਿਆਣ ਵਾਸਤੇ ਤਪ ਕਰਦਾ ਹੈ, ਤੇ ਗੁਰੂ ਦੂਸਰਿਆਂ ਦੇ ਪਾਰ ਉਤਾਰੇ ਵਾਸਤੇ ਘਾਲਣਾ ਘਾਲਦਾ ਹੈ। ਹਜ਼ੂਰ ਗੱਦੀ ਉਤੇ ਬੈਠਕੇ ਸਿੱਖ ਧਰਮ ਦਾ ਪਰਚਾਰ ਬੜੇ ਮਿੱਠੇ ਸ਼ਬਦਾਂ ਵਿਚ ਕਰਦੇ। ਆਪ ਵਧੇਰੇ ਇਸ ਗੱਲ ਤੇ ਜ਼ੋਰ ਦੇਂਦੇ :

'ਸਾਧੋ, ਮਨ ਕਾ ਮਾਨੁ ਤਿਆਗਉ।'

(ਰਾਗ ਗਉੜੀ, ਪੰਨਾ ੨੧੯)

ਆਪ ਜੀ ਦੇ ਚਿਹਰੇ ਦਾ ਪਰਭਾਵ ਬੜਾ ਸ਼ਾਂਤ ਤੇ ਕਹਿਣ ਵਿਚ ਬੜੀ ਮਿਠਾਸ ਸੀ। ਬਚਨ ਸੁਣ ਕੇ ਸੰਗਤਾਂ ਨਿਹਾਲ ਹੋ ਜਾਂਦੀਆਂ। ਸੰਗਤਾਂ ਦੀ ਗਿਣਤੀ ਵਧਣ ਨਾਲ ਚੜ੍ਹਾਵੇ ਵਿਚ ਵੀ ਵਾਧਾ ਹੋ ਗਿਆ।

ਘਰ ਦਾ ਸਾਰਾ ਪਰਬੰਧ ਮਾਤਾ ਨਾਨਕੀ ਜੀ ਦੇ ਹੱਥ ਵਿਚ ਸੀ। ਆਪਣਾ ਭਾਰ ਹੌਲਾ ਕਰਨ ਵਾਸਤੇ ਉਹਨਾਂ ਕੁਛ ਜ਼ਿੰਮੇਵਾਰੀਆਂ ਹੋਰ ਮੁਖੀ ਸਿੱਖਾਂ ਨੂੰ ਸੌਂਪ ਦਿਤੀਆਂ।

ਗੱਦੀ 'ਤੇ ਬੈਠਿਆਂ ਗੁਰਦੇਵ ਨੂੰ ਹਫ਼ਤਾ ਕੁ ਬੀਤਿਆ ਸੀ, ਜਾਂ ਆਪ ਜੀ ਨੇ ਅੰਮ੍ਰਿਤਸਰ ਦੇ ਦਰਸ਼ਨਾਂ ਦੀ ਚਾਹ ਪਰਗਟ ਕੀਤੀ। ਇਸਦੇ ਕਈ ਕਾਰਨ ਹੋ ਸਕਦੇ ਹਨ। ਉਸ ਸਮੇਂ ਸਿੱਖੀ ਦਾ ਕੇਂਦਰ ਅੰਮ੍ਰਿਤਸਰ ਸੀ। (ਜੋ ਹੁਣ ਤਕ ਵੀ ਕੇਂਦਰ ਹੀ ਚਲਿਆ ਆ ਰਿਹਾ ਹੈ।) ਨਾਲ ਹੀ ਉਹ ਗੁਰਦੇਵ ਦਾ ਜਨਮ ਅਸਥਾਨ ਸੀ। ਫਿਰ ਤੀਰਥਾਂ ਉਤੇ ਸੰਗਤਾਂ ਦਾ ਇਕੱਠ ਸੁਤੇ ਹੀ ਹੋ ਜਾਂਦਾ ਹੈ। ਇਸ ਲਈ ਧਰਮ ਦੇ ਪਰਚਾਰ ਵਾਸਤੇ ਵੀ ਪੁਰਾਤਨ ਅਸਥਾਨਾਂ ਦੀ ਯਾਤਰਾ ਲਾਹੇਵੰਦ ਹੁੰਦੀ ਹੈ। ਸਿੱਖਾਂ ਦੇ ਉਸ ਸਮੇਂ ਪਰਸਿੱਧ ਅਸਥਾਨ ਸਨ ਸੁਲਤਾਨਪੁਰ, ਗੋਇੰਦਵਾਲ, ਤਰਨ ਤਾਰਨ, ਅੰਮ੍ਰਿਤਸਰ, ਕਰਤਾਰਪੁਰ, ਨਾਨਕਾਣਾ ਸਾਹਿਬ।

ਆਪਣੇ ਨਵੇਂ ਧਰਮ ਦੇ ਪਰਚਾਰ ਹਿਤ ਗੁਰੂ ਨਾਨਕ ਦੇਵ ਜੀ ਨੇ ਹਿੰਦੂ ਤੀਰਥਾਂ ਉਤੇ ਚੱਕਰ ਲਾਏ ਸਨ। ਪਹਿਲੀ ਤੇ ਦੂਸਰੀ ਉਦਾਸੀ ਸ਼ੀ ਹੀ ਹਿੰਦੂ ਤੀਰਥਾਂ ਵੱਲ।

ਗੁਰੂ ਅੰਗਦ ਦੇਵ ਜੀ ਨੇ ਕੋਈ ਯਾਤਰਾ ਨਹੀਂ ਕੀਤੀ। ਆਪ ਕੇਵਲ

ਸੁਲਤਾਨਪੁਰ ਤਕ ਗਏ। ਆਪ ਗੋਇੰਦਵਾਲ ਦੇ ਪੱਤਣ ਤੋਂ ਦਰਿਆ ਪਾਰ ਹੋਏ, ਤੇ ਗੁਰੂ ਨਾਨਕ ਦੇਵ ਜੀ ਦੇ ਅਸਥਾਨਾਂ ਦੇ ਦਰਸ਼ਨ ਕਰਕੇ ਹਰੀ ਕੇ ਪੱਤਣ ਰਾਹੀਂ ਵਾਪਸ ਖਡੂਰ ਸਾਹਿਬ ਆ ਗਏ।

ਗੁਰੂ ਅਮਰਦਾਸ ਜੀ, ਗੁਰੂ ਦੀ ਸ਼ਰਣ ਆਉਣ ਤੋਂ ਪਹਿਲਾਂ, ਤੀਰਥ ਯਾਤਰੀ ਸਨ। ਤੇ ਆਪ ਤੀਰਥਾਂ ਦੀ ਮਹਾਨਤਾ ਨੂੰ ਬਹੁਤ ਸਮਝਦੇ ਸਨ। ਗੁਰੂ ਬਣਨ ਦੇ ਪਿਛੋਂ ਵੀ ਆਪ ਇਕ ਵਾਰ ਤੀਰਥਾਂ 'ਤੇ ਗਏ। ਪਰ ਪਹਿਲੀਆਂ ਯਾਤਰਾਵਾਂ ਤੇ ਇਸ ਯਾਤਰਾ ਦੇ ਮਨੋਰਥ ਵਿਚ ਫ਼ਰਕ ਸੀ। ਇਸ ਫ਼ਰਕ ਨੂੰ ਚੌਥੇ ਪਾਤਸ਼ਾਹ ਇਹਨਾਂ ਸ਼ਬਦਾਂ ਵਿਚ ਬਿਆਨ ਕਰਦੇ ਹਨ :

'ਤੀਰਥ ਉਦਮੁ ਸਤਿਗੁਰੂ ਕੀਆ,
ਸਭ ਲੋਕ ਉਧਾਰਣ ਅਰਥਾ।'

(ਰਾਗ ਤੁਖਾਰੀ, ਮ. ੪, ਪੰਨਾ ੧੧੧੬)

ਕੇਵਲ ਲੋਕਾਂ ਦੇ ਭਲੇ ਵਾਸਤੇ (ਪਰਚਾਰ ਹਿਤ) ਤੀਰਥ ਯਾਤਰਾ ਕੀਤੀ। ਜਿਸ ਫ਼ਿਰਕੇ ਦਾ ਆਪਣਾ ਤੀਰਥ ਨਹੀਂ ਹੋਵੇਗਾ, ਉਹ ਦੂਸਰਿਆਂ ਦੇ ਤੀਰਥਾਂ ਉਤੇ ਜ਼ਰੂਰ ਜਾਵੇਗਾ। ਇਸ ਘਾਟ ਨੂੰ ਪੂਰਾ ਕਰਨ ਵਾਸਤੇ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ 'ਬਾਉਲੀ ਸਾਹਿਬ' ਬਣਾਇਆ, ਜੋ ਸਿੱਖਾਂ ਦਾ ਪਹਿਲਾਂ ਤੀਰਥ ਬਣਿਆਂ। ਏਥੇ ਹੀ ਬੱਸ ਨਹੀਂ, ਅੰਮ੍ਰਿਤ ਸਰੋਵਰ (ਅੰਮ੍ਰਿਤਸਰ) ਬਨਾਉਣ ਦਾ ਹੁਕਮ ਵੀ ਗੁਰੂ ਅਮਰਦਾਸ ਜੀ ਨੇ ਹੀ ਦਿਤਾ ਸੀ, ਜੋ ਚੌਥੇ ਪਾਤਸ਼ਾਹ ਨੇ ਆਰੰਭ ਕੀਤਾ ਤੇ ਪੰਜਵੇਂ ਗੁਰੂ ਮਹਾਰਾਜ ਨੇ ਸੰਪੂਰਣ ਕੀਤਾ।

ਗੁਰੂ ਤੇਗ ਬਹਾਦਰ ਜੀ ਦੇ ਗੱਦੀ ਬੈਠਣ ਸਮੇਂ ਸਿੱਖਾਂ ਕੋਲ ਆਪਣੇ ਤੀਰਥ ਹੈਗੇ ਸਨ, ਤੇ ਲੋਕਾਂ ਵਿਚ ਉਹਨਾਂ ਦੀ ਮਾਨਤਾ ਵੀ ਕਾਫ਼ੀ ਸੀ। ਸੋ, ਮਹਾਰਾਜ ਨੇ ਪਹਿਲਾਂ ਸਿੱਖ ਅਸਥਾਨਾਂ (ਤੀਰਥਾਂ) ਦੇ ਦਰਸ਼ਨ ਕਰਨ ਹਿਤ ਕੂਚ ਕੀਤਾ।

ਆਪ ਜੀ ਦੇ ਨਾਲ ਨਾਮਵਰ ਸਿੱਖ ਸਨ ਮੱਖਣ ਸ਼ਾਹ, ਭਾਈ ਗੁਰਦਿਤਾ, ਭਾਈ ਗੜ੍ਹੀਆ, ਭਾਈ ਦਰਗਾਹ ਮੱਲ, ਬਾਬਾ ਦਵਾਰਕਾ ਦਾਸ ਭੱਲਾ ਤੇ ਮਾਤਾ ਗੁਜਰੀ ਜੀ ਦੇ ਭਰਾ ਕਿਰਪਾਲ ਚੰਦ। ਹੋਰ ਬੇਅੰਤ ਸੰਗਤਾਂ ਵੀ ਇਸ ਯਾਤਰਾ ਵਿਚ ਮਹਾਰਾਜ ਦੇ ਨਾਲ ਹੋ ਤੁਰੀਆਂ।

## ਗੋਇੰਦਵਾਲ

ਸੱਭ ਤੋਂ ਪਹਿਲਾਂ ਗੋਇੰਦਵਾਲ ਪੁੱਜੇ। ਬਾਬਾ ਬਕਾਲਾ ਤੋਂ ਗੋਇੰਦਵਾਲ ਸਿੱਧੇ ਜੌਣ ਦਾ ਖ਼ਾਸ ਕਾਰਨ ਸੀ, ਬਾਬਾ ਦਵਾਰਕਾ ਦਾਸ ਜੀ ਦਾ ਮਾਣ ਰਖਣਾ। ਆਪ ਗੁਰੂ ਅਮਰਦਾਸ ਜੀ ਦੀ ਬੰਸ ਵਿਚੋਂ ਸਨ, ਭਾਵ ਬਾਬਾ ਮੋਹਰੀ ਜੀ ਦੇ ਪੋਤਰੇ ਸਨ। ਬਾਬਾ ਦਵਾਰਕਾ ਦਾਸ ਜੀ ਦੀ ਰਿਹਾਇਸ਼ ਗੋਇੰਦਵਾਲ ਹੀ ਸੀ।

ਹਜ਼ੂਰ ਨੇ ਸਭ ਤੋਂ ਪਹਿਲਾਂ ਤੀਸਰੇ ਪਾਤਸ਼ਾਹ ਦੇ ਬਣਾਏ ਪਹਿਲੇ ਸਿੱਖ ਤੀਰਥ 'ਬਾਉਲੀ ਸਾਹਿਬ' ਵਿਚ ਇਸ਼ਨਾਨ ਕੀਤਾ, ਫਿਰ ਆਪ ਦੇ ਤਪ ਅਸਥਾਨ ਦੇ ਦਰਸ਼ਨ ਕੀਤੇ। ਕੁਝ ਦਿਨ ਗੋਇੰਦਵਾਲ ਗੁਜ਼ਾਰ ਕੇ, ਆਪ ਬਾਬਾ ਦਵਾਰਕਾ ਦਾਸ ਤੋਂ ਵਿਦਿਆ ਹੋਏ। ਜਿਨ੍ਹੀ ਰਾਹੀਂ (ਗੁਰੂ) ਅਮਰਦਾਸ ਜੀ ਆਪਣੇ ਗੁਰੂ ਦੇਵ ਦੇ ਇਸ਼ਨਾਨ ਵਾਸਤੇ ਜਲ ਢੋਇਆ ਕਰਦੇ ਸਨ, 'ਭਲੇ ਅਮਰਦਾਸ ਗੁਣ ਤੇਰੇ, ਤੇਰੀ ਉਪਮਾ ਤੋਹਿ ਬਨਿ ਆਵੈ।' ਸ਼ਰਧਾ ਨਾਲ ਪੜ੍ਹਦੇ ਹੋਏ ਗੁਰੂ ਤੇਗ ਬਹਾਦਰ ਜੀ ਉਸ ਰਾਹੇ 'ਖਡੂਰ ਸਾਹਿਬ' ਪਹੁੰਚੇ। ਬੜੀ ਸ਼ਰਧਾ ਨਾਲ ਮਹਾਰਾਜ ਨੇ ਗੁਰਧਾਮਾਂ ਦੇ ਦਰਸ਼ਨ ਕੀਤੇ ਤੇ ਚੜ੍ਹਾਵਾ ਚੜ੍ਹਾਇਆ।

## ਖਡੂਰ ਸਾਹਿਬ ਤੋਂ ਤਰਨ ਤਾਰਨ

ਖਡੂਰ ਸਾਹਿਬ ਤੋਂ ਚੱਲ ਕੇ ਮਹਾਰਾਜ ਤਰਨ ਤਾਰਨ ਪੁੱਜੇ। ਜਿੱਥੇ ਵੀ ਮਹਾਰਾਜ ਜਾਂਦੇ, ਖ਼ਬਰ ਸੁਣਕੇ ਉਦਾਲੇ ਦੀਆਂ ਸੰਗਤਾਂ ਦਰਸ਼ਨ ਹਿਤ ਆ ਪਹੁੰਚਦੀਆਂ। ਮਹਾਰਾਜ ਸਭ ਨੂੰ ਸਿੱਖ ਧਰਮ ਦਾ ਉਪਦੇਸ਼ ਦੇਂਦੇ। ਹਜ਼ੂਰ ਦੇ ਮਿੱਠੇ ਸ਼ਬਦ ਸੁਣ ਕੇ ਸਭ ਦੇ ਮਨ ਤ੍ਰਿਪਤ ਹੁੰਦੇ।

## ਅੰਮ੍ਰਿਤਸਰ

ਏਥੋਂ ਚੱਲ ਕੇ ਮਹਾਰਾਜ ਅੰਮ੍ਰਿਤਸਰ ਪੁੱਜੇ। ਗੁਰੂ ਹਰਿਗੋਬਿੰਦ ਸਾਹਿਬ ਕਰਤਾਰਪੁਰ ਦੀ ਲੜਾਈ ਪਿਛੋਂ ਕੀਰਤ ਪੁਰ ਚਲੇ ਗਏ ਸਨ। ਉਸ ਤੋਂ ਪਿਛੋਂ ਅੰਮ੍ਰਿਤਸਰ ਉਤੇ ਪ੍ਰਿਥੀ ਚੰਦ ਦੀ ਔਲਾਦ ਦਾ ਹੀ ਕਬਜ਼ਾ ਰਿਹਾ। ਮੇਹਰਵਾਨ ਸਾਰੀ ਉਮਰ ਅੰਮ੍ਰਿਤਸਰ ਹੀ ਰਿਹਾ। ਉਸ ਤੋਂ ਪਿਛੋਂ ਉਸਦਾ ਵਿਚਲਾ ਪੁੱਤਰ 'ਹਰਜੀ'

ਗੱਦੀ 'ਤੇ ਬੈਠਾ। ਅੰਮ੍ਰਿਤਸਰ ਦੇ ਪੁਜਾਰੀ ਵੀ ਉਸ ਨਾਲ ਮਿਲ ਕੇ ਹੀ ਚਲਦੇ ਸਨ। 'ਹਰਜੀ' ਦੀ ਸਲਾਹ ਨਾਲ ਉਹਨਾਂ ਗੁਰੂ ਤੇਗ ਬਹਾਦਰ ਜੀ ਨੂੰ 'ਹਰਿਮੰਦਰ ਸਾਹਿਬ' ਦੇ ਦਰਸ਼ਨ ਨਾ ਕਰਨ ਦਿਤੇ। ਉਹਨਾਂ ਨੂੰ ਡਰ ਸੀ, ਕਿ ਕਿਤੇ ਗੁਰੂ ਮਹਾਰਾਜ ਹਰਿਮੰਦਰ ਸਾਹਿਬ ਉਤੇ ਪੱਕੀ ਤਰ੍ਹਾਂ ਕਬਜ਼ਾ ਨਾ ਜਮਾ ਬਹਿਣ। ਸੋ ਹਜ਼ੂਰ ਦੇ ਪਹੁੰਚਣ ਤੋਂ ਪਹਿਲਾਂ ਹੀ ਪੁਜਾਰੀ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਬੰਦ ਕਰਕੇ ਤੇ ਦਰਸ਼ਣੀ ਡਿਊਢੀ ਨੂੰ ਜੰਦਰਾ ਮਾਰ ਕੇ ਨੱਠ ਗਏ। ਪੁਜਾਰੀਆਂ ਦੀ ਇਸ ਕਰਤੂਤ ਤੋਂ ਸੰਗਤਾਂ ਬਹੁਤ ਨਾਰਾਜ਼ ਹੋਈਆਂ। ਗੁਰੂ ਮਹਾਰਾਜ ਬਾਹਰੋਂ ਹੀ ਨਮਸਕਾਰ ਕਰਕੇ ਅਕਾਲ ਬੁੰਗੇ ਕੋਲ ਉਸ ਥਾਂ ਜਾ ਬੈਠੇ, ਜਿੱਥੇ ਇਸ ਵੇਲੇ ਗੁਰਦੁਵਾਰਾ 'ਥੜਾ ਸਾਹਿਬ' ਹੈ। ਮਹਾਰਾਜ ਸ਼ਾਂਤ ਸਰੂਪ ਸਨ। ਉਹਨਾਂ ਕਿਸੇ ਨੂੰ ਚੰਗਾ-ਮੰਦਾ ਨਹੀਂ ਕਿਹਾ।

ਮੱਖਣ ਸ਼ਾਹ ਨੇ ਮਹਾਰਾਜ ਪਾਸ ਬੇਨਤੀ ਕੀਤੀ, ਕਿ ਆਗਿਆ ਹੋਵੇ, ਤਾਂ ਉਹ ਅਪਣੇ ਸਾਥੀਆਂ ਦੀ ਮਦਦ ਨਾਲ ਜ਼ਬਰਦਸਤੀ ਹਰਿਮੰਦਰ ਸਾਹਿਬ ਉਤੇ ਕਬਜ਼ਾ ਕਰ ਲਵੇ। ਪਰ ਗੁਰੂ ਤੇਗ ਬਹਾਦਰ ਮਹਾਰਾਜ ਨੇ ਅਜੇਹਾ ਕਰਨ ਦੀ ਆਗਿਆ ਨਾ ਦਿਤੀ। ਸਗੋਂ ਆਪ ਅੰਮ੍ਰਿਤਸਰੋਂ ਉਠ ਕੇ ਨੱਗਰ 'ਵੱਲਾ' ਦੇ ਬਾਹਰਵਾਰ ਜਾ ਬੈਠੇ। ਓਥੇ ਹਜ਼ੂਰ ਨੇ ਮਾਈ ਹਰਿਆਂ ਦੇ ਘਰ ਦੋ ਦਿਨ ਗੁਜ਼ਾਰੇ।

ਅੰਮ੍ਰਿਤਸਰ ਦੇ ਰਹਿਣ ਵਾਲੀਆਂ ਸੰਗਤਾਂ ਨੂੰ ਪੁਜਾਰੀਆਂ ਦੀ ਕਰਤੂਤ ਦਾ ਪਤਾ ਲੱਗਾ, ਤਾਂ ਅਗਲੇ ਦਿਨ ਬਹੁਤ ਸਾਰੀ ਸੰਗਤ ਇਕੱਠੀ ਹੋ ਕੇ ਨੱਗਰ ਵੱਲਾ ਜਾ ਪੁੱਜੀ। ਉਹਨਾਂ ਗੁਰੂ ਮਹਾਰਾਜ ਦੇ ਚਰਨ ਪਰਸੇ, ਪੁਜਾਰੀਆਂ ਵੱਲੋਂ ਹੋਈ ਅਵੱਗਿਆ ਬਾਰੇ ਮਾਫ਼ੀ ਮੰਗੀ, ਤੇ ਗੁਰੂ ਮਹਾਰਾਜ ਨੂੰ ਵਾਪਸ ਅੰਮ੍ਰਿਤਸਰ ਚੱਲਣ ਵਾਸਤੇ ਬੇਨਤੀ ਕੀਤੀ। ਖ਼ਾਸ ਕਰ ਅੰਮ੍ਰਿਤਸਰ ਦੀਆਂ ਸ਼ਰਧਾਲੂ ਮਾਈਆਂ ਨੇ ਤਾਂ ਬਹੁਤ ਹੀ ਜ਼ੋਰ ਲਾਇਆ। ਹਜ਼ੂਰ ਨੇ ਉਹਨਾਂ ਦੀ ਭਗਤੀ ਭਾਵਨਾ ਤੇ ਪਰਸੰਨ ਹੋ ਕੇ 'ਮਾਈਆਂ ਰੱਬ ਰਜਾਈਆਂ' ਦਾ ਵਰ ਦਿਤਾ।

ਦੋ ਦਿਨ ਓਥੇ ਗੁਜ਼ਾਰ ਕੇ ਮਹਾਰਾਜ ਫਿਰ ਨੱਗਰ ਬਾਬਾ ਬਕਾਲਾ ਵਿਚ ਜਾ ਬਿਰਾਜੇ।

## ਕੀਰਤਪੁਰ

ਉਸ ਵੇਲੇ ਕੀਰਤਪੁਰ ਦਾ ਪਰਬੰਧ ਬਾਬਾ ਸੂਰਜ ਮੱਲ ਦੇ ਹੱਥ ਵਿਚ ਸੀ। ਅੱਠਵੇਂ ਪਾਤਸ਼ਾਹ ਦੇ ਮਾਤਾ, ਮਾਤਾ ਕਿਸ਼ਨਕੌਰ ਜੀ ਵੀ ਕੀਰਤਪੁਰ ਹੀ ਰਹਿੰਦੇ ਸਨ। ਗੁਰੂ ਹਰਿਕ੍ਰਿਸ਼ਨ ਜੀ ਦੇ ਜੋਤੀ ਜੋਤ ਸਮਾਉਣ ਪਿਛੋਂ ਛੇਤੀ ਹੀ ਮਾਤਾ ਜੀ ਵਾਪਸ ਕੀਰਤਪੁਰ ਆ ਗਏ ਸਨ। ਭਾਈ ਗੁਰਬਖ਼ਸ਼ ਉਹਨਾਂ ਦਾ ਇਤਬਾਰੀ ਮਸੰਦ ਸੀ। ਬਾਬਾ ਸੂਰਜ ਮੱਲ ਤੇ ਮਾਤਾ ਕਿਸ਼ਨ ਕੌਰ ਜੀ ਦਾ ਭੇਜਿਆ ਹੋਇਆ ਉਹ ਭੇਟਾ ਲੈ ਕੇ ਬਾਬਾ ਬਕਾਲਾ ਹਾਜ਼ਰ ਹੋਇਆ। ਨੌਵੇਂ ਗੁਰੂ ਦੇ ਚਰਨਾਂ ਵਿਚ ਭੇਟਾ ਧਰਕੇ ਉਹਨੇ ਕੀਰਤਪੁਰ ਚੱਲਣ ਵਾਸਤੇ ਬੇਨਤੀ ਕੀਤੀ।

ਧੀਰਮੱਲ ਆਪਣੇ ਮਨੋਰਥ ਵਿਚ ਸਫਲ ਨਹੀਂ ਸੀ ਹੋਇਆ, ਪਰ ਉਹਦੇ ਮਨ ਵਿਚੋਂ ਈਰਖਾ ਦੇ ਭਾਂਬੜ ਸ਼ਾਂਤ ਨਹੀਂ ਸਨ ਹੋਏ। ਉਹਦੇ ਮਸੰਦ ਸ਼ਰਾਰਤਾਂ ਕਰਨ ਤੋਂ ਬਾਜ਼ ਨਹੀਂ ਸਨ ਆਉਂਦੇ। ਗੁਰੂ ਤੇਗ ਬਹਾਦਰ ਜੀ ਚਾਹੁੰਦੇ ਸਨ, ਕਿ ਉਸ ਈਰਖਾ ਭਰੇ ਵਾਤਾਵਰਣ ਵਿਚੋਂ ਜ਼ਰਾ ਲਾਂਭੇ ਹੋ ਜਾਈਏ। ਸੋ (ਮਾਤਾ) ਕਿਸ਼ਨ ਕੌਰ ਤੇ ਬਾਬਾ ਸੂਰਜ ਮੱਲ ਦਾ ਸੱਦਾ ਮਿਲਨ 'ਤੇ ਮਹਾਰਾਜ ਕੀਰਤਪੁਰ ਨੂੰ ਤੁਰ ਪਏ। ਪਿੰਡਾਂ ਦੀਆਂ ਸੰਗਤਾਂ ਵਿਚ ਪਰਚਾਰ ਕਰਦੇ ਹੋਏ ਹਜ਼ੂਰ ਕੀਰਤ ਪੁਰ ਜਾ ਪਹੁੰਚੇ। ਮਾਤਾ ਕਿਸ਼ਨਕੌਰ ਤੇ ਬਾਬਾ ਸੂਰਜ ਮੱਲ ਨੇ ਹਜ਼ੂਰ ਦਾ ਬਹੁਤ ਸਤਕਾਰ ਕੀਤਾ। ਜਿੱਥੇ ਆਪ ਗੁਰੂ ਨਾਨਕ ਦੀ ਗੱਦੀ ਦੇ ਮਾਲਕ ਸਨ, ਓਥੇ ਮਾਤਾ ਕਿਸ਼ਨ ਕੌਰ ਦੇ ਪੀਹੜੀਓਂ ਵੀ ਬਜ਼ੁਰਗ ਸਨ। ਮਾਤਾ ਕਿਸ਼ਨ ਕੌਰ ਜੀ ਨੇ ਗੁਰੂ ਹਰਿਕ੍ਰਿਸ਼ਨ ਸਾਹਿਬ ਦੀਆਂ ਗੁਰ-ਗੱਦੀ ਨਾਲ ਸੰਬੰਧਤ ਵਸਤੂ ਮਹਾਰਾਜ ਦੇ ਸਾਮ੍ਹਣੇ ਰਖ ਕੇ ਮੱਥਾ ਟੇਕਿਆ।

ਹਜ਼ੂਰ ਨੇ ਵੀ ਸਭ ਦਾ ਥਾਂ ਪੁਰ ਥਾਂ ਆਦਰ-ਮਾਣ ਕੀਤਾ। ਫਿਰ ਆਪ ਨੇ ਪਿਛਲੇ ਗੁਰੂ ਸਾਹਿਬਾਨ ਦੇ ਸਾਰੇ ਅਸਥਾਨ ਵੇਖੇ, ਤੇ ਸਭ ਥਾਂਈਂ ਚੜ੍ਹਾਵੇ ਚੜ੍ਹਾਏ।

ਏਥੇ ਵੀ ਗੁਰਦੇਵ ਥੋੜਾ ਸਮਾਂ ਹੀ ਟਿਕ ਸਕੇ। ਭਾਵੇਂ ਸੂਰਜ ਮੱਲ ਤੇ ਮਾਤਾ ਕਿਸ਼ਨ ਕੌਰ ਗੁਰੂ ਜੀ ਦਾ ਪੂਰਾ ਸਤਕਾਰ ਕਰਦੇ ਸਨ, ਪਰ ਉਹਨਾਂ ਦੇ ਮਸੰਦ—ਆਪਣਾ ਆਦਰ ਮਾਣ ਘਟਦਾ ਵੇਖ ਕੇ—ਦਿਲੋਂ ਬਹੁਤ ਔਖੇ ਸਨ। ਸੋ ਮਹਾਰਾਜ ਨੇ ਓਥੋਂ ਵੀ ਦੂਰ ਹੋ ਜਾਣਾ ਹੀ ਠੀਕ ਸਮਝਿਆ।

## ਅਨੰਦਪੁਰ ਵਸਾਇਆ

ਕੀਰਤਪੁਰ ਤੋਂ ਪੰਜ-ਕੁ ਮੀਲ ਉਤਰ ਵੱਲ ਮਾਖੋਵਾਲ ਦਾ ਥੇਹ ਪਿਆ ਸੀ। ਕਹਿਲੂਰ ਦੇ ਰਾਜੇ ਤੋਂ ਇਹ ਧਰਤੀ ਮੁੱਲ ਖ਼ਰੀਦ ਕੇ ਮਹਾਰਾਜ ਨੇ ਨਵਾਂ ਨੱਗਰ ਵਸਾਇਆ। ਹਜ਼ੂਰ ਨੇ ਉਸਦਾ ਨਾਮ 'ਗੁਰੂ ਕਾ ਚੱਕ' ਰਖਿਆ। ਪਿਛੋਂ ਗੁਰੂ ਗੋਬਿੰਦ ਸਿੰਘ ਜੀ ਨੇ ਉਸਦਾ ਨਾਮ 'ਅਨੰਦ ਪੁਰ' ਬਦਲ ਦਿਤਾ, ਜੋ ਅਜੇ ਤਕ ਪਰਚਲਤ ਹੈ।

—o—

# ਪੰਜਵਾਂ ਕਾਂਡ

# ਤੀਰਥ ਯਾਤਰਾ

ਬਾਬਾ ਬਕਾਲਾ ਦੀ ਹਾਰ ਧੀਰਮਲ ਆਦਿ ਸੋਢੀਆਂ ਦੇ ਦਿਲਾਂ ਵਿਚ ਕੰਡੇ ਵਾਂਗ ਰੜਕ ਰਹੀ ਸੀ। ਵਧੇਰੇ ਸੂਲ ਉਹਨਾਂ ਨੂੰ ਇਸ ਗੱਲ ਦਾ ਸੀ, ਕਿ ਗੁਰੂ ਮਹਾਰਾਜ ਦੀ ਚੜ੍ਹਾਵੇ ਦੀ ਆਮਦਨ ਬਹੁਤ ਵਧ ਗਈ ਸੀ। ਵਿਰੋਧੀ ਸੋਚਦੇ, 'ਅਜੇ ਤੇਗ ਬਹਾਦਰ ਕੱਲ੍ਹ ਗੁਰੂ ਬਣੇ ਨੇ, ਤੇ ਅੱਜ ਰਾਜੇ ਕੋਲੋਂ ਜ਼ਮੀਨ ਖ਼ਰੀਦ ਕੇ ਆਪਣਾ ਵੱਖਰਾ ਨੱਗਰ ਵੀ ਵਸਾਉਣ ਲੱਗ ਪਏ ਨੇ। ਪਤਾ ਨਹੀਂ, ਉਹਨਾਂ ਕੋਲ ਕਿੰਨੀ ਕੁ ਮਾਇਆ ਇਕੱਠੀ ਹੋ ਗਈ ਹੈ। ਕਿਵੇਂ ਨਾਂ ਕਿਵੇਂ ਉਹਨਾਂ ਨੂੰ ਰਾਹ ਚੋਂ ਪਾਸੇ ਕਰ ਦਿਤਾ ਜਾਵੇ, ਤਾਂ ਇਹ ਸਾਰੀ ਚੜ੍ਹਾਵੇ ਦੀ ਰਕਮ ਸਾਡੇਹੱਥ ਆਵੇ।'

ਮਾਇਆ ਦੇ ਮੋਹ ਨੇ ਸਭ ਤੋਂ ਵਧੇਰੇ ਧੀਰ ਮੱਲ ਨੂੰ ਦੁਖੀ ਕਰ ਰਖਿਆ ਸੀ। ਉਹਨੇ ਰਾਮ ਰਾਏ ਨੂੰ ਦਿੱਲੀ ਤੋਂ ਤੇ ਹਰਜੀ ਮੀਣੇ ਨੂੰ ਅੰਮ੍ਰਿਤਸਰੋਂ ਬੁਲਾ ਲਿਆ। ਧੀਰਮੱਲ ਦੇ ਘਰ ਬਹਿ ਕੇ ਤਿੰਨਾਂ ਨੇ ਆਪਸ ਵਿਚ ਦੁੱਖ ਫੋਲੇ। ਤਿੰਨਾਂ ਨੂੰ ਆਪੋ ਆਪਣੀ ਥਾਂ ਗੁਰੂ ਦਾ ਡਰ ਭਾਸ ਰਿਹਾ ਸੀ। ਅੰਤ ਫ਼ੈਸਲਾ ਇਹ ਹੋਇਆ, ਕਿ ਰਾਮ ਰਾਏ ਔਰੰਗਜ਼ੇਬ ਕੋਲ ਸ਼ਕਾਇਤ ਕਰੇ, ਤੇ ਜਿਵੇਂ ਵੀ ਹੋ ਸੱਕੇ, ਝੂਠੀਆਂ ਸੱਚੀਆਂ ਲਾ ਕੇ ਮਹਾਰਾਜ ਨੂੰ ਕੈਦ ਕਰਵਾ ਦੇਵੇ। ਫਿਰ ਬਾਕੀ ਸੋਢੀਆਂ ਵਾਸਤੇ ਰਸਤਾ ਸ਼ਾਫ਼ ਹੋ ਜਾਵੇਗਾ।

ਰਾਮ ਰਾਏ ਨੇ ਸ਼ਕਾਇਤ ਕੀਤੀ ਵੀ, ਪਰ ਉਹ ਔਰੰਗਜ਼ੇਬ ਨੂੰ ਪ੍ਰੇਰਨ ਵਿਚ ਸਫਲ ਨਾ ਹੋ ਸਕਿਆ।[1] ਇਸ ਪਾਸਿਓਂ ਨਿਰਾਸ ਹੋ ਕੇ ਸੋਢੀਆਂ ਨੇ ਆਪਣੇ

---

1. ਗਿ. ਗਿਆਨ ਸਿੰਘ, ਤਵਾਰੀਖ਼ ਗੁਰੂ ਖ਼ਾਲਸਾ, ਪਹਿਲਾ ਭਾਗ, ਭਾਸ਼ਾ ਵਿਭਾਗ ਦੀ ਛਪੀ, ਪੰਨਾ ੬੫੭।

ਮਸੰਦਾਂ ਰਾਹੀਂ ਭੰਡੀ ਪਰਚਾਰ ਸ਼ੁਰੂ ਕਰ ਦਿਤਾ।

ਗੁਰੂ ਤੇਗ ਬਹਾਦਰ ਜੀ ਦੇ ਸਾਮ੍ਹਣੇ ਹੁਣ ਦੋ ਹੀ ਰਾਹ ਰਹਿ ਗਏ ਸਨ। ਜਾਂ ਤਾਂ ਆਪ ਸ਼ਰੀਕਾਂ ਦੀ ਈਰਖਾ ਦਾ ਡਟ ਕੇ ਟਾਕਰਾ ਕਰਦੇ, ਭਾਵ 'ਜੈਸੇ ਨੂੰ ਤੈਸਾ' ਦੇ ਸਿਧਾਂਤ ਅਨੁਸਾਰ ਵਿਰੋਧੀਆਂ ਦਾ ਹਰ ਢੰਗ ਨਾਲ ਵਿਰੋਧ ਕਰਦੇ, ਤੇ ਜਾਂ ਕੁਛ ਸਮੇਂ ਵਾਸਤੇ ਉਹਨਾਂ ਦੀਆਂ ਅੱਖਾਂ ਤੋਂ ਦੂਰ ਹੋ ਜਾਂਦੇ। ਮਹਾਰਾਜ ਨੇ ਦੂਸਰਾ ਰਾਹ ਅਪਣਾਇਆ। ਇਕ ਤਾਂ ਇਸ ਤਰ੍ਹਾਂ ਸ਼ਰੀਕਾਂ ਦੀ ਈਰਖਾ ਆਪਣੇ ਆਪ ਸ਼ਾਂਤ ਹੋ ਜਾਣ ਦੀ ਸੰਭਾਵਨਾ ਸੀ, ਤੇ ਦੂਸਰੇ ਪਹਿਲੇ ਗੁਰੂ ਸਾਹਿਬਾਨ ਦੀ ਪਰਚਾਰੀ ਹੋਈ ਸਿੱਖੀ ਦੀ ਸੰਭਾਲ ਕੀਤੀ ਜਾ ਸਕਦੀ ਸੀ। ਸੋ ਮਹਾਰਾਜ ਨੇ ਤਿਆਰੀ ਦਾ ਹੁਕਮ ਦੇ ਦਿਤਾ।

ਮੱਖਣ ਸ਼ਾਹ ਕਾਰੋਬਾਰੀ ਆਦਮੀ ਸੀ। ਮਹਾਰਾਜ ਤੋਂ ਛੁੱਟੀ ਲੈ ਕੇ ਉਹ ਆਪਣੇ ਨੱਗਰ ਨੂੰ ਚਲਾ ਗਿਆ।

ਅਨੰਦ ਪੁਰ ਉਸਰਨਾ ਸ਼ੁਰੂ ਹੀ ਹੋਇਆ ਸੀ ਅਜੇ। ਸੋ ਓਥੋਂ ਦੀ ਸੇਵਾ ਮਹਾਰਾਜ ਨੇ ਭਾਈ ਭਾਗੂ ਚੂਹਣੀਆਂ ਵਾਲਾ, ਭਾਈ ਰਾਮਾ ਸੰਧੂ, ਭਾਈ ਸਾਧੂ ਮੁਲਤਾਨੀ, ਭਾਈ ਦੇਸ ਰਾਜ ਆਦਿ ਵਿਸ਼ਵਾਸੀ ਸਿੱਖਾਂ ਨੂੰ ਸੌਂਪ ਦੀਤੀ।

## ਯਾਤਰਾ ਆਰੰਭ

ਹਜ਼ੂਰ ੧੫ ਮੱਘਰ, ੧੭੨੨ ਬਿ. ਨੂੰ ਅਨੰਦਪੁਰੋਂ ਤੁਰ ਪਏ। ਮਹਾਰਾਜ ਦੇ ਨਾਲ ਕਿਰਪਾਲ ਚੰਦ, ਦੀਵਾਨ ਮਤੀ ਦਾਸ, ਸਤੀ ਦਾਸ, ਸਾਹਿਬ ਚੰਦ, ਸੰਗਤੀਆ, ਬਹੁਤ ਸਾਰੇ ਨਾਮਵਰ ਸਿੱਖ ਸਨ। ਮਾਤਾ ਨਾਨਕੀ ਜੀ ਤੇ ਮਾਤਾ ਗੁਜਰੀ ਜੀ ਵੀ ਸਨ। ਦੋਵੇਂ ਮਾਤਾ ਜੀ ਰਥ ਉਤੇ ਅਸਵਾਰ ਸਨ, ਤੇ ਗੁਰੂ ਮਹਾਰਾਜ ਘੋੜੇ ਉਤੇ। ਨੱਗਰ ਤੋਂ ਦੋ ਮੀਲ ਤਕ ਸੰਗਤਾਂ ਹਜ਼ੂਰ ਨੂੰ ਵਿਦਿਆ ਕਰਨ ਗਈਆਂ।

ਪਹਿਲਾ ਪੜਾਅ ਮਹਾਰਾਜ ਨੇ ਕੀਰਤਪੁਰ ਕੀਤਾ।[1] ਸਭ ਗੁਰਧਾਮਾਂ ਦੇ ਦਰਸ਼ਨ ਕਰਕੇ ਮਹਾਰਾਜ ਮਾਲਵੇ ਦੇ ਪਿੰਡਾਂ (ਸੇਖਾ, ਕੱਟੂ, ਫਰਵਾਹੀ, ਰੋਪੜ, ਧੌਲਾ, ਮੌੜ,

---

1. ਇਸ ਸਫ਼ਰ ਬਾਰੇ ਤਿੰਨ ਪੁਰਾਤਨ ਗ੍ਰੰਥਾਂ ਵਿਚ ਹਵਾਲਾ ਮਿਲਦਾ ਹੈ। 'ਸਾਖੀ ਪੋਥੀ', 'ਸੂਰਜ ਪ੍ਰਕਾਸ਼' ਤੇ 'ਤਵਾਰੀਖ਼ ਗਿ. ਗਿਆਨ ਸਿੰਘ।' ਸਭ ਵਿਚ ਕੁਛ ਕੁਛ ਫ਼ਰਕ ਹੈ।

ਖੀਵਾ, ਮਾਈਸਰ ਖ਼ਾਨਾ, ਤਲਵੰਡੀ ਸਾਬੋਕੀ, ਬੱਛੋਆਣਾ, ਗੋਬਿੰਦਪੁਰਾ ਆਦਿ) ਵਿਚ ਦੀ ਸਿੱਖੀ ਦਾ ਪਰਚਾਰ ਕਰਦੇ ਹੋਏ, ਅੱਗੇ ਬਾਂਗਰ ਦੇਸ਼ ਵਿਚ ਦਾਖ਼ਲ ਹੋਏ। ਗਾਗਾ, ਲ਼ੇਲ੍ਹ, ਮੂਣਕ ਆਦਿ ਪਿੰਡਾਂ ਵਿਚ ਦੀ ਹੁੰਦੇ ਹੋਏ ਮਹਾਰਾਜ ਧਮਧਾਣ ਜਾ ਪੁੱਜੇ। ਓਥੇ ਮਹਾਰਾਜ ਕਈ ਦਿਨ ਠਹਿਰੇ। ਇਹ ਨੀਯਤ ਨਹੀਂ ਸੀ, ਕਿ ਇਸ ਤਾਰੀਖ਼ ਨੂੰ ਫਲਾਣੀ ਜਗ੍ਹਾ ਜ਼ਰੂਰ ਪੁਜਣਾ ਹੈ। ਸੋ ਜਿਸ ਥਾਂ ਦੀਆਂ ਸੰਗਤਾਂ ਸ਼ਰਧਾ ਪਰਗਟ ਕਰਦੀਆਂ, ਹਜ਼ੂਰ ਉਸ ਪਾਸੇ ਚਾਲੇ ਪਾ ਦੇਂਦੇ।

ਇਸ ਇਲਾਕੇ ਵਿਚ ਦੀ ਮਹਾਰਾਜ਼ ਨੇ ਦੋ ਵਾਰ ਸਫ਼ਰ ਕੀਤਾ ਹੈ। ਪਹਿਲਾ ਇਹ, ਜਿਸਦਾ ਜ਼ਿਕਰ ਅਸੀਂ ਕਰ ਰਹੇ ਹਾਂ, ਤੇ ਦੂਸਰਾ ਉਹ, ਜਦ ਮਹਾਰਾਜ ਅਨੰਦ ਪੁਰ ਤੋਂ ਦਿੱਲੀ ਨੂੰ ਸ਼ਹੀਦ ਹੋਣ ਵਾਸਤੇ ਤੁਰੇ ਸਨ। ਇਹ ਨਿਰਨਾ ਕਰਨਾ ਜ਼ਰਾ ਕਠਨ ਹੈ, ਕਿ ਕਿਸ਼ ਥਾਂ ਹਜ਼ੂਰ ਨੇ ਪਹਿਲੇ ਸਫ਼ਰ ਵਿਚ ਚਰਨ ਪਾਏ ਤੇ ਕਿਸ ਵਿਚ ਦੂਸਰੇ ਸਮੇਂ। ਥਾਂ ਥਾਂ ਨੱਗਰਾਂ ਤੇ ਕਸਬਿਆਂ ਵਿਚ ਬਣੇ ਹੋਏ ਯਾਦਗਾਰੀ ਅਸਥਾਨ ਇਹ ਸਾਬਤ ਕਰਦੇ ਹਨ, ਕਿ ਮਹਾਰਾਜ਼ ਓਥੇ ਗਏ ਜ਼ਰੂਰ ਹਨ।

ਕਈ ਪਿੰਡਾਂ ਵਿਚ ਦੀ ਚੱਕਰ ਲਾਉਂਦੇ ਮਹਾਰਾਜ ਪਹੋਆ ਪੁੱਜੇ, ਜੋ ਹਿੰਦੂਆਂ ਦਾ ਇਕ ਪਰਸਿਧ ਤੀਰਥ ਹੈ। ਓਥੋਂ ਅੱਗੇ ਕੈਥਲ, ਥਾਨੇਸਰ ਰਾਹੀਂ ਮਹਾਰਾਜ ਨੇ ਕੁਛ ਸਮਾਂ ਕੁਰਕਸ਼ੇਤਰ ਵਿਚ ਗੁਜ਼ਾਰਿਆ। ਹਿੰਦੂਆਂ ਦੇ ਪਰਸਿਧ ਤੀਰਥਾਂ ਉਤੇ ਜਾਣ ਦਾ ਮਨੋਰਥ ਕੇਵਲ ਸਿੱਖੀ ਦਾ ਪਰਚਾਰ ਕਰਨਾ ਸੀ।

ਏਥੋਂ ਚੱਲ ਕੇ ਮਹਾਰਾਜ ਕੁਛ ਦਿਨ ਦਿੱਲੀ ਠਹਿਰੇ। ਦਿੱਲੀ ਤੋਂ ਅੱਗੇ ਮਥਰਾ, ਆਗਰਾ ਰਾਹੀਂ ਅਲਾਹਬਾਦ ਜਾ ਪੁੱਜੇ। ਓਥੇ ਮਹਾਰਾਜ ਕਾਫ਼ੀ ਸਮਾਂ ਰਹੇ।

## ਅਲਾਹਾਬਾਦ

ਅਲਾਹਾਬਾਦ ਹਿੰਦੂਆਂ ਦਾ ਪਰਸਿੱਧ ਤੀਰਥ ਹੈ। ਇਸਦਾ ਪੁਰਾਣਾ ਨਾਮ ਪਰਯਾਗ ਜਾਂ ਪਰਾਗਰਾਜ ਹੈ। ਇਸਲਾਮੀ ਰਾਜ ਸਮੇਂ ਬਹੁਤ ਸਾਰੇ ਅਸਥਾਨਾਂ ਦੇ ਨਾਮ ਬਦਲੇ ਗਏ ਸਨ। ਸੋ ਪਰਯਾਗ ਦਾ ਨਾਮ ਵੀ ਅਲਾਹਾਬਾਦ ਰਖ ਦਿਤਾ ਗਿਆ, ਜੋ ਅਜੇ ਤਕ ਪਰਚਲਤ ਹੈ। ਏਥੇ ਗੰਗਾ ਤੇ ਜਮਨਾ ਦਾ ਮੇਲ ਹੁੰਦਾ ਹੈ। ਵੇਦਕ ਧਰਮ ਨੂੰ ਮੰਨਣ ਵਾਲਿਆਂ ਦਾ ਵਿਸ਼ਵਾਸ ਹੈ, ਕਿ ਤੀਸਰੀ ਨਦੀ ਸਰਸਵਤੀ ਗੁਪਤ ਤੌਰ 'ਤੇ ਏਥੇ ਗੰਗਾ ਤੇ ਜਮਨਾ ਨਾਲ ਮਿਲਦੀ ਹੈ। ਉਹ ਨਜ਼ਰ ਨਹੀਂ

ਆਉਂਦੀ। ਸੋ ਤਿੰਨਾ ਪਵਿਤੱਰ ਨਦੀਆਂ (ਗੰਗਾ, ਜਮਨਾ ਤੇ ਸਰਸਵਤੀ) ਦਾ ਸੰਗਮ ਹੋਣ ਦੇ ਕਾਰਨ ਇਸ ਤੀਰਥ ਦਾ ਨਾਮ 'ਤ੍ਰਿਵੇਣੀ' ਪਰਸਿੱਧ ਹੈ। ਇਹ ਤਿੰਨੇ ਨਦੀਆਂ ਪਵਿੱਤਰ ਮੰਨੀਆਂ ਜਾਂਦੀਆਂ ਹਨ। ਸਨਾਤਨ ਧਰਮੀ ਇਹਨਾਂ ਨਦੀਆਂ ਵਿਚ ਇਸ਼ਨਾਨ ਕਰਨਾ, ਮੁਕਤੀ ਦਾ ਸਾਧਨ ਮੰਨਦੇ ਹਨ। 'ਤ੍ਰਿਵੇਣੀ' ਵਿਚ ਇਸ਼ਨਾਨ ਕਰਨ ਨਾਲ ਤਿੰਨਾਂ ਦੇ ਮਹਾਤਮ ਦਾ ਫਲ ਮਿਲ ਜਾਂਦਾ ਹੈ। ਇਸ ਲਈ, ਇਸ ਤੀਰਥ ਦੀ ਵਿਸ਼ੇਸ਼ ਮਹਾਨਤਾ ਮੰਨੀ ਜਾਂਦੀ ਹੈ। ਇਹ ਵੇਦਕ ਧਰਮ ਦੇ ਵਿਚਾਰ ਹਨ। ਨਹੀਂ ਤਾਂ ਸਿੱਖੀ ਤਾਂ ਸਭ ਤੋਂ ਉਤਮ ਤੀਰਥ 'ਨਾਮ ਸਿਮਰਨ' ਨੂੰ ਹੀ ਮੰਨਦੀ ਹੈ।

'ਅਠਸਠਿ ਤੀਰਥ ਹਰਿ ਨਾਮੁ ਹੈ,
ਕਿਲਵਿਖ ਕਾਟਣਹਾਰਾ।'

(ਰਾਗ ਮਾਰੂ, ਮ. ੧, ਪੰਨਾ ੧੦੦੯)

ਅਲਾਹਾਬਾਦ ਵਿਚ ਮਹਾਰਾਜ ਨੇ 'ਅਹੀਆਪੁਰ' ਮਹੱਲੇ ਵਿਚ ਡੇਰਾ ਰੱਖਿਆ। ਧਰਮ ਵਿਚ ਪਰਚਲਤ ਪਾਖੰਡ ਦਾ ਖੰਡਨ ਤੇ ਸੱਚੇ ਧਰਮ ਦਾ ਪਰਚਾਰ ਕਰਨਾ ਹੀ ਮਹਾਰਾਜ ਦਾ ਮਨੋਰਥ ਸੀ।

ਹਿੰਦੂ ਤੀਰਥ ਹੋਣਾ ਇਕ ਪਾਸੇ ਰਿਹਾ, ਅਲਾਹਾਬਾਦ ਦਾ ਸਿੱਖ ਇਤਿਹਾਸ ਵਿਚ ਵੀ ਉਚੇਚਾ ਅਸਥਾਨ ਹੈ। ਇਸਦਾ ਵਰਨਣ ਗੁਰੂ ਗੋਬਿੰਦ ਸਿੰਘ ਮਹਾਰਾਜ ਆਪਣੀ ਜੀਵਨ ਕਥਾ (ਬਚਿਤ੍ਰ ਨਾਟਕ) ਵਿਚ ਇਉਂ ਕਰਦੇ ਹਨ।

'ਮੁਰ ਪਿਤ ਪੂਰਬ ਕੀਅਸ ਪਇਆਨਾ।
ਭਾਂਤ ਭਾਂਤ ਕੇ ਤੀਰਥ ਨਾਨਾ।
ਜਬ ਹੀ ਜਾਤ ਤ੍ਰਿਬੇਣੀ ਭਏ।
ਪੁੰਨ ਦਾਨ ਦਿਨ ਕਰਤ ਬਿਤਏ।
ਤਹੀ ਪ੍ਰਕਾਸ ਹਮਾਰਾ ਭਯੋ।
ਪਟਨੇ ਸਹਿਰ ਬਿਖੈ ਭਵ ਲਯੋ।'

ਇਸਤਰੀ ਦੀ ਸਭ ਤੋਂ ਵੱਡੀ ਰੀਝ ਹੈ, ਇਕ ਸਯੋਗ ਪੁੱਤਰ ਦੀ ਮਾਂ ਬਣਨਾ। ਉਮਰ ਦੇ ਲਗਭਗ ਤਿਰਤਾਲੀ ਸਾਲ ਮਾਤਾ ਗੁਜਰੀ ਜੀ ਨੇ ਆਪਣੇ ਪਤੀ ਦੀ ਸੇਵਾ ਕਰਦਿਆਂ ਬੜੇ ਸੰਜਮ ਨਾਲ ਗੁਜ਼ਾਰੇ ਸਨ। ਕਹਿਣਾ ਆਸਾਨ ਹੈ, ਪਰ ਅਜੇਹਾ

ਸੰਜਮ ਨਿਭਾਉਣਾ ਬਹੁਤ ਕਠਨ ਹੈ। ਤ੍ਰਿਬੇਣੀ ਠਹਿਰਨ ਸਮੇਂ ਮਾਤਾ ਜੀ ਨੂੰ ਗੁਰੂ ਤੇਗ ਬਹਾਦਰ ਜੀ ਪਾਸੋਂ ਪੁੱਤਰ-ਪਰਾਪਤੀ ਦੀ ਆਸ ਪੂਰਨ ਹੋਈ। ਦੋਹਾਂ ਦੇ ਤਪ ਨੂੰ ਫਲ ਲੱਗਾ, ਤੇ ਸੰਸਾਰ ਦੇ ਇਕ ਮਹਾਨ ਪੁਰਸ਼ ਗੁਰੂ ਗੋਬਿੰਦ ਸਿੰਘ ਪਟਨੇ ਵਿਚ ਉਹਨਾਂ ਦੇ ਘਰ ਪਰਗਟ ਹੋਏ।

ਸਿਰਫ਼ ਸਿੱਖ ਧਰਮ ਵਿਚ ਹੀ ਨਹੀਂ, ਭਾਰਤ ਭਰ ਵਿਚ ਗੁਰੂ ਗੋਬਿੰਦ ਸਿੰਘ ਆਪਣਾ ਉਚੇਚਾ ਪਰਭਾਵ ਛਡ ਗਏ ਹਨ।

## ਪਟਨਾ

ਗੁਰੂ ਤੇਗ ਬਹਾਦਰ ਮਹਾਰਾਜ ਅਲਾਹਾਬਾਦ ਤੋਂ ਚੱਲ ਕੇ ਮਿਰਜ਼ਾਪੁਰ, ਬਨਾਰਸ, ਸਸਰਾਮ, ਬੁੱਧ ਗਯਾ ਆਦਿ ਥਾਂਵਾਂ 'ਤੇ ਪਰਚਾਰ ਕਰਦੇ ਹੋਏ ਪਟਨੇ ਦੇ ਪਵਿੱਤਰ ਸ਼ਹਿਰ ਵਿਚ ਪੁੱਜੇ। ਓਥੇ ਗੁਰਦੇਵ ਨੇ ਕੁਛ ਸਮਾਂ ਆਪਣੇ ਪਰਵਾਰ ਨਾਲ ਗੁਜ਼ਾਰਿਆ।

ਪਹਿਲੀ ਉਦਾਸੀ ਸਮੇਂ ਗੁਰੂ ਨਾਨਕ ਦੇਵ ਮਹਾਰਾਜ ਨੇ ਇਹਨਾਂ ਸਾਰਿਆਂ ਇਲਾਕਿਆਂ ਵਿਚ ਸਿੱਖ ਧਰਮ ਦਾ ਬੀਜ ਬੀਜਿਆ ਸੀ। ਪਿਛੋਂ ਉਦਾਸੀ ਸਾਧੂਆਂ ਤੇ ਗੁਰੂ ਅਮਰਦਾਸ ਦੇ ਥਾਪੇ ਸਿੱਖ ਪਰਚਾਰਕਾਂ ਨੇ ਉਸਨੂੰ ਹਰਿਆ ਭਰਿਆ ਰਖਿਆ ਸੀ। ਉਸ ਫੁਲਵਾੜੀ ਦੀ ਸੰਭਾਲ ਕਰਨ ਵਾਸਤੇ ਗੁਰੂ ਤੇਗ ਬਹਾਦਰ ਸਾਹਿਬ ਇਸ ਪਾਸੇ ਆਏ ਸਨ।

—o—

# ਬੰਗਾਲ ਤੇ ਆਸਾਮ

ਕੁਛ ਜ਼ਿੰਮੇਵਾਰ ਸਿੱਖਾਂ ਨਾਲ ਆਪਣੇ ਪਰਵਾਰ ਨੂੰ ਪਟਨੇ ਛੱਡ ਕੇ ਗੁਰੂ ਮਹਾ-ਰਾਜ ਆਸਾਮ ਦੇ ਦੌਰੇ ਵਾਸਤੇ ਤੁਰ ਪਏ। ਘਰ ਦੀ ਸੰਭਾਲ ਦੀ ਸਾਰੀ ਜ਼ਿੰਮੇਵਾਰੀ ਭਾਈ ਦਿਆਲ ਦਾਸ ਨੂੰ ਸੌਂਪੀ ਗਈ। ਉਸਦੀ ਸਹਾਇਤਾ ਵਾਸਤੇ (ਮਾਤਾ ਗੁਜਰੀ ਦੇ ਭਰਾ) ਭਾਈ ਕਿਰਪਾਲ ਚੰਦ (ਇਤਿਹਾਸ ਵਿਚ ਜਿੰਨ੍ਹਾਂ ਨੂੰ ਮਾਮਾ ਕ੍ਰਿਪਾਲ ਚੰਦ ਕਿਹਾ ਜਾਂਦਾ ਹੈ), ਮੁਨਸ਼ੀ ਸਾਹਿਬ ਚੰਦ, ਦੀਵਾਨ ਮਤੀ ਦਾਸ, ਸਤੀ ਦਾਸ, ਚਰਨ ਦਾਸ ਆਦਿ ਕੁਛ ਹੋਰ ਮੁਅਤਬਿਰ ਸਿੱਖ ਛੱਡੇ ਗਏ।

ਗੁਰੂ ਨਾਨਕ ਦੇਵ ਜੀ ਪਹਿਲੀ ਯਾਤਰਾ ਸਮੇਂ ਪਟਨੇ ਵਿਚ ਸਾਲਸ ਰਾਏ ਕੋਲ ਰਹੇ ਸਨ। ਸਾਲਸ ਰਾਏ ਤੇ ਉਸਦਾ ਨੌਕਰ ਬਦਰਿਕਾ ਸਭ ਤੋਂ ਪਹਿਲੇ ਸਿੱਖ ਬਣੇ ਸਨ। ਗੁਰਦੇਵ ਪਟਨੇ ਤੋਂ ਤੁਰਨ ਲੱਗੇ ਬਦਰਿਕੇ ਨੂੰ ਮੰਜੀ ਦੇ ਗਏ ਸਨ। ਮੰਜੀ ਦੇਣ ਦਾ ਅਰਥ ਸੀ, ਕਿ ਉਸ ਇਲਾਕੇ ਵਿਚ ਉਸਨੂੰ ਸਿੱਖੀ ਦਾ ਪਰਚਾਰਕ ਥਾਪ ਗਏ ਸਨ। ਸੰਗਤਾਂ ਨੇ ਬਦਰਿਕੇ ਦੀ ਰਿਹਾਇਸ਼ ਵਾਸਤੇ ਪਿਛੋਂ ਇਕ ਸੁੰਦਰ ਮਕਾਨ ਬਣਾ ਦਿਤਾ ਸੀ। ਸਹੀ ਅਰਥਾਂ ਵਿਚ ਉਸਨੂੰ ਧਰਮਸਾਲਾ ਕਿਹਾ ਜਾਣਾ ਚਾਹੀਦਾ ਹੈ। ਨੌਂਵੇਂ ਪਾਤਸ਼ਾਹ ਦੇ ਸਮੇਂ ਬਦਰਿਕਾ ਦੀ ਬੰਸ ਵਿਚੋਂ ਓਥੇ ਘਨਸ਼ਾਮ ਤੇ ਗੁਲਾਬਰਾਏ[1] ਮਸੰਦ ਸਨ। ਗੁਰੂ ਤੇਗ ਬਹਾਦਰ ਜੀ ਆਪਣੇ ਪਰਵਾਰ ਨੂੰ ਓਸੇ ਮਕਾਨ ਵਿਚ ਟਿਕਾ ਗਏ ਸਨ।

ਪਟਨੇ ਤੋਂ ਤੁਰ ਕੇ ਮਹਾਰਾਜ ਦੋ ਦਿਨ ਕਸਬਾ 'ਬਾਫ਼' ਵਿਚ ਠਹਿਰੇ। ਉਸ ਤੋਂ ਅੱਗੇ ਲੰਮਾ ਪੜਾਅ ਮਹਾਰਾਜ ਨੇ 'ਮੰਘੇਰ' ਸ਼ਹਿਰ ਵਿਚ ਕੀਤਾ। ਮੰਘੇਰ ਦਰਿਆ

---

1 ਤਵਾਰੀਖ਼ ਗੁਰੂ ਖਾਲਸਾ, ਪੰਨਾ ੬੭੮।

ਗੰਗਾ ਦੇ ਕਨਾਰੇ ਉਤੇ ਹੈ । ਓਥੇ ਮਹਾਰਾਜ ਲਗਭਗ ਇਕ ਮਹੀਨਾ ਰਹੇ ।

ਮੰਘੇਰ ਤੋਂ ਚੱਲ ਕੇ ਹਜ਼ੂਰ ਭਾਗਲ ਪੁਰ, ਕੋਲਗਾਉਂ (ਕਹਿਲ ਗਾਉ' ?), ਸਾਹਿਬਗੰਜ, ਕਾਂਤ ਨਗਰ, ਰਾਜ ਮਹਿਲ, ਰਾਹੀਂ 'ਮਾਲਦਾ' ਪੁੱਜੇ । ਪੰਜਾਬ ਦੇ ਮੁਲਤਾਨ ਵਾਂਗ ਮਾਲਦਾ ਵੀ ਸੂਫੀ ਫ਼ਕੀਰਾਂ ਦਾ ਗੜ੍ਹ ਮੰਨਿਆਂ ਜਾਂਦਾ ਸੀ ।

## ਢਾਕੇ ਵਿਚ

ਮਾਲਦਾ ਤੋਂ ਗੋਦਾਗਰੀ, ਗੋਪਾਲਪੁਰ, ਮੁਰਸ਼ਦਾਬਾਦ ਰਾਹੀਂ ਮਹਾਰਾਜ ਢਾਕੇ ਜਾ ਪੁੱਜੇ । ਢਾਕੇ ਵਿਚ ਗੁਰੂ ਮਹਾਰਾਜ ਬੁਲਾਕੀ ਦਾਸ ਮਸੰਦ ਦੇ ਘਰ ਉਤਰੇ । ਬੁਲਾਕੀ ਦਾਸ ਦੇ ਉਦਮ ਨਾਲ ਸਾਰੇ ਇਲਾਕੇ ਦੀਆਂ ਸੰਗਤਾਂ ਨੇ ਢਾਕੇ ਆ ਕੇ ਮਹਾਰਾਜ ਦੇ ਦਰਸ਼ਨ ਕੀਤੇ ।

ਢਾਕੇ ਦੀ ਸੰਗਤ ਨੇ ਗੁਰੂ ਮਹਾਰਾਜ ਵਾਸਤੇ ਇਕ ਵੱਖਰਾ ਘਰ ਬਣਾਇਆ, ਜਿਸਨੂੰ 'ਗੁਰੂ ਤੇਗ਼ ਬਹਾਦਰ ਸੰਗਤ' ਕਹਿੰਦੇ ਹਨ । ਉਸ ਮਹੱਲੇ ਦਾ ਨਾਮ ਹੀ ਪਿਛੋਂ 'ਸੰਗਤ ਟੋਲਾ' ਪੈ ਗਿਆ ।

## ਰਾਜਾ ਰਾਮ ਸਿੰਘ ਦਾ ਮੇਲ

ਏਥੇ ਹੀ ਔਰੰਗਜ਼ੇਬ ਦਾ ਜਰਨੈਲ ਰਾਜਾ ਰਾਮ ਸਿੰਘ ਗੁਰੂ ਮਹਾਰਾਜ ਨੂੰ ਮਿਲਿਆ । ਰਾਜਾ ਰਾਮ ਸਿੰਘ, ਰਾਜਾ ਜੇ ਸਿੰਘ ਦਾ ਪੁੱਤਰ ਸੀ । ਇਹ ਘਰਾਣਾ ਗੁਰੂ ਘਰ ਦਾ ਬੜਾ ਸ਼ਰਧਾਲੂ ਸੀ ।

ਉਸ ਸਮੇਂ ਬੰਗਾਲ ਮੁਗਲਾਂ ਦੇ ਕਬਜ਼ੇ ਵਿਚ ਸੀ, ਤੇ ਆਸਾਮ ਵਿਚ ਅਹੋਮੀਆਂ ਕਬੀਲੇ ਦਾ ਰਾਜਾ ਚਕਰਧਵਜ ਰਾਜ ਕਰਦਾ ਸੀ । ਮੁਗਲ ਹਾਕਮਾਂ ਨਾਲ ਉਸ ਕਬੀਲੇ ਦਾ ਝਗੜਾ ਹਮੇਸ਼ਾਂ ਹੁੰਦਾ ਰਹਿੰਦਾ ਸੀ । ਰਾਜਾ ਚਕਰਧਵਜ ਨੇ ਗੋਹਾਟੀ ਉਤੇ ਕਬਜ਼ਾ ਕਰ ਲਿਆ, ਜੋ ਪਹਿਲਾਂ ਮੁਗਲਾਂ ਦੇਂ ਕਬਜ਼ੇ ਵਿਚ ਸੀ । ਰਾਜਾ ਰਾਮ ਸਿੰਘ ਨੂੰ ਔਰੰਗਜ਼ੇਬ ਨੇ ਗੋਹਾਟੀ ਦਾ ਇਲਾਕਾ ਵਾਪਸ ਲੈਣ ਵਾਸਤੇ ਭੇਜਿਆ ਸੀ ।

ਬਾਕੀ ਭਾਰਤੀਆਂ ਦੇ ਦਿਲਾਂ ਉਤੇ ਆਸਾਮੀਆਂ ਦੇ ਜਾਦੂ ਟੂਣਿਆਂ ਦਾ ਬੜਾ ਭੈ ਸੀ । ਮੁਸਲਮਾਨ ਇਸ ਭੈ ਨੂੰ ਬਹੁਤ ਹੀ ਮੰਨਦੇ ਸਨ । ਮਾਲਦਾ ਤੋਂ ਰਾਜਾ ਰਾਮ ਸਿੰਘ ਨੇ ਪੰਜ ਨਾਮਵਰ ਸੂਫੀ ਫ਼ਕੀਰ ਨਾਲ ਲੈ ਲਏ, ਜਿਨ੍ਹਾਂ ਉਤੇ ਇਹ ਭਰੋਸਾ ਕੀਤਾ ਗਿਆ, ਕਿ ਉਹ ਆਸਾਮੀਆਂ ਦੇ ਜਾਦੂ ਦਾ ਸਰਕਾਰੀ ਫ਼ੌਜਾਂ ਉਤੇ ਕੋਈ ਅਸਰ

ਨਹੀਂ ਹੋਣ ਦੇਣਗੇ। ਉਹ ਰਾਤ ਦਿਨੇ ਕਲਮਾਂ ਪੜ੍ਹਦੇ ਰਹਿੰਦੇ ਤੇ ਫੌਜਾਂ ਨੂੰ ਹੌਸਲਾ ਦੇਂਦੇ, ਕਿ ਆਸਾਮੀਆਂ ਦੇ ਜਾਦੂ ਦਾ ਹੁਣ ਕੋਈ ਮਾੜਾ ਅਸਰ ਨਹੀਂ ਪਵੇਗਾ।

ਰਾਜਾ ਰਾਮ ਸਿੰਘ ਗੁਰੂ ਘਰ ਦਾ ਸ਼ਰਧਾਲੂ ਸੀ। ਉਹਨੇ ਗੁਰੂ ਮਹਾਰਾਜ ਅੱਗੇ ਬੇਨਤੀ ਕੀਤੀ, ਕਿ ਹਜ਼ੂਰ ਉਸਦੇ ਨਾਲ ਚੱਲਣ। ਗੁਰੂ ਮਹਾਰਾਜ ਦੀ ਪਹਿਲੇ ਹੀ ਇਛਿਆ ਸੀ ਆਸਾਮ ਜਾਣ ਦੀ। ਆਪ ਉਹਨਾਂ ਸਾਰੀਆਂ ਥਾਂਵਾਂ ਦੀਆਂ ਸੰਗਤਾਂ ਨੂੰ ਮਿਲਨਾ ਚਾਹੁੰਦੇ ਸ਼ਨ, ਜਿੱਥੇ ਕਦੇ ਗੁਰੂ ਨਾਨਕ ਦੇਵ ਜੀ ਨੇ ਚਰਨ ਪਾਏ ਸਨ।

## ਆਸਾਮ ਵਿਚ

ਰਾਜਾ ਰਾਮ ਸਿੰਘ ਦੇ ਨਾਲ ਗੁਰੂ ਮਹਾਰਾਜ ਧੂਬੜੀ ਤਕ ਪਹੁੰਚੇ। ਸਭ ਤੋਂ ਪਹਿਲਾਂ ਮਹਾਰਾਜ ਨੇ ਗੁਰੂ ਨਾਨਕ ਦੇਵ ਜੀ ਦਾ ਅਸਥਾਨ ਵੇਖਿਆ, ਜਿੱਥੇ ਮਹਾਰਾਜ ਆਸਾਮ ਜਾਂਦੇ ਹੋਏ ਠਹਿਰੇ ਸਨ।

ਗੋਹਾਟੀ ਵਿਚ ਕਾਮਾਖਿਆ ਦੇਵੀ ਦਾ ਮੰਦਰ ਹੈ, ਜਿਸ ਨੂੰ ਅਹੋਮੀਆਂ ਕਬੀਲਾ ਮੰਨਦਾ ਹੈ। ਹੁੰਦੇ ਤਾਣ ਅਹੋਮ ਲੋਕ ਗੁਹਾਟੀ ਛੱਡਣ ਨੂੰ ਤਿਆਰ ਨਹੀਂ ਸਨ। ਤੇ ਔਰੰਗਜ਼ੇਬ ਦਾ ਹੁਕਮ ਸੀ, ਸਣੇ ਗੋਹਾਟੀ ਉਹ ਇਲਾਕਾ ਫ਼ਤਹਿ ਕਰਨ ਦਾ। ਇਕ ਪਾਸੇ ਰਾਜਾ ਚਕਰਧਵਜ ਤੇ ਇਕ ਪਾਸੇ ਰਾਜਾ ਰਾਮ ਸਿੰਘ ਦੀਆਂ ਫ਼ੌਜਾਂ ਲਹੂ ਦੀ ਹੋਲੀ ਖੇਡਣ ਵਾਸਤੇ ਤਿਆਰ ਖਲੀਆਂ ਸਨ। ਇਨਸਾਨ ਦਾ ਬੇਲੋੜਾ ਲਹੂ ਵਗੇ, ਇਹ ਗੁਰੂ ਮਹਾਰਾਜ ਨੂੰ ਪਰਵਾਨ ਨਹੀਂ ਸੀ। ਮਹਾਰਾਜ ਨੇ ਦੋਹਾਂ ਧਿਰਾਂ ਦੀ ਸੁਲ੍ਹਾ ਕਰਾਉਣ ਦੀ ਧਾਰ ਲਈ।

## ਦੋ ਰਾਜਿਆਂ ਦੀ ਸੁਲ੍ਹਾ ਕਰਾਈ

ਰਾਜਾ ਚਕਰਧਵਜ ਦਾ ਸਾਥੀ ਰਾਜਾ ਰਾਮ ਰਾਏ ਗੁਰੂ ਮਹਾਰਾਜ ਦਾ ਸ਼ਰਧਾਲੂ ਸੀ। ਰਾਮ ਰਾਏ ਰਾਹੀਂ ਮਹਾਰਾਜ ਨੇ ਚਕਰਧਵਜ ਨੂੰ ਪ੍ਰੇਰਿਆ ਤੇ ਰਾਮ ਸਿੰਘ ਨੂੰ ਮਹਾਰਾਜ ਨੇ ਆਪ ਸਮਝਾਇਆ। ਮਹਾਨ ਤਪੱਸਵੀ ਗੁਰੂ ਤੇਗ਼ ਬਹਾਦਰ ਜੀ ਦਾ ਹੁਕਮ ਟਾਲਣ ਦੀ ਕਿਸੇ ਵੀ ਹਿੰਮਤ ਨਾ ਕੀਤੀ। ਅੰਤ ਮਹਾਰਾਜ ਨੇ ਦੋਹਾਂ ਰਾਜਿਆਂ ਦੀ ਸੁਲ੍ਹਾ ਕਰਾ ਦਿਤੀ। ਇਸ ਤਰ੍ਹਾਂ ਹਜ਼ਾਰਾਂ ਇਨਸਾਨਾਂ ਦਾ ਲਹੂ ਡੁੱਲ੍ਹਣੋ ਬਚ ਗਿਆ। ਗੋਹਾਟੀ ਅਹੋਮੀਆਂ ਕਬੀਲੇ ਦੇ ਕਬਜ਼ੇ ਵਿਚ ਰਹੀ, ਤੇ ਧੂਬੜੀ ਮੁਗ਼ਲਾਂ ਦੇ। ਸੁਲ੍ਹਾ ਦੀ ਯਾਦ ਵਜੋਂ ਦੋਹਾਂ ਦਲਾਂ ਦੇ ਸਿਪਾਹੀਆਂ ਨੇ ਢਾਲਾਂ ਨਾਲ ਮਿੱਟੀ ਪਾ ਕੇ

ਧੂਬੜੀ ਵਿਚ ਇਕ ਥੜਾ ਬਣਾਇਆ, ਜਿਸਨੂੰ 'ਦਮਦਮਾ, ਕਹਿੰਦੇ ਹਨ ।

ਏਥੇ ਹੀ ਮਹਾਰਾਜ ਨੂੰ ਪਟਨੇ ਵਿਚ ਸਾਹਿਬਜ਼ਾਦੇ ਦੇ ਪਰਗਟ ਹੋਣ ਦੀ ਖ਼ਬਰ ਮਿਲੀ ।[1] ਰਾਜਾ ਰਾਮ ਸਿੰਘ ਤੇ ਹੋਰ ਸਾਰੀਆਂ ਸੰਗਤਾਂ ਨੇ ਮਿਲ ਕੇ ਬਹੁਤ ਖ਼ੁਸ਼ੀ ਮਨਾਈ । ਦੀਵਾਨ ਸਜੇ, ਖੁੱਲ੍ਹਾ ਲੰਗਰ ਵਰਤਿਆ ਤੇ ਮਹਾਰਾਜ ਨੇ ਲੋੜਵੰਦਾਂ ਨੂੰ ਧਨ ਬਸਤਰ ਆਦਿ ਦਾਨ ਕੀਤੇ ।

## ਕਲਕੱਤੇ ਵਿਚ

ਏਥੋਂ ਮਹਾਰਾਜ ਫਿਰ ਵਾਪਸ ਢਾਕਾ ਆ ਗਏ । ਕੁਛ ਦਿਨ ਓਥੇ ਬਿਸਰਾਮ ਕਰਨ ਪਿਛੋਂ ਮਹਾਰਾਜ ਕਲਕੱਤਾ ਆ ਗਏ । ਗੰਗਾ ਦੇ ਕਨਾਰੇ ਗੁਰੂ ਨਾਨਕ ਦੇਵ ਜੀ ਦਾ ਅਸਥਾਨ 'ਬੜੀ ਸੰਗਤ' (ਕਲਕੱਤੇ ਦੇ ਬੰਗਾਲੀ ਸ਼ਬਦ 'ਬੜਾ' ਬੋਲਦੇ ਹਨ, 'ਬੜਾ ਸੰਗਤ') ਪਹਿਲੇ ਤੋਂ ਮੌਜੂਦ ਸੀ । ਉਸਦੇ ਨਾਲ ਹੀ ਗੁਰੂ ਤੇਗ਼ ਬਹਾਦਰ ਜੀ ਦੇ ਅਸਥਾਨ ਨੂੰ 'ਛੋਟੀ ਸੰਗਤ' ਕਹਿੰਦੇ ਹਨ ।

## ਜਗਨ ਨਾਥ ਪੁਰੀ

ਕਲਕੱਤੇ ਤੋਂ ਚੱਲ ਕੇ ਮਹਾਰਾਜ ਬਰਦਵਾਨ, ਰੂਪਸਾ, ਬਾਲਾਸੋਰ, ਕਟਕ, ਭੁਬਨੇਸ਼ਵਰ ਹੁੰਦੇ ਹੋਏ 'ਜਗਨ ਨਾਥ ਪੁਰੀ' ਪੁੱਜੇ । ਓਥੇ ਮਹਾਰਾਜ ਲਗਭਗ ਪੰਦਰਾਂ ਦਿਨ ਰਹੇ । ਇਹ ਹਿੰਦੂਆਂ ਦਾ ਓਹਾ ਪਰਸਿੱਧ ਤੀਰਥ ਹੈ, ਜਿੱਥੇ ਗੁਰੂ ਨਾਨਕ ਦੇਵ ਜੀ ਨੇ 'ਆਰਤੀ'[2] ਦਾ ਸ਼ਬਦ ਉਚਾਰਿਆ ਸੀ ।

## ਵਾਪਸ ਪਟਨੇ

ਗੁਰੂ ਮਹਾਰਾਜ ਨੂੰ ਪਟਨੇ ਤੋਂ ਤੁਰਿਆਂ ਪੰਜ-ਕੁ ਸਾਲ ਬੀਤ ਗਏ ਸਨ । ਸੰਗਤਾਂ ਵੱਲੋਂ ਤੇ ਮਾਤਾ ਨਾਨਕੀ ਜੀ ਵੱਲੋਂ ਆਏ ਦਿਨ ਬੇਨਤੀ ਪੱਤਰ ਆਉਂਦੇ ਸਨ, ਕਿ ਹਜ਼ੂਰ ਵਾਪਸ ਪਰਤਣ । ਨਾਲ ਹੀ ਸਾਹਿਬਜ਼ਾਦੇ ਵੱਲੋਂ ਵੀ ਪਿਆਰ ਭਰੀ ਬੇਨਤੀ ਕੀਤੀ ਜਾਂਦੀ ਸੀ । ਸੋ ਮਹਾਰਾਜ ਵਾਪਸ ਪਟਨਾ ਸਾਹਿਬ ਵੱਲ ਤਿਆਰ ਹੋ ਪਏ ।

---

1 ਗਿਆਨ ਸਿੰਘ, ਤਵਾਰੀਖ਼ ਗੁਰੂ ਖ਼ਾਲਸਾ, ਪਹਿਲਾ ਭਾਗ ੭੪੩ ।

2 ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ, ਤਾਰਿਕਾ ਮੰਡਲ ਜਨਕ ਮੋਤੀ ।...
(ਰਾਗ ਧਨਾਸਰੀ, ਮ. ੧, ਪੰਨਾ ੧੩) ।

ਰਾਹ ਵਿਚ ਮਿਦਨਾ ਪੁਰ, ਵਿਸ਼ਨੂੰਪੁਰ, ਗੋਮਾਂ, ਗਯਾ ਆਦਿ ਥਾਂਵਾਂ ਦੀਆਂ ਸੰਗਤਾਂ ਨੂੰ ਤਾਰਦੇ ਹੋਏ ਮਹਾਰਾਜ ਪਟਨਾ ਸਾਹਿਬ ਆ ਪੁੱਜੇ । ਸਾਰੀ ਸੰਗਤ ਮਹਾਰਾਜ ਦੇ ਸਵਾਗਤ ਵਾਸਤੇ ਸ਼ਹਿਰੋਂ ਬਾਹਰ ਤਕ ਗਈ । ਸਭ ਨੇ ਸਿਰ ਝੁਕਾ ਕੇ ਆਪਣੀ ਸ਼ਰਧਾ ਪਰਗਟ ਕੀਤੀ । ਮਹਾਰਾਜ ਨੇ ਅੱਗੇ ਵਧਕੇ ਮਾਤਾ ਨਾਨਕੀ ਜੀ ਨੂੰ ਸਿਰ ਝੁਕਾਇਆ। ਚਿਰ ਪਿੱਛੋਂ ਮਿਲੇ ਪੁੱਤਰ ਦੇ ਦਰਸ਼ਨ ਕਰਕੇ ਮਾਤਾ ਨਾਨਕੀ ਜੀ ਦੀ ਖ਼ੁਸ਼ੀ ਦੀ ਹੱਦ ਨਾ ਰਹੀ ।

ਫਿਰ ਮਾਤਾ ਗੁਜਰੀ ਜੀ ਨੇ ਆਪਣੇ ਸਵਾਮੀ ਗੁਰੂ ਦੇ ਚਰਨ ਪਰਸੇ । ਮਾਮਾ ਕਿਰਪਾਲ ਦਾ ਇਸ਼ਾਰਾ ਪਾ ਕੇ ਸਾਹਿਬਜ਼ਾਦਾ ਗੋਬਿੰਦ ਰਾਏ ਜੀ ਨੇ ਪਿਤਾ-ਗੁਰੂ ਦੇ ਚਰਨਾਂ ਉਤੇ ਮੱਥਾ ਟੇਕਿਆ । ਪਿਆਰ ਵੱਸ ਮਹਾਰਾਜ ਨੇ ਸਾਹਿਬਜ਼ਾਦੇ ਨੂੰ ਚੁੱਕ ਕੇ ਛਾਤੀ ਨਾਲ ਲਾ ਲਿਆ । ਤੇ ਨਾਲ ਹੀ ਗੁਰੂ ਅਰਜਨ ਦੇਵ ਜੀ ਦੀ ਤੁਕ ਦੁਹਰਾਈ :—

'ਜੰਮਿਆ ਪੂਤੁ ਭਗਤੁ ਗੋਵਿੰਦ ਕਾ ।
ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ।'

(ਰਾਗ ਆਸਾ, ਪੰਨਾ ੩੯੬)

ਪਟਨੇ ਵਿਚ ਨਵੇਂ ਸਿਰਿਓਂ ਖ਼ੁਸ਼ੀਆਂ ਮਨਾਈਆਂ ਗਈਆਂ । ਸਾਹਿਬਜ਼ਾਦੇ ਦੇ ਪਰਗਟ ਹੋਣ ਸਮੇਂ ਸਾਰੇ ਪਰਵਾਰ ਤੇ ਸ਼ਹਿਰ ਦੀਆਂ ਸੰਗਤਾਂ ਨੇ ਬੜੀ ਧੂਮ-ਧਾਮ ਨਾਲ ਖ਼ੁਸ਼ੀ ਮਨਾਈ ਸੀ । ਗੁਰੂ ਤੇਗ ਬਹਾਦਰ ਜੀ ਦੇ ਵਾਪਸ ਪਟਨੇ ਪੁੱਜਣ 'ਤੇ ਫਿਰ ਉਸ ਖ਼ੁਸ਼ੀ ਦੀ ਯਾਦ ਤਾਜ਼ਾ ਕੀਤੀ ਗਈ । ਦੀਵਾਨ ਸਜੇ, ਖੁੱਲ੍ਹਾ ਭੰਡਾਰਾ ਵਰਤਿਆ ਤੇ ਮਹਾਰਾਜ ਨੇ ਆਪਣੇ ਹੱਥੀਂ ਲੋੜਵੰਦਾਂ ਨੂੰ ਧਨ ਬਸਤਰ ਆਦਿ ਬਖ਼ਸ਼ੇ । ਸਾਰੇ ਪਟਨੇ 'ਤੇ ਜਿਵੇਂ ਕੋਈ ਅਨੋਖੀ ਬਹਾਰ ਆ ਗਈ ।

——

ਗਿਆਨੀ ਸਰੂਪ ਸਿੰਘ ਕਡਿਆਣਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕਡਿਆਣਾ ਤਹਿ: ਫਿਲੌਰ (ਜਲੰਧਰ)

## ਸੱਤਵਾਂ ਕਾਂਡ

# ਵਾਪਸ ਅਨੰਦਪੁਰ

ਗਿ. ਗਿਆਨ ਸਿੰਘ ਦੀ ਲਿਖਤ ਅਨੁਸਾਰ ਗੁਰੂ ਤੇਗ ਬਹਾਦਰ ਜੀ ਤਿੰਨ-ਕੁ ਮਹੀਨੇ ਪਟਨਾ ਸਾਹਿਬ ਰਹੇ। ਇਸ ਸਮੇਂ ਵਿਚ ਮਾਤਾ ਨਾਨਕੀ ਜੀ ਤੇ ਹੋਰ ਨਿਕਟ-ਵਰਤੀ ਸਿੱਖਾਂ ਨਾਲ ਪੰਜਾਬ ਨੂੰ ਪਰਤਣ ਬਾਰੇ ਵਿਚਾਰ ਹੁੰਦੀ ਰਹੀ। ਸਾਹਿਬਜ਼ਾਦਾ ਗੋਬਿੰਦ ਰਾਏ ਜੀ ਚਾਹੁੰਦੇ ਸਨ, ਕਿ ਮਹਾਰਾਜ ਉਹਨਾਂ ਨੂੰ ਵੀ ਪੰਜਾਬ ਨੂੰ ਨਾਲ ਲੈ ਚੱਲਣ। ਮਾਤਾ ਨਾਨਕੀ ਜੀ ਤੇ ਮਾਤਾ ਗੁਜਰੀ ਜੀ ਕੋਲੋਂ ਆਪ ਪੰਜਾਬ ਬਾਰੇ ਰੋਜ਼ ਸੁਣਦੇ ਰਹਿੰਦੇ ਸਨ। ਗੁਰੂ ਸਾਹਿਬਾਨ ਦੀਆਂ ਸਾਖੀਆਂ, ਜੋ ਆਪ ਜੀ ਨੂੰ ਸੁਣਾਈਆਂ ਜਾਂਦੀਆਂ ਸਨ, ਸਾਹਿਬਜ਼ਾਦਾ ਚਾਹੁੰਦੇ ਸਨ, ਕਿ ਆਪ ਉਹਨਾਂ ਗੁਰੂ ਸਾਹਿਬਾਨ ਦੇ ਅਸ਼ਥਾਨ ਵੀ ਵੇਖਣ। ਸਾਰੇ ਪਰਬੰਧਕ ਸਿੱਖਾਂ ਵਿਚ ਸਾਹਿਬਜ਼ਾਦੇ ਦੀ ਇਸ ਇੱਛਿਆ ਉਤੇ ਖੁੱਲ੍ਹ ਕੇ ਵਿਚਾਰ ਹੋਈ। ਮਾਤਾ ਨਾਨਕੀ ਜੀ ਨੇ ਆਪਣੇ ਦਿਲ ਦੀ ਸਾਫ਼ ਸਾਫ਼ ਕਹਿ ਦਿਤੀ, 'ਬਾਲ ਅਵਸਥਾ ਵਿਚ ਗੁਰੂ ਹਰਿਗੋਬਿੰਦ ਸਾਹਿਬ ਦੀ ਜਾਨ ਲੈਣ ਵਾਸਤੇ ਪ੍ਰਿਥੀ ਚੰਦ ਨੇ ਕਿਹੜਾ ਉਪਰਾਲਾ ਨਹੀਂ ਸੀ ਕੀਤਾ। ਧੀਰ ਮੱਲ ਪ੍ਰਿਥੀ ਚੰਦ ਨਾਲੋਂ ਵਧੇਰੇ ਕਪਟੀ ਹੈ। ਜੋ ਆਪਣੇ ਪਿਤਾ ਤੇ ਦਾਦਾ ਜੀ ਦੀ ਜਾਨ ਲੈਣ ਦੇ ਇਰਾਦੇ ਨਾਲ ਲੜਾਈ ਸਮੇਂ ਦੁਸ਼ਮਣ ਨੂੰ ਘਰ ਦਾ ਭੇਤ ਦੇ ਸਕਦਾ ਹੈ, ਗੁਰੂ ਤੇਗ ਬਹਾਦਰ ਜੀ ਉਤੇ ਆਪਣੇ ਮਸੰਦਾਂ ਕੋਲੋਂ ਗੋਲੀ ਚਲਵਾ ਸਕਦਾ ਹੈ, ਸਾਹਿਬਜ਼ਾਦਾ ਗੋਬਿੰਦ ਰਾਏ ਬਾਰੇ ਵੀ ਉਸ ਤੋਂ ਹਰ ਬੁਰਾਈ ਦੀ ਆਸ ਰੱਖੀ ਜਾਣੀ ਚਾਹੀਦੀ ਹੈ। ਇਸ ਮਸਲੇ ਉਤੇ ਸਾਨੂੰ ਸਾਰਿਆਂ ਨੂੰ ਵਿਚਾਰ ਕਰ ਲੈਣੀ ਚਾਹੀਦੀ ਹੈ।'

ਮਾਮਾ ਕਿਰਪਾਲ ਤੇ ਹੋਰ ਪਰਬੰਧਕ ਸਿੱਖਾਂ ਦੀ ਵੀ ਏਹਾ ਰਾਏ ਬਣੀ, ਕਿ

ਪਹਿਲਾਂ ਮਹਾਰਾਜ ਆਪ ਅਨੰਦਪੁਰ ਪੁੱਜਣ । ਫਿਰ ਓਥੋਂ ਦੇ ਹਾਲਾਤ ਵਿਚਾਰ ਕੇ, ਜਿਵੇਂ ਆਪ ਹੁਕਮ ਭੇਜਣ, ਓਵੇਂ ਕੀਤਾ ਜਾਵੇ ।

## ਗੁਰੂ ਤੇਗ਼ ਬਹਾਦਰ ਜੀ ਪਟਨੇ ਤੋਂ ਰਵਾਨਾ

ਸੋ ਸਾਰਿਆਂ ਦੀ ਰਾਏ ਨੂੰ ਮੁੱਖ ਰਖ ਕੇ ਗੁਰੂ ਮਹਾਰਾਜ ਅਨੰਦਪੁਰ ਸਾਹਿਬ ਨੂੰ ਰਵਾਨਾ ਹੋ ਤੁਰੇ । ਜਿਉਂ ਜਿਉਂ ਸੰਗਤਾਂ ਨੂੰ ਖ਼ਬਰ ਮਿਲਦੀ, ਉਹ ਹਰ ਪੜਾਅ 'ਤੇ ਇਕੱਤਰ ਹੋ ਜਾਂਦੀਆਂ। ਕਈ ਵਾਰ ਐਸਾ ਵੀ ਹੁੰਦਾ, ਕਿ ਕਿਸੇ ਉਸ ਅਸਥਾਨ ਦੀਆਂ ਸੰਗਤਾਂ ਆ ਜ਼ੋਰ ਪਾਉਂਦੀਆਂ, ਜਿੱਥੇ ਜਾਣ ਦਾ ਪਹਿਲਾਂ ਵਿਚਾਰ ਨਾ ਬਣਾਇਆ ਹੁੰਦਾ। ਇਸ ਕਾਰਨ ਮਿਥੇ ਹੋਏ ਸਮੇਂ ਨਾਲੋਂ ਸਮਾਂ ਵੀ ਵਧੇਰੇ ਲੱਗ ਜਾਂਦਾ, ਤੇ ਪੰਧ ਵੀ ਲਮੇਰਾ ਹੋ ਜਾਂਦਾ ।

ਪਟਨਾ ਸਾਹਿਬ ਤੋਂ ਤੁਰਕੇ ਮਹਾਰਾਜ ਆਰਾ, ਛਪਰਾ, ਬਕਸਰ, ਯਵਨਪੁਰ, ਬਨਾਰਸ, ਅਯੁੱਧਿਆ, ਲਖਨਊ, ਫ਼ਰਖ਼ਾਬਾਦ, ਮੁਰਾਦਾਬਾਦ, ਗੜ੍ਹ ਗੰਗਾ, ਹਰਿਦਵਾਰ ਆਦਿ ਅਸਥਾਨਾਂ ਦੀਆਂ ਸੰਗਤਾਂ ਦੀਆਂ ਭਾਵਨਾ ਪੂਰਨ ਕਰਦੇ ਹੋਏ ਅਨੰਦਪੁਰ ਆ ਪੁੱਜੇ ।

## ਅਨੰਦਪੁਰ ਪੁਜਣਾ

ਅਨੰਦਪੁਰ ਦੀਆਂ ਸੰਗਤਾਂ ਬਾਹਰ ਦੂਰ ਤਕ ਮਹਾਰਾਜ ਨੂੰ ਅੱਗੋਂ ਲੈਣ ਗਈਆਂ । ਵਾਜਿਆਂ ਦੀ ਘਨਘੋਰ ਨਾਲ ਸੰਗਤਾਂ ਸ਼ਬਦ ਪੜ੍ਹਦੀਆਂ ਅਨੰਦਪੁਰ ਵਿਚ ਦਾਖ਼ਲ ਹੋਈਆਂ । ਪੁਰਬ ਵਰਗਾ ਮੇਲਾ ਲੱਗ ਗਿਆ । ਇਕ ਲੰਮੇ ਸਮੇਂ ਪਿਛੋਂ ਸੰਗਤਾਂ ਮਹਾਰਾਜ ਦੇ ਦਰਸ਼ਨ ਕਰਕੇ ਨਿਹਾਲ ਹੋਈਆਂ ।

ਜਿਉਂ ਜਿਉਂ ਦੂਰ ਨੇੜੇ ਦੇ ਇਲਾਕਿਆਂ ਦੀਆਂ ਸੰਗਤਾਂ ਨੇ ਸੁਣਿਆਂ, ਦਰਸ਼ਨ ਵਾਸਤੇ ਪੁੱਜਣ ਲਗੀਆਂ । ਅਨੰਦਪੁਰ ਰੋਜ਼ ਹੀ ਮੇਲੇ ਵਰਗੀ ਰੌਣਕ ਰਹਿਣ ਲੱਗੀ । ਸ਼ਰਧਾਲੂਆਂ ਘਰੀਂ ਕਈ ਸਾਲਾਂ ਦੀ ਗੁਰੂ ਕੀ ਗੋਲਕ ਇਕੱਠੀ ਹੋਈ ਪਈ ਸੀ । ਉਹ ਵੀ ਆਉਣ ਲੱਗੀ । ਕਮਾਈ ਵਿਚੋਂ ਦਸਵੰਧ, ਮਨੌਤੀ (ਸੁੱਖਣਾ), ਦਰਸ਼ਨ ਭੇਟ, ਆਦਿ ਕਈ ਖਾਤਿਆਂ ਦੀ ਮਾਇਆ ਸਿੱਖ ਗੁਰੂ ਕੀ ਗੋਲਕ ਸਮਝ ਕੇ ਘਰਾਂ ਵਿਚ ਵੱਖਰੀ ਰੱਖਿਆ ਕਰਦੇ ਸਨ। ਆਉਂਦੇ ਹੋਏ ਉਹ ਸਾਰੀ ਮਾਇਆ ਮਹਾਰਾਜ ਦੀ ਭੇਟਾ ਵਾਸਤੇ ਲਿਆਉਂਦੇ । ਸੰਗਤਾਂ ਦੀ ਰੌਣਕ ਵਧਣ ਨਾਲ ਚੜ੍ਹਾਵੇ ਦੀ ਮਾਇਆ ਵੀ

ਬੇਅੰਤ ਆਉਣ ਲੱਗ ਪਈ ।

ਗੁਰੂ ਕਲਪ ਬ੍ਰਿਛ ਵਾਂਗ ਹੈ, ਜੋ ਇਕ ਪਾਸਿਓਂ ਧਰਤੀ ਵਿਚੋਂ ਖ਼ੁਰਾਕ ਲੈਂਦਾ ਹੈ, ਦੂਸਰੇ ਪਾਸੇ ਦੂਣੀ ਚੌਣੀ ਕਰਕੇ ਫਲ ਦੇ ਰੂਪ ਵਿਚ ਦੇ ਦੇਂਦਾ ਹੈ। ਸੋ ਨਿੱਤ ਆਉਣ ਵਾਲੀ ਮਾਇਆ ਮਹਾਰਾਜ ਦੇ ਹੁਕਮ ਨਾਲ ਗੁਰੂ ਕੇ ਲੰਗਰ, ਸੰਗਤਾਂ ਵਾਸਤੇ ਮਕਾਨ ਬਨਾਉਣ ਤੇ ਲੋੜਵੰਦਾਂ ਦੀ ਸਹਾਇਤਾ ਵਾਸਤੇ ਖ਼ਰਚ ਹੋਣ ਲੱਗੀ। ਦਿਨਾਂ ਵਿਚ ਹੀ ਅਨੰਦਪੁਰ ਦੀ ਰੌਣਕ ਤੇ ਵਸੋਂ ਵਧਣ ਲੱਗੀ। ਸਾਂਝੇ ਗੁਰ ਅਸਥਾਨਾਂ ਦੇ ਨਾਲ ਨਾਲ ਕੁਛ ਕਾਰੋਬਾਰੀ ਆਦਮੀਆਂ ਦੇ ਮਕਾਨ ਵੀ ਬਣ ਗਏ। ਅਨੰਦਪੁਰ ਇਕ ਚੰਗਾ ਕਸਬਾ ਬਣਦਾ ਨਜ਼ਰ ਆਉਣ ਲੱਗਾ ।

ਧੀਰਮੱਲ, ਰਾਮ ਰਾਏ ਆਦਿ ਵਿਰੋਧੀ ਸੋਢੀ ਚੁੱਪ ਕਰਕੇ ਨਹੀਂ ਸਨ ਬੈਠੇ ਹੋਏ। ਪਰ ਸੰਗਤਾਂ ਦਾ ਸਮੁੱਚੇ ਤੌਰ 'ਤੇ ਝੁਕਾਉ ਗੁਰੂ ਤੇਗ ਬਹਾਦਰ ਸਾਹਿਬ ਵੱਲ ਵੇਖ ਕੇ, ਵਿਰੋਧੀ ਲਹੂ ਦੇ ਘੁੱਟ ਪੀ ਕੇ ਰਹਿ ਗਏ। ਅਮਲੀ ਤੌਰ 'ਤੇ ਉਹ ਮੰਨ ਗਏ, ਕਿ ਹੁਣ ਉਹਨਾਂ ਦੀ ਕੋਈ ਪੇਸ਼ ਨਹੀਂ ਜਾਂਦੀ, ਪਰ ਉਹ ਆਪਣੇ ਦਿਲਾਂ ਵਿਚੋਂ ਈਰਖਾ ਦੀ ਅੱਗ ਨੂੰ ਬੁਝਾ ਨਾ ਸੱਕੇ ।

ਓਧਰੋਂ ਆਏ ਦਿਨ ਸਾਹਿਬਜ਼ਾਦੇ ਵੱਲੋਂ ਚਿਠੀਆਂ ਆਉਂਦੀਆਂ । ਸਾਰਾ ਪਰਵਾਰ ਪੰਜਾਬ ਆਉਣ ਵਾਸਤੇ ਕਾਹਲਾ ਪੈ ਰਿਹਾ ਸੀ। ਸੋ ਮਹਾਰਾਜ ਨੇ ਪਟਨਾ ਸਾਹਿਬ ਹੁਕਮ ਭੇਜ ਦਿਤਾ ।

## ਸਾਹਿਬਜ਼ਾਦੇ ਦੀ ਪਟਨੇ ਤੋਂ ਰਵਾਨਗੀ

ਗੁਰੂ ਤੇਗ ਬਹਾਦਰ ਸਾਹਿਬ ਦਾ ਹੁਕਮ ਆ ਗਿਆ। ਸਾਹਿਬਜ਼ਾਦੇ ਦੇ ਪਟਨੇ ਤੋਂ ਤੁਰਨ ਦੀ ਤਿਆਰੀ ਹੋਣ ਲੱਗੀ ।

ਸੰਗਤਾਂ ਨੂੰ ਇਹ ਪੱਕਾ ਵਿਸ਼ਵਾਸ ਸੀ, ਕਿ ਸਾਹਿਬਜ਼ਾਦਾ ਗੋਬਿੰਦਰਾਏ ਹੀ ਸਿੱਖਾਂ ਦੇ ਦਸਵੇਂ ਗੁਰੂ ਬਣਨਗੇ। ਇਸ ਵਾਸਤੇ ਸੰਗਤਾਂ ਦੇ ਮਨਾਂ ਅੰਦਰ ਹਜ਼ੂਰ ਵਾਸਤੇ ਅਟੁੱਟ ਸ਼ਰਧਾ ਸੀ। ਸ਼ਰਧਾਲੂਆਂ ਦੇ ਦਿਲ ਚਾਹੁੰਦੇ ਸਨ, ਆਪ ਪਟਨਾ ਛਡ ਕੇ ਨਾ ਜਾਣ, ਪਰ ਬੁੱਧੀ ਕਹਿੰਦੀ ਸੀ, ਤੁਹਾਡੀਆਂ ਬੇਨਤੀਆਂ ਹਜ਼ੂਰ ਨੂੰ ਰੋਕ ਨਹੀਂ ਸਕਣਗੀਆਂ, ਕਿਉਂਕਿ ਨੌਂਵੇਂ ਪਾਤਸ਼ਾਹ ਦਾ ਹੁਕਮ ਐਸਾ ਹੈ ।

ਤਿਆਰੀ ਮੁਕੰਮਲ ਹੋ ਗਈ। ਤੁਰਨ ਦਾ ਸਮਾਂ ਆ ਗਿਆ। ਰਾਜਾ ਫ਼ਤਹਿ ਚੰਦ ਮੈਣੀ ਤੇ ਉਸਦੀ ਰਾਣੀ ਨੇ ਭਰੇ ਨੇਤਰਾਂ ਨਾਲ ਕਿਹਾ, "ਲਾਲ ਜੀ ! ਮੋਹ

ਪਾ ਕੇ ਛੱਡ ਚੱਲੇ ਓ ? ਸਾਡਾ ਜੀ ਕਿਵੇਂ ਲੱਗੇਗਾ। ਚਾਨਣ ਚਲਾ ਜਾਇਗਾ, ਤਾਂ ਸਾਡੇ ਵਾਸਤੇ ਪਿਛੇ ਹਨ੍ਹੇਰ ਪੈ ਜਾਇਗਾ।''

ਹਜ਼ੂਰ ਨੇ ਰਾਣੀ ਦੇ ਗਲ ਵਿਚ ਬਾਂਹੀਂ ਪਾ ਕੇ ਕਿਹਾ, ''ਮਾਂ ਜੀ! ਸਾਡੇ ਹਾਣੀਆਂ ਨੂੰ ਬਿਠਾ ਕੇ ਛੋਲੇ ਪੂਰੀਆਂ ਛਕਾਇਆ ਕਰੋਗੇ, ਤਾਂ ਅਸੀਂ ਉਹਨਾਂ ਵਿਚ ਬੈਠੇ ਨਜ਼ਰ ਆਇਆ ਕਰਾਂਗੇ। ਕਦੇ ਪੁੱਤਰ ਵੀ ਮਾਂ ਤੋਂ ਦੂਰ ਹੋ ਸਕਦਾ ਏ ?''

ਵਾਰੀ ਆਈ ਪੰਡਤ ਸ਼ਿਵਦੱਤ ਦੀ। ਹਜ਼ੂਰ ਨੇ ਫ਼ੁਰਮਾਇਆ, ''ਈਸ਼ਵਰ-ਭਗਤ ਪੰਡਤ ਜੀ! ਦੂਰੀ ਅਗਿਆਨੀਆਂ ਵਾਸਤੇ ਹੈ, ਗਿਆਨਵਾਨ ਵਾਸਤੇ ਨਹੀਂ। ਜਦ ਆਪ ਸਮਾਧੀ ਵਿਚ ਬੈਠਿਆ ਕਰੋਗੇ, ਅਸੀਂ ਕ੍ਰਿਸ਼ਨ ਰੂਪ ਧਾਰਕੇ ਝਾਤ ਕਰਿਆ ਕਰਾਂਗੇ। ਖ਼ੁਸ਼ ਹੋ ਜਾਉ।''

ਨਵਾਬ ਰਹੀਮ ਬਖ਼ਸ਼ ਤੇ ਕਰੀਮ ਬਖ਼ਸ਼ ਨੇ ਸਿਰ ਝੁਕਾਏ, ਤਾਂ ਹਜ਼ੂਰ ਨੇ ਹੁਕਮ ਕੀਤਾ, ''ਰੱਬ ਵਾਲਿਆਂ ਵਾਸਤੇ ਅੱਲਾਹ ਤੇ ਈਸ਼ਵਰ ਇਕੋ ਰੂਪ ਹੈ। ਪਾਠ ਜਾ ਨਮਾਜ਼ ਵੱਖ ਵੱਖ ਬੋਲੀਆਂ ਵਿਚ ਓਸੇ ਅਕਾਲ ਪੁਰਖ ਦੀ ਉਸਤਤ ਹੈ। ਸਾਡੇ ਦਰਸ਼ਨ ਤੁਹਾਨੂੰ ਨਮਾਜ਼ ਪੜ੍ਹਦਿਆਂ ਹੋਇਆ ਕਰਨਗੇ।''

ਫਿਰ ਹਜ਼ੂਰ ਨੇ ਸਾਰੀ ਸੰਗਤ ਨੂੰ ਸੰਬੋਧਨ ਕਰਕੇ ਕਿਹਾ, ''ਸੱਚੇ ਪਿਆਰ ਵਾਲਿਆਂ ਵਿਚ ਵਿਛੋੜਾ ਕਿਹਾ। ਆਤਮਾ ਕਰਕੇ ਅਸੀਂ ਸਦਾ ਤੁਹਾਡੇ ਅੰਗ ਸੰਗ ਰਹਾਂਗੇ। ਸਾਡਾ ਪੰਘੂੜਾ, ਸਾਡੀਆਂ ਹੋਰ ਨਸ਼ਾਨੀਆਂ, ਸਦਾ ਤੁਹਾਡੇ ਕੋਲ ਰਹਿਣਗੀਆਂ। ਅਸੀਂ ਕਦੇ ਵੀ ਤੁਹਾਨੂੰ ਵਿਸਾਰਾਂਗੇ ਨਹੀਂ।''

ਏਧਰੋਂ ਵਿਹਲੇ ਹੋਕੇ ਸ਼ਰਧਾਲੂ ਮਾਤਾ ਨਾਨਕੀ ਤੇ ਮਾਤਾ ਗੁਜਰੀ ਜੀ ਦੇ ਚਰਨ ਪਰਸਣ ਲੱਗੇ। ਅਨੋਖਾ ਸਮਾਂ ਸੀ। ਬਾਣੀ ਸਾਥ ਨਹੀਂ ਸੀ ਦੇ ਰਹੀ, ਪਰ ਪਵਿੱਤਰ ਹੰਝੂ ਬਿਨਾਂ ਬੋਲੇ ਦਿਲਾਂ ਦੀ ਵੇਦਨ ਕਹਿ ਰਹੇ ਸਨ।

ਨਾ ਕਦੇ ਸਮਾਂ ਰੁਕਿਆ ਹੈ, ਨਾ ਜਾਣ ਵਾਲੇ। ਹਜ਼ੂਰ ਤੁਰ ਪਏ। ਬਹੁਤ ਸਾਰੀਆਂ ਸੰਗਤਾਂ ਨਾਲ ਤੁਰ ਪਈਆਂ। 'ਦਾਨਾਪੁਰ' ਤਕ ਜਾਂਦਿਆਂ ਸ਼ਾਮ ਪੈ ਗਈ। ਓਥੋਂ ਹਜ਼ੂਰ ਨੇ ਹੁਕਮ ਦੇ ਕੇ ਸਭ ਨੂੰ ਵਾਪਸ ਮੋੜਿਆ।

ਪਹਿਲਾ ਪੜਾਅ ਦਾਨਾਪੁਰ ਕੀਤਾ। ਇਕ ਬਿਰਧ ਮਾਈ ਨੇ ਘਿਉ ਵਾਲੀ ਖਿਚੜੀ ਰਿੰਨ੍ਹ ਕੇ ਖੁਆਈ। ਹਜ਼ੂਰ ਬੜੇ ਪਰਸੰਨ ਹੋਏ। ਆਪ ਨੇ ਫ਼ੁਰਮਾਇਆ, ''ਮਾਤਾ ਜੀ! ਏਸੇ ਹਾਂਡੀ ਵਿਚ ਇਹ ਪਕਵਾਨ ਪਕਾ ਕੇ ਸੰਗਤਾਂ ਨੂੰ ਖੁਆਇਆ ਕਰੋਗੇ, ਤਾਂ

ਅਰਦਾਸ ਵੇਲੇ ਤੁਹਾਨੂੰ ਸਾਡਾ ਦੀਦਾਰ ਹੋ ਜਾਇਆ ਕਰੇਗਾ।"

ਇਹ ਸ਼ਬਦ ਸੁਣਕੇ ਮਾਤਾ ਜੀ ਏਨੇ ਪਰਸੰਨ ਹਏ, ਕਿ ਉਹਨਾਂ ਆਪਣੇ ਘਰ ਨੂੰ ਧਰਮਸਾਲਾ ਬਣਾ ਦਿਤਾ। ਅੱਜ ਤਕ ਉਸ ਗੁਰਦੁਆਰੇ ਦਾ ਨਾਮ 'ਹਾਂਡੀ ਸਾਹਿਬ' ਜਾਂ 'ਹਾਡੀ ਵਾਲੀ ਸੰਗਤ' ਹੈ।

ਰਾਹ ਵਿਚ ਹਰ ਪੜਾਂ 'ਤੇ ਇਕ, ਇਕ, ਦੋ ਦੋ, ਦਿਨ ਠਹਿਰਦੇ ਮਹਾਰਾਜ ਕਾਂਸ਼ੀ (ਬਨਾਰਸ) ਪੁੱਜੇ। ਓਥੇ ਮਹਾਰਾਜ ਦਸ ਦਿਨ ਰਹੇ। ਮਾਤਾ ਗੁਜਰੀ ਜੀ ਤੇ ਮਾਤਾ ਨਾਨਕੀ ਜੀ ਨੇ ਆਪ ਨਾਲ ਫਿਰਕੇ ਸਾਰੇ ਮੰਦਰ ਵਿਖਾਏ ਤੇ ਸਾਹਿਬਜ਼ਾਦੇ ਹੱਥੋਂ ਲੋੜਵੰਦਾਂ ਨੂੰ ਧਨ ਬਸਤਰ ਆਦਿ ਦੁਆਏ। 'ਹੱਥੋਂ ਕੁਛ ਦੇਣਾ' ਧਰਮ ਪਰਚਾਰ ਦਾ ਸਭ ਤੋਂ ਉੱਤਮ ਸਾਧਨ ਹੈ।

ਓਥੋਂ ਚੱਲ ਕੇ ਸਾਰਾ ਵਹੀਰ ਮਿਰਜ਼ਾਪੁਰ, ਅਲਾਹਾਬਾਦ, ਅਯੁੱਧਿਆ, ਲਖਨਊ ਕਾਨਪੁਰ, ਚੰਦੌਸੀ, ਖੁਰਜਾ ਆਦਿ ਥਾਂਵਾਂ 'ਤੇ ਸੰਗਤਾਂ ਨੂੰ ਤਾਰਦੇ ਹੋਇਆ ਮਥਰਾ ਪੁੱਜਾ। ਕਈ ਦਿਨ ਓਥੇ ਰਹਿ ਕੇ ਮਾਤਾ ਜੀ ਨੇ ਸਾਹਿਬਜ਼ਾਦੇ ਨੂੰ ਭਗਵਾਨ ਕ੍ਰਿਸ਼ਨ ਦੇ ਇਤਿਹਾਸਕ ਅਸਥਾਨ ਵਿਖਾਏ।

ਸੰਗਤਾਂ ਦੇ ਪ੍ਰੇਮ ਦੇ ਬੱਧੇ ਮਾਤਾ ਜੀ ਮਥਰਾ ਤੋਂ ਫਿਰ ਉੱਤਰ ਵੱਲ ਹੋ ਤੁਰੇ। ਰਸਤੇ ਵਿਚ ਕੁਛ ਪੜਾਂ ਕਰਕੇ ਆਪ ਹਿੰਦੂਆਂ ਦੇ ਮਹਾਨ ਤੀਰਥ ਹਰਿਦੁਆਰ ਪੁੱਜੇ। ਮਾਤਾ ਜੀ ਨੇ ਸਾਹਿਬਜ਼ਾਦੇ ਨੂੰ ਗੁਰੂ ਨਾਨਕ ਦੇਵ ਜੀ ਦੀ ਆਪਣੀਆਂ ਫ਼ਸਲਾਂ ਨੂੰ ਪਾਣੀ ਦੇਣ ਦੀ ਤੇ ਲੋਕਾਂ ਦਾ ਵਹਿਮ ਦੂਰ ਕਰਨ ਦੀ ਸਾਖੀ ਸੁਣਾਈ। ਓਥੇ ਆਪ ਕਈ ਦਿਨ ਠਹਿਰੇ। ਹਰ ਇਲਾਕੇ ਦੀਆਂ ਸੰਗਤਾਂ ਮਹਾਰਾਜ ਦੇ ਦਰਸ਼ਨ ਕਰਕੇ ਤ੍ਰਿਪਤ ਹੋਈਆਂ।

ਓਥੋਂ ਚੱਲਕੇ ਗੁਰੂ ਮਹਾਰਾਜ ਦਾ ਪਰਵਾਰ ਸਹਾਰਨਪੁਰ, ਬੂੜੀਏ, ਦਾਮਲੇ ਆਦਿ ਥਾਂਵਾਂ 'ਤੇ ਸੰਗਤਾਂ ਨੂੰ ਦਰਸ਼ਨ ਦੇਂਦਾ ਹੋਇਆ ਪਿੰਡ ਲਖਨੌਰ ਵਿਚ ਭਾਈ ਝੰਡੇ ਮਸੰਦ ਦੇ ਘਰ ਆ ਠਹਿਰਿਆ। ਓਦੋਂ ੧੭੨੯ ਬਿ. ਦਾ ਮਾਹ ਭਾਦਰੋਂ ਮੁਕਣਵਾਲਾ ਸੀ।

ਪਟਨੇ ਤੋਂ ਚੱਲ ਕੇ ਲਖਨੌਰ ਪੁੱਜਣ ਤਕ ਲਗਭਗ ਛੇ ਮਹੀਨੇ ਬੀਤ ਗਏ। ਇਸਦੇ ਕਈ ਕਾਰਨ ਸਨ। ਇਕਤਾਂ ਓਦੋਂ ਆਵਾ ਜਾਈ ਦੇ ਸਾਧਨ ਚੰਗੇ ਨਹੀਂ ਸਨ। ਫਿਰ ਸੰਗਤਾਂ ਦਾ ਅਥਾਹ ਪ੍ਰੇਮ। ਹਰ ਪੜਾਂ 'ਤੇ ਮਿਥੇ ਸਮੇਂ ਤੋਂ ਬਹੁਤਾ ਵਕਤ

ਲੱਗ ਜਾਣਾ। ਤੇ ਕਈ ਵਾਰ ਕਿਸੇ ਪਾਸੇ ਦੇ ਅਸਥਾਨ ਦੀਆਂ ਸੰਗਤਾਂ ਦੀ ਖਿੱਚ ਕਰਕੇ ਸਿੱਧਾ ਰਸਤਾ ਬਦਲਨਾ ਪੈ ਜਾਣਾ। ਮਾਤਾ ਗੁਜਰੀ ਜੀ ਦੀ ਇਹ ਵੀ ਰੀਝ ਸੀ, ਕਿ ਸਾਹਿਬਜ਼ਾਦੇ ਨਾਲ ਵੱਧ ਤੋਂ ਵੱਧ ਸੰਗਤਾਂ ਦਾ ਮੇਲ ਮਿਲਾਪ ਹੋਵੇ।

ਮਾਮਾ ਕਿਰਪਾਲ ਤੇ ਭਾਈ ਦਿਆਲ ਦਾਸ ਜੀ ਸਫ਼ਰ ਦੇ ਹਾਲਾਤ ਰੋਜ਼ਾਨਾ (ਜਾਂ ਦੂਸਰੇ ਤੀਸਰੇ ਦਿਨ) ਲਿਖ ਕੇ ਅਨੰਦਪੁਰ ਭੇਜਦੇ ਰਹਿੰਦੇ ਸਨ। ਗੁਰੂ ਤੇਗ ਬਹਾਦਰ ਸਾਹਿਬ ਵੱਲੋਂ ਵੀ ਪੱਤਰ ਆਉਂਦੇ ਰਹਿੰਦੇ ਸਨ। ਲਖਨੌਰ ਪੁੱਜਣ 'ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਹੁਕਮ ਮਿਲਿਆ, "ਸਾਡਾ ਅਗਲਾ ਹੁਕਮ ਪੁੱਜਣ ਤਕ ਸਾਰਾ ਪਰਵਾਰ ਲਖਨੌਰ ਹੀ ਠਹਿਰੇ।"

ਸੋ, ਲਖਨੌਰ ਵਿਚ 'ਪਰਵਾਰ' ਨੂੰ ਕਾਫ਼ੀ ਸਮਾਂ ਰੁਕਣਾ ਪਿਆ। ਸਾਹਿਬਜ਼ਾਦਾ ਗੋਬਿੰਦ ਰਾਏ ਦੀ ਉਮਰ ਉਸ ਸਮੇਂ ਲਗਭਗ ਪੌਣੇ ਛੇ ਸਾਲ ਦੀ ਸੀ। ਛੇਵੇਂ ਪਾਤਸ਼ਾਹ ਤੋਂ ਗੁਰ-ਗੱਦੀ ਦੀ ਸ਼ਾਨ ਬਾਦਸ਼ਾਹਾਂ ਵਰਗੀ ਹੋ ਗਈ ਸੀ। ਸੰਗਤਾਂ ਗੁਰਦੇਵ ਨੂੰ ਕਹਿੰਦੀਆਂ ਵੀ 'ਸੱਚਾ ਪਾਤਸ਼ਾਹ' ਸਨ। ਹਜ਼ੂਰ ਆਪ ਤੇ ਹਜ਼ੂਰ ਦੇ ਸਾਹਿਬਜ਼ਾਦੇ ਵੀ ਸ਼ਸਤਰ ਸਜਾ ਕੇ ਤੇ ਕਲਗੀਆਂ ਤੋੜੇ ਲਗਾ ਕੇ ਰੱਖਿਆ ਕਰਦੇ ਸਨ। ਸਾਹਿਬਜ਼ਾਦਾ ਗੋਬਿੰਦਰਾਏ ਜੀ ਨੂੰ ਛੋਟੀ ਉਮਰ ਤੋਂ ਹੀ ਸ਼ਸਤਰ ਪਹਿਨਣ ਤੇ ਘੋੜੇ 'ਤੇ ਅਸਵਾਰੀ ਕਰਨ ਦਾ ਬੜਾ ਸ਼ੌਕ ਸੀ। ਵਹੀਰ ਦੇ ਨਾਲ ਆਪ ਸਦਾ ਘੋੜੇ 'ਤੇ ਅਸਵਾਰ ਹੋ ਕੇ ਚਲਦੇ। ਉਸ ਵੇਲੇ ਹਜ਼ੂਰ ਦੀ ਚੜ੍ਹਤ ਵੇਖਣ ਵਾਲਿਆਂ ਦੇ ਮਨਾਂ ਨੂੰ ਮੋਹ ਲੈਂਦੀ।

## ਭੀਖਣ ਸ਼ਾਹ ਤੇ ਆਰਫ਼ ਦੀਨ

ਏਥੇ ਸੱਯੱਦ ਭੀਖਣ ਸ਼ਾਹ ਹਜ਼ੂਰ ਦੇ ਦਰਸ਼ਨ ਕਰਨ ਵਾਸਤੇ ਆਇਆ। ਮਹਾਰਾਜ ਪੀਰ ਨੂੰ ਬੜੇ ਸਨੇਹ ਨਾਲ ਮਿਲੇ। ਹਜ਼ੂਰ ਨੇ ਤੋਤਲੀ ਜਿਹੀ ਜ਼ਬਾਨ ਨਾਲ ਕਿਹਾ "ਪੀਰ ਜੀ! ਇੱਕੋ ਅੱਲਾਹ, ਇਕੋ ਮਨੁੱਖ, ਦੂਈ ਮੰਨਣ ਵਿਚ ਦੁੱਖ ਹੀ ਦੁੱਖ।"

"ਵਾਹ, ਮੇਰੇ ਮੁਰਸ਼ਦ! ਤੇਰੀਆਂ ਰਮਜ਼ਾਂ ਅਨੋਖੀਆਂ ਹਨ। ਮੈਂ ਪਛਾਣ ਲਿਆ, ਮੈਂ ਪਛਾਣ ਲਿਆ।" ਕਹਿੰਦਾ ਹੋਇਆ ਪੀਰ ਭੀਖਣ ਸ਼ਾਹ ਸਿਰ ਝੁਕਾ ਕੇ ਚਲਿਆ ਗਿਆ।

ਏਸੇ ਤਰ੍ਹਾਂ ਇਕ ਦਿਨ ਪੀਰ ਆਰਫ਼ ਦੀਨ ਨਾਲ ਮੁਲਾਕਾਤ ਹੋ ਗਈ। ਰੱਬ ਵਾਲੇ ਨੇ ਰੱਬੀ-ਨੂਰ ਨੂੰ ਪਛਾਣ ਲਿਆ। ਕੁਛ ਚਿਰ ਗੱਲ-ਬਾਤ ਕਰਨ ਪਿਛੋਂ ਪੀਰ ਆਰਫ਼ ਦੀਨ ਵੀ ਸਿਜਦਾ ਕਰਕੇ ਵਿਦਿਆ ਹੋਇਆ। ਪਰ ਦੋਹਾਂ ਮੁਸਲਮਾਨ ਪੀਰਾਂ ਦੇ ਮੁਰੀਦ ਬਹੁਤ ਨਾਰਾਜ਼ ਹੋਏ। ਉਹ ਹਜ਼ੂਰ ਨੂੰ ਪਛਾਣ ਨਾ ਸੱਕੇ।

ਠੀਕ ਕਿਹਾ ਸੀ ਕਿਸੇ ਅੱਲਾਹ ਦੇ ਫ਼ੱਕਰ ਨੇ:

'ਅੱਲਾਹ ਤੈਥੋਂ ਵੱਖ ਨਹੀਂ।
ਪਰ ਵੇਖਣ ਵਾਲੀ ਅੱਖ ਨਹੀਂ।'

ਲਖਨੌਰ ਵਿਚ ਪੀਣ ਵਾਲੇ ਪਾਣੀ ਦੀ ਬਹੁਤ ਥੁੜ ਸੀ। ਜ਼ਾਤਿ-ਅਭਿਮਾਨੀ ਲੋਕ ਆਪਣੇ ਖੂਹਾਂ ਤੋਂ ਗ਼ਰੀਬਾਂ ਅਛੂਤਾਂ ਨੂੰ ਪਾਣੀ ਭਰਨ ਨਹੀਂ ਸਨ ਦੇਂਦੇ। ਮਾਤਾ ਗੁਜਰੀ ਜੀ ਨੇ ਲਖਨੌਰ ਵਿਚ ਇਕ ਖੂਹ ਲੁਆਇਆ ਤੇ ਨਾਲ ਹੀ ਹੁਕਮ ਦਿਤਾ, ਕਿ ਇਸ ਤੋਂ ਹਰ ਪ੍ਰਾਣੀ ਨੂੰ ਪਾਣੀ ਭਰਨ ਦਾ ਹੱਕ ਹੈ।

ਸਾਹਿਬਜ਼ਾਦਾ ਗੋਬਿੰਦ ਰਾਇ ਜੀ ਬਹੁਤ ਹੀ ਕਾਹਲੇ ਪੈ ਗਏ ਸਨ। ਅਨੰਦ ਪੁਰ ਪੁੱਜਣ ਵਾਸਤੇ ਆਪ ਰੋਜ਼ ਹੀ ਬੇਨਤੀ ਲਿਖ ਭੇਜਦੇ। ਅੰਤ ਗੁਰੂ ਮਹਾਰਾਜ ਦਾ ਹੁਕਮ ਆ ਗਿਆ। ਸਾਰਾ ਪਰਵਾਰ ਲਖਨੌਰ ਤੋਂ ਤੁਰ ਪਿਆ।

## ਕੀਰਤਪੁਰ ਪੁਜਣਾ

ਰਾਣੋ ਮਾਜਰਾ, ਰੋਪੜ, ਆਦਿ ਕੁਛ ਥਾਂਵਾਂ 'ਤੇ ਪੜੌਾ ਕਰਕੇ ਸਾਰਾ ਪਰਵਾਰ ਕੀਰਤਪੁਰ ਜਾ ਪੁੱਜਾ। ਬਾਬਾ ਸੂਰਜ ਮੱਲ ਦੇ ਸਾਰੇ ਪਰਵਾਰ ਨੇ ਗੁਰੂ ਤੇਗ਼ ਬਹਾਦਰ ਜੀ ਦੇ ਪਰਵਾਰ ਦਾ ਬੜਾ ਸਤਕਾਰ ਕੀਤਾ। ਉਹ ਵਸੋਂ ਤੋਂ ਬਾਹਰ ਤਕ ਅੱਗੋਂ ਲੈਣ ਗਏ ਤੇ ਫਿਰ ਲਿਆ ਕੇ ਮਾਤਾ ਨਾਨਕੀ ਜੀ ਦੇ ਚਰਨ ਛੋਹੇ ਤੇ ਬਾਕੀ ਸਭ ਦਾ ਵੀ ਥਾਂ ਪੁਰ ਥਾਂ ਪੂਰਾ ਆਦਰ ਮਾਣ ਕੀਤਾ। ਜਿੱਥੇ ਧੀਰਮੱਲ ਦੀ ਔਲਾਦ ਸਦਾ ਗੁਰੂ ਘਰ ਦੀ ਵਿਰੋਧੀ ਰਹੀ, ਓਥੇ ਸੂਰਜ ਮੱਲ ਦੀ ਅੰਸ ਆਗਿਆਕਾਰ ਰਹੀ ਹੈ।

ਮਾਤਾ ਨਾਨਕੀ ਜੀ ਤੇ ਮਾਤਾ ਗੁਜਰੀ ਜੀ ਨੇ ਵੀ ਸਭ ਦਾ ਪੂਰਾ ਆਦਰ ਮਾਣ ਕੀਤਾ, ਤੇ ਸਭ ਨੂੰ ਸਿਰੋਪਾਉ ਦਿਤੇ।

ਸਾਹਿਬਜ਼ਾਦੇ ਨੂੰ ਕੀਰਤਪੁਰ ਵਿਚ ਸਾਰੇ ਗੁਰ-ਅਸਥਾਨਾਂ ਦੇ ਦਰਸ਼ਨ ਕਰਾਏ ਗਏ ਤੇ ਇਤਿਹਾਸ ਦੱਸਿਆ ਗਿਆ।

## ਕੀਰਤਪੁਰ ਤੋਂ ਅਨੰਦਪੁਰ

ਗੁਰੂ ਤੇਗ਼ ਬਹਾਦਰ ਜੀ ਦੇ ਭੇਜੇ ਹੋਏ ਨਿਕਟ-ਵਰਤੀ ਸਿੱਖ ਤੇ ਬਹੁਤ ਸਾਰੀਆਂ ਸੰਗਤਾਂ ਅਨੰਦਪੁਰ ਤੋਂ ਕੀਰਤਪੁਰ ਤਕ ਸਾਹਿਬਜ਼ਾਦੇ ਨੂੰ ਅੱਗੋਂ ਲੈਣ ਗਈਆਂ। ਇਕ ਚੋਖਾ ਵਹੀਰ ਕੀਰਤਪੁਰ ਤੋਂ ਅਨੰਦਪੁਰ ਨੂੰ ਰਵਾਨਾ ਹੋ ਤੁਰਿਆ। ਸਮੇਂ ਦੇ ਰਵਾਜ ਅਨੁਸਾਰ ਮਾਤਾ ਨਾਨਕੀ ਜੀ ਤੇ ਮਾਤਾ ਗੁਜਰੀ ਜੀ ਪਾਲਕੀਆਂ ਵਿਚ ਬੈਠੀਆਂ ਸਨ। ਸਾਹਿਬਜ਼ਾਦਾ ਗੋਬਿੰਦ ਰਾਏ ਜੀ ਘੋੜੇ 'ਤੇ ਅਸਵਾਰ ਸਨ। ਕੁਛ ਹੋਰ ਸਿੱਖ ਵੀ ਆਪ ਦੇ ਨਾਲ ਨਾਲ ਘੋੜਿਆਂ 'ਤੇ ਅਸਵਾਰ ਸਨ। ਉਹਨਾਂ ਤੋਂ ਅੱਗੇ ਪਿਛੇ ਬਹੁਤ ਸਾਰੀਆਂ ਸੰਗਤਾਂ ਪੈਦਲ ਸ਼ਬਦ ਪੜ੍ਹਦੀਆਂ ਜਾ ਰਹੀਆਂ ਸਨ। ਸਭ ਤੋਂ ਪਿਛੇ ਗੱਡਿਆਂ ਉਤੇ ਸਾਮਾਨ ਤੇ ਕੁਛ ਸੇਵਾਦਾਰ ਸਨ। ਉਸ ਦਿਨ ੧੭੨੯ ਬਿ. ਦੇ ਮਾਘ ਦੀ ਇੱਕੀ ਤਾਰੀਖ਼ ਸੀ।

ਕੁਛ ਸਿੱਖ ਸੇਵਕਾਂ ਸਣੇ ਗੁਰੂ ਤੇਗ਼ ਬਹਾਦਰ ਮਹਾਰਾਜ ਸ਼ਹਿਰੋਂ ਬਾਹਰ ਤਕ ਸਾਹਿਬਜ਼ਾਦੇ ਨੂੰ ਅੱਗੋਂ ਲੈਣ ਗਏ। ਸਭ ਤੋਂ ਪਹਿਲਾਂ ਨੌਂਵੇਂ ਪਾਤਸ਼ਾਹ ਨੇ ਆਪਣੇ ਪੂਜਯ ਮਾਤਾ ਨਾਨਕੀ ਜੀ ਦੇ ਚਰਨ ਛੋਹੇ। ਉਹਨਾਂ ਦੀ ਅਸ਼ੀਰਵਾਦ ਪਰਾਪਤ ਕਰਨ ਪਿਛੋਂ ਹਜ਼ੂਰ ਨੇ ਸਾਹਿਬਜ਼ਾਦੇ ਨੂੰ ਗਲ ਲਾਇਆ। ਏਨੇ ਚਿਰ ਤਕ ਮਾਤਾ ਗੁਜਰੀ ਨੇ ਪਾਲਕੀ ਚੋਂ ਉਤਰ ਕੇ ਗੁਰੂ ਮਹਾਰਾਜ ਦੇ ਚਰਨਾਂ 'ਤੇ ਸੀਸ ਝੁਕਾਇਆ। ਫਿਰ ਸਾਰੀ ਸੰਗਤ ਨੇ ਵਾਰੀ ਵਾਰੀ ਮਹਾਰਾਜ ਦੇ ਚਰਨ ਪਰਸੇ।

ਏਸਤਰ੍ਹਾਂ ਸਾਹਿਬਜ਼ਾਦਾ ਗੋਬਿੰਦ ਰਾਏ (ਗੁਰੂ ਗੋਬਿੰਦ ਸਿੰਘ) ਜੀ ਆਪਣੇ ਪਿਤਾ ਦੇ ਵਸਾਏ ਸ਼ਹਿਰ ਵਿਚ ਦਾਖ਼ਲ ਹੋਏ। ਸੰਗਤਾਂ ਨੇ ਹਜ਼ੂਰ ਉਪਰ ਫੁੱਲਾਂ ਦੀ ਵਰਖਾ ਕੀਤੀ। ਖ਼ੁਸ਼ੀ ਦੇ ਵਾਜਿਆਂ ਤੇ ਵਧਾਈਆਂ ਨਾਲ ਅਨੰਦਪੁਰ ਦੀਆਂ ਗਲੀਆਂ ਗੂੰਜ ਉਠੀਆਂ।

## ਅੱਠਵਾਂ ਕਾਂਡ

# ਖ਼ੁਸ਼ੀ ਦੇ ਦਿਨ

ਗੁਰੂ ਗੋਬਿੰਦ ਸਿੰਘ ਮਹਾਰਾਜ 'ਬਚਿਤ੍ਰ ਨਾਟਕ' ਵਿਚ ਲਿਖਦੇ ਹਨ :

'ਮਦ੍ਰ ਦੇਸ ਹਮ ਕੋ ਲੇ ਆਏ ।
ਭਾਂਤਿ ਭਾਂਤਿ ਦਾਈਅਨ ਦੁਲਰਾਏ ।
ਕੀਨੀ ਅਨਿਕ ਭਾਂਤਿ ਤਨ ਰੱਛਾ ।
ਦੀਨੀ ਭਾਂਤਿ ਭਾਂਤਿ ਕੀ ਸਿੱਛਾ ।'

"ਸਾਨੂੰ ਪਟਨੇ ਤੋਂ ਪੰਜਾਬ ਵਿਚ ਲੈ ਆਏ । ਮਾਤਾ ਪਿਤਾ ਨੇ ਲਾਡ ਲਡਾਏ । ਸਾਡੀ ਬੜੀ ਪਾਲਣਾ ਕੀਤਾ ਤੇ ਸਾਨੂੰ ਬਹੁਤ ਭਾਂਤ ਦੀ ਸਿੱਖਿਆ ਦਿਤੀ ।"

ਸਾਰੇ ਪਰਵਾਰ ਵਾਸਤੇ ਇਹ ਖ਼ੁਸ਼ੀ ਦੇ ਦਿਨ ਸਨ । ਮਾਤਾ ਨਾਨਕੀ ਜੀ ਜਾਮੇਂ ਵਿਚ ਨਹੀਂ ਸਨ ਸਮਾਉਂਦੇ । ਉਹਨਾਂ ਦਾ ਸਾਹਿਬਜ਼ਾਦਾ (ਗੁਰੂ ਤੇਗ ਬਹਾਦਰ ਸਾਹਿਬ) ਗੁਰੂ ਨਾਨਕ ਦੇਵ ਮਹਾਰਾਜ ਦੀ ਗੱਦੀ 'ਤੇ ਸ਼ੁਸ਼ੋਭਤ ਸੀ । ਉਹਨਾਂ ਦਾ ਪੋਤਰਾ ਵੀ ਇਕ ਦਿਨ ਇਸ ਗੱਦੀ ਦਾ ਮਾਲਕ ਬਣੇਗਾ । ਇਸਤਰੀ ਜੀਵਨ ਦੀ ਇਸ ਤੋਂ ਵੱਡੀ ਖ਼ੁਸ਼ੀ ਕੀ ਹੋ ਸਕਦੀ ਹੈ ।

ਮਾਤਾ ਗੁਜਰੀ ਜੀ ਵੀ ਖ਼ੁਸ਼ ਸਨ । ਉਹਨਾਂ ਦੀ ਤਪੱਸਿਆ ਨੂੰ ਅਕਾਲਪੁਰਖ ਨੇ ਭਾਗ ਲਾਇਆ ਸੀ । ਤੀਹ ਸਾਲ ਤਪ ਕਰਕੇ ਉਹਨਾਂ ਵਾਹਿਗੁਰੂ ਤੋਂ ਏਹਾ ਵਰ ਮੰਗਿਆ ਸੀ । ਇਕ ਅਜੇਹਾ ਪੁੱਤਰ, ਸੰਸਾਰ ਦੇ ਇਤਿਹਾਸ ਵਿਚ ਜੋ ਮਹਾਨ ਮੰਨਿਆਂ ਜਾਏ । ਬਾਲਕ ਗੋਬਿੰਦ ਰਾਏ ਵਿਚ ਉਹ ਸਾਰੇ ਗੁਣ ਪਰਤੱਖ ਸਨ, ਜੋ ਮਾਤਾ ਜੀ ਨੇ ਮਨ ਵਿਚ ਚਿਤਵੇ ਸਨ । ਆਪ ਬਹੁਤ ਪਰਸੰਨ ਸਨ ।

ਸਾਹਿਬਜ਼ਾਦਾ ਗੋਬਿੰਦ ਰਾਏ ਜੀ ਵੀ ਖ਼ੁਸ਼ ਸਨ । ਮਾਤਾ ਪਿਤਾ ਦੀ ਨਿੱਘੀ

ਗੋਦ ਪਰਾਪਤ ਸੀ । ਪੰਜਾਬ ਦਾ ਮਨ-ਮੋਹਣਾ ਵਾਤਾਵਰਣ। ਦਾਸ ਦਾਸੀਆਂ ਸੇਵਾ ਕਰਨ ਵਾਸਤੇ। ਖਾਣਾ ਮਨ ਭਾਉਂਦਾ। ਚੜ੍ਹਤ ਰਾਜ ਕੁਮਾਰਾਂ ਵਾਲੀ। ਚਰਨੀਂ ਸੀਸ ਝੁਕਾਉਣ ਵਾਲੇ ਸੱਚੇ ਸ਼ਰਧਾਲੂ । ਖ਼ੁਸ਼ੀ ਹੀ ਖ਼ੁਸ਼ੀ ਸੀ ।

ਸ਼ਰਧਾਲੂ ਵੀ ਖ਼ੁਸ਼ ਸਨ । ਛੇ ਸਾਲ ਦੇ ਗੋਬਿੰਦ ਰਾਏ ਜੀ ਦੇ ਮੂੰਹੋਂ ਬਿਹਾਰੀ-ਮਿਲਵੀਂ ਪੰਜਾਬੀ ਸੁਣ ਕੇ ਸੰਗਤਾਂ ਮੁਗਧ ਹੋ ਜਾਂਦੀਆਂ । ਹਜ਼ੂਰ ਦੇ ਚਿਹਰੇ ਦਾ ਪਰਭਾਵ ਇਤਨਾ ਪਰਬਲ ਸੀ, ਕਿ ਵੇਖਣ ਵਾਲਾ ਮੋਹਿਆ ਜਾਂਦਾ। ਫਿਰ ਸੱਯਦ ਭੀਖਣ ਸ਼ਾਹ ਤੇ ਪੀਰ ਆਰਫ਼ਦੀਨ ਦਾ ਹਜ਼ੂਰ ਦੇ ਸਾਮ੍ਹਣੇ ਝੁਕਣਾ ਸੁਣ ਕੇ ਸਿੱਖਾਂ ਦੀ ਸ਼ਰਧਾ ਵਿਚ ਅਪਾਰ ਵਾਧਾ ਹੁੰਦਾ। ਸੰਗਤਾਂ ਇਹ ਵੀ ਜਾਣਦੀਆਂ ਸਨ, ਕਿ ਇਹ ਛੇ ਸਾਲ ਦਾ ਨਿਰੰਕਾਰੀ ਬਾਲਕ ਇਕ ਦਿਨ ਸਿੱਖਾਂ ਦਾ ਦਸਵਾਂ ਗੁਰੂ ਬਣੇਗਾ। ਇਹ ਸਾਰੀਆਂ ਵਿਚਾਰਾਂ ਮਿਲਕੇ ਮਹਾਰਾਜ ਦੇ ਸਤਕਾਰ ਵਿਚ ਵਾਧਾ ਕਰਦੀਆਂ। ਕਿਸੇ ਸਿੱਖ ਨੂੰ ਹਜ਼ੂਰ ਛੋਟੀ ਜਿਹੀ ਸੇਵਾ ਬਖ਼ਸ਼ ਦੇਂਦੇ, ਤਾਂ ਉਹ ਅਪਣਾ ਜਨਮ ਸਫਲਾ ਸਮਝਦਾ। ਹਜ਼ੂਰ ਦਾ ਦਰਸ਼ਨ ਪਾਉਣ ਵਾਲਾ ਹਰ ਸ਼ਰਧਾਲੂ ਨਿਹਾਲ ਹੋ ਜਾਂਦਾ ।

ਸਾਹਿਬਜ਼ਾਦੇ ਦਾ ਆਉਣਾ ਸੁਣ ਕੇ ਦੂਰ ਨੇੜੇ ਦੇ ਮਸੰਦ ਇਲਾਕੇ ਦੀਆਂ ਸੰਗਤਾਂ ਨਾਲ ਲੈ ਕੇ ਹਾਜ਼ਰ ਹੋਏ। ਭਾਈ ਭਗਤੂ ਕੇ, ਭਾਈ ਬਹਿਲੋ ਕੇ, ਭਾਈ ਰੂਪ ਚੰਦ ਕੇ, ਡਰੋਲੀ ਵਾਲੇ, ਘੁੜਾਣੀ ਵਾਲੇ ਤੇ ਮਾਲਵੇ ਦੇ ਹੋਰ ਸਾਰੇ ਪਰਸਿੱਧ ਮਸੰਦ ਹਾਜ਼ਰ ਹੋਏ। ਭਾਈ ਬਿਹਾਰੀ ਹੁਸ਼ਿਆਰਪੁਰੀਆ, ਭਾਈ ਸਾਲੋ ਦਾ ਪੋਤਰਾ ਦੁਨੀ ਚੰਦ, ਭਾਈ ਮੰਝ ਦਾ ਪੋਤਰਾ ਭਾਨਾ, ਭਾਈ ਸੰਤੂ ਬਟਾਲੀਆ, ਭਾਈ ਦਿਆਲ ਦਾਸ ਵਜ਼ੀਰਾਬਾਦੀਆ,ਭਾਈ ਤਖ਼ਤ ਮੱਲ ਪੋਠੋਹਾਰੀ, ਭਾਈ ਦਾਸ ਮੱਲ ਮੁਲਤਾਨੀ, ਇਲਾਕਾ ਦੜਪ ਦਾ ਭਾਈ ਗੁਰੀਆ, ਭਾਈ ਜੀਤ ਮੱਲ, ਭਾਈ ਬਖ਼ਤ ਮੱਲ ਆਦਿ ਸਾਰੇ ਇਲਾਕਿਆਂ ਦੇ ਨਾਮਵਰ ਮਸੰਦ ਸੰਗਤਾਂ ਸਮੇਤ ਹਾਜ਼ਰ ਹੋਏ। ਗੁਰੂ ਮਹਾਰਾਜ ਤੇ ਸਾਹਿਬਜ਼ਾਦੇ ਦੇ ਦਰਸ਼ਨ ਕਰਕੇ ਸੰਗਤਾਂ ਨਿਹਾਲ ਹੋ ਗਈਆਂ। ਸੁੱਖਣਾ ਭੇਟ, ਦਸਵੰਧ, ਦਰਸ਼ਨ ਭੇਟ ਨਾਲ ਗੁਰੂ ਕੀ ਗੋਲਕ ਵਿਚ ਬੇਅੰਤ ਮਾਇਆ ਆਈ। ਗੁਰੂ ਮਹਾਰਾਜ ਵੱਲੋਂ ਉਹ ਮਾਇਆ ਅਨੰਦਪੁਰ ਨੂੰ ਸੁੰਦਰ ਬਨਾਉਣ ਤੇ ਸੰਗਤਾਂ ਦੀ ਰਿਹਾਇਸ਼ ਵਾਸਤੇ ਅਸਥਾਨ ਬਨਾਉਣ ਵਾਸਤੇ ਵਰਤੀ ਗਈ। ਆਉਣ ਵਾਲੇ ਸ਼ਰਧਾਲੂ ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ ਤੇ ਸਾਹਿਬਜ਼ਾਦੇ ਵਾਸਤੇ

ਗਹਿਣੇ, ਬਸਤਰ ਆਦਿ ਝੂਹਫ਼ੇ ਵੀ ਭੇਟਾ ਕਰਦੇ। ਗੁਰੂ ਮਹਾਰਾਜ ਵੀ ਆਏ ਸ਼ਰਧਾਲੂਆਂ ਦਾ ਪੂਰਾ ਆਦਰ ਮਾਣ ਕਰਦੇ। ਅਨੰਦਪੁਰ ਵਿਚ ਅੱਠੇ ਪਹਿਰ ਮੇਲੇ ਵਰਗੀ ਰੌਣਕ ਰਹਿੰਦੀ।

## ਵਿੱਦਿਆ

ਮਾਤਾ ਗੁਜਰੀ ਜੀ ਦਾ ਸਾਰਾ ਧਿਆਨ ਸਾਹਿਬਜ਼ਾਦੇ ਦੀ ਵਿੱਦਿਆ ਵੱਲ ਸੀ। ਆਪ ਹਰ ਪੱਖ ਤੋਂ ਆਪਣੇ ਲਾਲ ਨੂੰ ਮਹਾਨ ਬਨਾਉਣਾ ਚਾਹੁੰਦੇ ਸਨ। ਗੁਰਮੁਖੀ ਦੀ ਪੜ੍ਹਾਈ ਉਹਨਾਂ ਪਟਨੇ ਵਿਚ ਹੀ ਆਰੰਭ ਕਰ ਦਿਤੀ ਸੀ। ਛੇ ਸਾਲ ਦੀ ਉਮਰ ਹੋਣ ਤਕ ਗੋਬਿੰਦ ਰਾਏ ਜੀ ਚੰਗੀ ਤਰਾਂ ਗੁਰਮੁਖੀ ਪੜ੍ਹ ਲਿਖ ਸਕਦੇ ਸਨ। ਮਾਤਾ ਜੀ ਲਾਲ ਜੀ ਨੂੰ ਗੁਰਬਾਣੀ ਦੇ ਸ਼ਬਦ ਜ਼ਬਾਨੀ ਯਾਦ ਕਤਾਉਂਦੇ ਤੇ ਫਿਰ ਆਪ ਸੁਣਦੇ।

ਅਨੰਦਪੁਰ ਆ ਕੇ ਸਾਹਿਬਜ਼ਾਦੇ ਦੀ ਵਿੱਦਿਆ ਦਾ ਪਰਬੰਧ ਹੋਰ ਸੁਚੱਜੇ ਢੰਗ ਨਾਲ ਕਰ ਦਿਤਾ ਗਿਆ। ਮੁਣਸ਼ੀ ਸਾਹਿਬ ਚੰਦ ਜੀ ਉਸ ਸਮੇਂ ਗੁਰਬਾਣੀ ਦੇ ਮਹਾਨ ਵਿੱਦਿਵਾਨ ਮੰਨੇ ਜਾਂਦੇ ਸਨ। ਉਹਨਾਂ ਦੀ ਉਚੇਚੀ ਸੇਵਾ ਸਾਹਿਬਜ਼ਾਦੇ ਨੂੰ ਅਰਥਾਂ ਸਮੇਤ ਗੁਰਬਾਣੀ ਪੜ੍ਹਾਉਣ ਉਤੇ ਲਾਈ ਗਈ। ਸਾਹਿਬਜ਼ਾਦੇ ਦੀ ਬੁੱਧੀ ਤੇ ਯਾਦ ਸ਼ਕਤੀ ਹੈਰਾਨ ਕਰਨ ਵਾਲੀ ਸੀ। ਪੰਜ-ਸੱਤ ਵਾਰ ਪਾਠ ਕਰਨ ਨਾਲ ਹਜ਼ੂਰ ਨੂੰ ਬਹੁਤ ਸਾਰੀ ਬਾਣੀ ਜ਼ਬਾਨੀ ਕੰਠ ਹੋ ਜਾਂਦੀ। ਪੰਦਰਾਂ ਸੋਲਾਂ ਸਾਲ ਦੀ ਉਮਰ ਹੋਣ ਤਕ ਹਜ਼ੂਰ ਗੁਰਬਾਣੀ ਦੇ ਮਹਾਨ ਵਿੱਦਵਾਨ ਬਣ ਗਏ।

ਗੁਰਬਾਣੀ ਦੇ ਨਾਲ ਮਹਾਰਾਜ ਨੂੰ ਸਿੱਖ ਇਤਿਹਾਸ ਵੀ ਪੜ੍ਹਾਇਆ ਜਾਂਦਾ। ਸਿਰਫ਼ ਸਿੱਖ ਇਤਿਹਾਸ ਹੀ ਨਹੀਂ, ਸਗੋਂ ਦੂਸਰੇ ਧਰਮਾਂ ਤੇ ਕੌਮਾਂ ਦੇ ਇਤਿਹਾਸ ਦੀ ਵੀ ਜਾਣਕਾਰੀ ਦਿਤੀ ਜਾਂਦੀ।

ਏਥੇ ਹੀ ਬੱਸ ਨਹੀਂ, ਸਾਹਿਬਜ਼ਾਦੇ ਨੂੰ ਸੰਸਕ੍ਰਿਤ, ਅਰਬੀ ਤੇ ਫ਼ਾਰਸੀ ਪੜ੍ਹਾਉਣ ਦਾ ਵੀ ਪਰਬੰਧ ਸੀ। ਪੰਡਤ ਹਰਿਜਸ ਸੰਸਕ੍ਰਿਤ ਦਾ ਮਹਾਨ ਵਿੱਦਵਾਨ ਸੀ। ਉਸ ਦੀ ਸੇਵਾ ਸਾਹਿਜ਼ਾਦੇ ਨੂੰ ਸੰਸਕ੍ਰਿਤ ਤੇ ਪੁਰਾਤਨ ਭਾਰਤੀ ਇਤਿਹਾਸ ਪੜ੍ਹਾਉਣ ਦੀ ਸੀ।

ਉਸ ਸਮੇਂ ਦੇਸ ਦੀ ਸਰਕਾਰੀ ਭਾਸ਼ਾ ਫ਼ਾਰਸੀ ਸੀ। ਕਾਜ਼ੀ ਪੀਰ ਮੁਹੰਮਦ ਸਲੋਹ ਵਾਲੇ ਗੁਰੂ ਘਰ ਦੇ ਸ਼ਰਧਾਲੂ ਤੇ ਬੜੇ ਲਾਇਕ ਸੱਜਣ ਸਨ। ਉਹਨਾਂ ਦੀ ਸੇਵਾ ਸਾਹਿਬਜ਼ਾਦੇ ਨੂੰ ਫ਼ਾਰਸੀ ਤੇ ਅਰਬੀ ਪੜ੍ਹਾਉਣ ਉਤੇ ਲਾਈ ਗਈ।

ਪੁਰਾਤਨ ਤਿੰਨਾਂ ਭਾਸ਼ਾਵਾਂ (ਸੰਸਕ੍ਰਿਤ, ਅਰਬੀ, ਤੇ ਫ਼ਾਰਸੀ) ਵਿਚ ਮਹਾਰਾਜ ਨੇ ਹੈਰਾਨ ਕਰਨ ਵਾਲੀ ਯੋਗਤਾ ਹਾਸਲ ਕਰ ਲਈ। ਇਸਦਾ ਸਬੂਤ ਹਜ਼ੂਰ ਦੀ ਬਾਣੀ ਤੋਂ ਪਰਤੱਖ ਮਿਲਦਾ ਹੈ। 'ਜ਼ਫ਼ਰਨਾਮਾ' ਫ਼ਾਰਸੀ ਕਵਿਤਾ ਦਾ ਬਹੁਤ ਸੁੰਦਰ ਨਮੂਨਾ ਹੈ।

ਅੱਖਰੀ ਵਿੱਦਿਆ ਦੇ ਨਾਲ ਨਾਲ ਸਾਹਿਬਜ਼ਾਦੇ ਦੀ ਸ਼ਸਤਰ ਵਿੱਦਿਆ ਦਾ ਵੀ ਪੂਰਨ ਪਰਬੰਧ ਕੀਤਾ ਗਿਆ। ਆਪਣੇ ਸਮੇਂ ਦੇ ਹਜ਼ੂਰ ਮਹਾਨ ਤੀਰੰਦਾਜ਼ ਸਨ। ਇਹ ਸਭ ਕੁਛ ਸਮੇਂ ਦੀ ਲੋੜ ਅਨੁਸਾਰ ਸੀ, ਜੋ ਦੂਰ-ਦਰਸ਼ੀ ਗੁਰੂ ਤੇਗ ਬਹਾਦਰ ਮਹਾਰਾਜ ਨੇ ਕੀਤਾ।

## ਵਿਸਾਖੀ ਦਾ ਮੇਲਾ ਤੇ ਜੀਤੋ ਜੀ

ਭਾਰਤ ਦੇ ਬਹੁਤੇ ਤਿਉਹਾਰ (ਦੀਵਾਲੀ, ਵਿਸਾਖੀ, ਲੋਹੜੀ, ਬਸੰਤ, ਹੋਲੀ, ਆਦਿ) ਰੁੱਤਾਂ ਦੇ ਹਿਸਾਬ ਨਾਲ ਆਉਂਦੇ ਹਨ। ਇਹ ਸਾਰੇ ਹੀ ਦੇਸ ਵਿਚ ਮਨਾਏ ਜਾਂਦੇ ਹਨ। ਸਿੱਖਾਂ ਵਿਚ ਵਿਸਾਖੀ ਦਾ ਤਿਉਹਾਰ ਬਹੁਤ ਹੀ ਪਰਸਿੱਧ ਹੈ। ਜਿੱਥੇ ਵੀ ਸਮੇਂ ਦੇ ਗੱਦੀ 'ਤੇ ਬਿਰਾਜਮਾਨ ਗੁਰੂ ਸਾਹਿਬ ਹੁੰਦੇ, ਓਥੇ ਵਿਸਾਖੀ ਦਾ ਮੇੱਲਾ ਜ਼ਰੂਰ ਲੱਗਦਾ।

ਸਾਹਿਬਜ਼ਾਦੇ ਦੇ ਪੰਜਾਬ ਆਉਣ ਪਿਛੋਂ ਇਹ ਵਿਸਾਖੀ ਦਾ ਪਹਿਲਾ ਮੇੱਲਾ ਆਇਆ ਸੀ। ਸੰਗਤਾਂ ਹੁਮਹੁਮਾ ਕੇ ਆਈਆਂ। ਅਨੰਦਪੁਰ ਵਿਚ ਮੇੱਲਾ ਬਹੁਤ ਭਰ ਗਿਆ। ਸ਼ਰਧਾਲੂ ਗੁਰੂ ਮਹਾਰਾਜ ਤੇ ਸਾਹਿਬਜ਼ਾਦੇ ਦੇ ਦਰਸ਼ਨ ਕਰਕੇ ਨਿਹਾਲ ਹੋਏ।

ਲਾਹੌਰ ਦੀ ਸੰਗਤ ਨਾਲ ਸੁਭਿਖੀ ਗੋਤ ਦਾ ਖੱਤਰੀ ਭਾਈ ਹਰਿਜਸ ਵੀ ਆਇਆ। ਉਸਦੀ ਧਰਮ ਪਤਨੀ ਤੇ ਛੇ-ਕੁ ਸਾਲ ਦੀ ਕੰਨਿਆਂ 'ਜੀਤੋ ਜੀ' ਵੀ ਨਾਲ ਸਨ। ਸਾਹਿਬਜ਼ਾਦੇ ਦੇ ਦਰਸ਼ਨ ਕਰਕੇ ਭਾਈ ਹਰਿਜਸ ਤੇ ਉਸ ਦੀ ਪਤਨੀ ਮੋਹੇ ਗਏ। ਆਪਸ ਵਿਚ ਸਲਾਹ ਕਰਕੇ ਉਹ ਦੋਵੇਂ ਮਾਤਾ ਨਾਨਕੀ ਜੀ

ਪਾਸ ਪੁੱਜੇ । ਮਾਤਾ ਗੁਜਰੀ ਜੀ ਵੀ ਕੋਲ ਹੀ ਬੈਠੇ ਸਨ। ਹਰਿਜਸ ਦੇ ਪਰਵਾਰ ਨੇ ਪਹਿਲਾਂ ਮਾਤਾ ਨਾਨਕੀ ਜੀ ਤੇ ਫਿਰ ਮਾਤਾ ਗੁਜਰੀ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ। ਫਿਰ ਦੋਹਾਂ ਜੀਆਂ ਨੇ ਹੱਥ ਜੋੜ ਕੇ ਮਾਤਾ ਨਾਨਕੀ ਜੀ ਅੱਗੇ ਬੇਨਤੀ ਕੀਤੀ। "ਪੂਜਯ ਮਾਤਾ ਜੀਉ ! ਅਸੀਂ ਸਾਰੀ ਬਰਾਦਰੀ ਗੁਰੂ ਘਰ ਦੇ ਸੇਵਕ ਹਾਂ। ਆਪ ਸੇਵਕਾਂ ਦੀਆਂ ਭਾਵਨਾਂ ਪੂਰਨ ਕਰਨਹਾਰੇ ਹੋ। ਇਹ ਸਾਡੀ ਕੰਨਿਆਂ ਹੈ। ਸਾਡੀ ਬੇਨਤੀ ਹੈ, ਕਿ ਆਪ ਇਸਦਾ ਰਿਸ਼ਤਾ ਸਾਹਿਬਜ਼ਾਦੇ ਵਾਸਤੇ ਪਰਵਾਨ ਕਰੋ। ਮਾਤਾ ਜੀ ! ਸੇਵਕਾਂ ਦਾ ਹੰਮਾ ਨਾ ਤੋੜਨਾ। ਗੁਰੂ ਘਰ ਤੋਂ ਬਿਨਾਂ ਸਾਡਾ ਹੋਰ ਕੋਈ ਆਸਰਾ ਨਹੀਂ।"

ਜੀਤੋ ਜੀ ਦਾ ਚਿਹਰਾ ਬੜਾ ਹੀ ਭੋਲਾ ਭਾਲਾ ਤੇ ਮਨ-ਮੋਹਣਾ ਸੀ। ਮਾਤਾ ਨਾਨਕੀ ਜੀ ਤੇ ਮਾਤਾ ਗੁਜਰੀ ਜੀ ਨੇ ਪਹਿਲਾਂ ਕੁਛ ਚਿਰ ਜੀਤੋ ਜੀ ਵੱਲ ਤੇ ਫਿਰ ਆਪਸ ਵਿਚ ਇਕ ਦੂਸਰੀ ਵੱਲ ਤੱਕਿਆ। ਕੰਨਿਆਂ ਦੋਹਾਂ ਨੂੰ ਪਸੰਦ ਆਈ। ਦੂਸਰੀ ਗੱਲ ਸਿੱਖ ਦੀ ਸ਼ਰਧਾ ਦਾ ਵੀ ਸਵਾਲ ਸੀ। ਮਾਤਾ ਨਾਨਕੀ ਜੀ ਨੇ ਏਨੀ ਹਾਮੀ ਭਰੀ, ਕਿ ਉਹ ਗੁਰੂ ਮਹਾਰਾਜ ਨਾਲ ਵਿਚਾਰ ਕਰਨਗੇ।

ਮਾਤਾ ਨਾਨਕੀ ਜੀ ਕਾਫ਼ੀ ਬਿਰਧ ਸਨ। ਉਹਨਾਂ ਦੇ ਮਨ ਵਿਚ ਰੀਝ ਸੀ ਪੋਤਰੇ ਦਾ ਸਾਰਥ ਵੇਖਣ ਦੀ। ਫਿਰ ਉਸ ਸਮੇਂ ਛੋਟੀ ਉਮਰ ਵਿਚ ਬੱਚਿਆਂ ਦੇ ਵਿਆਹ ਕਰਨ ਦਾ ਆਮ ਰਵਾਜ ਸੀ। ਨਾਲੇ ਜੀਤੋ ਜੀ ਉਹਨਾਂ ਨੂੰ ਬਹੁਤ ਪਿਆਰੀ ਲੱਗੀ ਸੀ। ਮਾਤਾ ਗੁਜਰੀ ਜੀ ਵੀ ਇਸ ਰਿਸ਼ਤੇ 'ਤੇ ਖ਼ੁਸ਼ ਸਨ। ਕੁਛ ਪੁਰਾਤਨ ਸੰਸ-ਕਾਰਾਂ ਦਾ ਅਸਰ। ਕੰਨਿਆਂ ਨੂੰ ਦੇਵੀ ਸਮਝਿਆ ਜਾਂਦਾ ਸੀ। ਘਰ ਆਈ ਕੰਨਿਆਂ ਦਾ ਆਦਰ ਮਾਣ ਰੱਖਣਾ ਧਰਮ ਮੰਨਿਆਂ ਜਾਂਦਾ ਸੀ। ਇਸ ਦੇ ਨਾਲ ਸਿੱਖ ਦੀ ਸ਼ਰਧਾ ਦਾ ਸਵਾਲ ਸਭ ਤੋਂ ਵੱਡਾ ਸੀ।

ਰਾਤ ਨੂੰ ਬਿਰਾਜਣ ਸਮੇਂ ਤੋਂ ਪਹਿਲਾਂ ਗੁਰੂ ਤੇਗ਼ ਬਹਾਦਰ ਮਹਾਰਾਜ ਮਾਤਾ ਨਾਨਕੀ ਜੀ ਦੇ ਚਰਨ ਪਰਸਣ ਆਇਆ ਕਰਦੇ ਸਨ। ਮਾਤਾ ਜੀ ਨੇ ਬੜੇ ਪ੍ਰੇਮ ਨਾਲ ਪੋਤਰੇ ਦੇ ਰਿਸ਼ਤੇ ਦੀ ਗੱਲ ਚਲਾਈ। 'ਜੋੜੀ ਹਾਣ-ਪਰਵਾਣ ਹੈ। ਮੇਰੇ ਗੁਜਰੀ ਜੀ ਵੀ ਬਹੁਤ ਖ਼ੁਸ਼ ਹਨ। ਫਿਰ ਸਿੱਖ ਬਹੁਤ ਹੀ ਸ਼ਰਧਾ ਵਾਨ ਹਨ। ਸਾਡੀ ਵੀ ਰੀਝ ਹੈ, ਕਿ ਪੋਤਰੇ ਦੀ ਖ਼ੁਸ਼ੀ ਵਖ ਜਾਈਏ।'

ਮਹਾਰਾਜ ਮਾਤਾ ਜੀ ਦਾ ਹੁਕਮ ਮੋੜਿਆ ਨਹੀਂ ਸਨ ਕਰਦੇ। ਹਜ਼ੂਰ ਨੇ

'ਹਾਂ' ਕਰ ਦਿਤੀ। ਅਗਲੇ ਦਿਨ ਭਰੇ ਦੀਵਾਨ ਵਿਚ ਭਾਈ ਹਰਿਜਸ ਨੇ ਸਾਹਿਬਜ਼ਾਦੇ ਦੀ ਝੋਲੀ ਸਗਨ ਪਾਇਆ। ਅਰਦਾਸੀਏ ਸਿੱਖ ਨੇ ਅਰਦਾਸ ਕੀਤੀ। ਜੀਤੋ ਜੀ ਦਾ ਸਾਹਿਬਜ਼ਾਦੇ ਨਾਲ ਰਿਸ਼ਤਾ ਪੱਕਾ ਹੋ ਗਿਆ।

ਭਾਈ ਹਰਿਜਸ ਚੰਗਾ ਭਾਗ ਵਾਲਾ ਸੀ। ਲਾਹੌਰ ਵਿਚ ਉਸਦੀ ਚੋਖੀ ਬਰਾਦਰੀ ਸੀ, ਤੇ ਉਹ ਸਾਰੇ ਹੀ ਸ਼ਰਧਾਲੂ ਸਿੱਖ ਸਨ। ਉਹਨੇ ਬੇਨਤੀ ਕੀਤੀ, ਕਿ ਮਹਾਰਾਜ ਜੰਞ ਲੈ ਕੇ ਲਾਹੌਰ ਦਰਸ਼ਨ ਦੇਣ, ਤਾਂ ਕਿ ਉਹਨਾਂ ਦੀ ਸਾਰੀ ਬਰਾਦਰੀ ਹਜ਼ੂਰ ਦੀ ਸੇਵਾ ਕਰਕੇ ਜਨਮ ਸਫਲਾ ਕਰ ਸੱਕੇ।

ਇਕ ਮਿੰਟ ਸੋਚਣ ਪਿਛੋਂ ਗੁਰੂ ਮਹਾਰਾਜ ਨੇ ਫ਼ੁਰਮਾਇਆ, "ਭਾਈ ਹਰਿਜਸ! ਤੇਰੀ ਸ਼ਰਧਾ ਅਪਾਰ ਹੈ। ਪਰ ਸਮੇਂ ਦੇ ਹਾਲਾਤ ਆਗਿਆ ਨਹੀਂ ਦੇਂਦੇ, ਕਿ ਅਸੀਂ ਸਾਹਿਬਜ਼ਾਦੇ ਦੀ ਜੰਞ ਲੈ ਕੇ ਲਾਹੌਰ ਆਈਏ। ਅਕਾਲ ਪੁਰਖ ਦੀ ਲੀਲ੍ਹਾ ਅਪਾਰ ਹੈ। ਸਾਨੂੰ ਸਾਰਿਆਂ ਨੂੰ ਉਸਦੀ ਰਜ਼ਾ ਵਿਚ ਚੱਲਣਾ ਚਾਹੀਦਾ ਹੈ। ਤੁਹਾਡੀ ਸ਼ਰਧਾ ਨੂੰ ਮੁੱਖ ਰੱਖ ਕੇ ਐਥੇ ਲਾਗੇ ਹੀ ਪਹਾੜੀਆਂ ਵਿਚ 'ਗੁਰੂ ਕਾ ਲਾਹੌਰ' ਵਸਾ ਦਿਤਾ ਜਾਵੇਗਾ। ਤੁਸਾਂ ਸਾਰੀ ਬਰਾਦਰੀ ਨੇ ਓਥੇ ਆ ਜਾਣਾ। ਵਿਆਹ ਓਥੇ ਹੋਊਗਾ। ਕਰਤਾਰ ਭਲੀ ਕਰੇਗਾ।"

'ਗੁਰੂ ਕਾ ਚੋਜ' ਸਮਝ ਕੇ ਸਿੱਖ ਨੇ ਸਿਰ ਝੁਕਾ ਦਿਤਾ। ਹੁਕਮ ਮੰਨਣ ਵਿਚ ਹੀ ਸਿੱਖ ਆਪਣੀ ਕਲਿਆਣ ਸਮਝਦਾ ਹੈ। ਪੰਦਰਾਂ ਜੇਠ ਦਾ ਸਾਹਾ ਪੱਕਾ ਹੋ ਗਿਆ। ਅਗਲੇ ਦਿਨ ਨਮਸਕਾਰ ਕਰਕੇ ਹਰਿਜਸ ਲਾਹੌਰ ਨੂੰ ਪਰਤ ਗਿਆ।

## ਮਹਾਰਾਜ ਲਾਹੌਰ ਕਿਉਂ ਨਾ ਗਏ

ਗੁਰੂ ਮਹਾਰਾਜ ਦੇ ਲਾਹੌਰ ਨਾ ਜਾਣ ਦੇ ਦੋ ਕਾਰਨ ਸਨ। ਗੁਰੂ ਮਹਾਰਾਜ ਕਈ ਸਾਲ ਪੰਜਾਬ ਤੋਂ ਬਾਹਰ ਪੂਰਬ ਵਿਚ ਰਹੇ ਸਨ ਓਧਰ ਔਰੰਗਜ਼ੇਬ ਦੇ ਜ਼ੁਲਮ ਦਿਨੋ ਦਿਨ ਵਧਦੇ ਜਾ ਰਹੇ ਸਨ। ਸਰਕਾਰ ਦੀ ਧੱਕੇ ਸ਼ਾਹੀ ਦੇ ਕਾਰਨ ਆਮ ਜਨਤਾ ਵਿਚ ਉਦਾਸੀ ਵਧਦੀ ਜਾ ਰਹੀ ਸੀ। ਜਿਸ ਵੀ ਉਭਰ ਰਹੀ ਕੌਮ ਜਾਂ ਜਥੇਬੰਦੀ ਦਾ ਆਗੂ ਕੇਂਦਰ ਤੋਂ ਬਾਹਰ ਰਹੇ, ਉਸ ਵਿਚ ਨਿਰਾਸਤਾ ਛਾ ਜਾਣੀ ਸੁਭਾਵਕ ਹੁੰਦੀ ਹੈ। ਇਸ ਵਾਸਤੇ ਮਹਾਰਾਜ ਅਨੰਦਪੁਰ ਛਡਕੇ ਬਾਹਰ ਨਹੀਂ ਸਨ ਜਾਣਾ ਚਾਹੁੰਦੇ। ਆਉਣ ਵਾਲੇ ਹਾਲਾਤ ਦਾ ਟਾਕਰਾ ਕਰਨ ਵਾਸਤੇ ਹਜ਼ੂਰ ਕੇਂਦਰ ਵਿਚ ਹੀ ਰਹਿਣਾ

ਚਾਹੁੰਦੇ ਸਨ । ਮਹਾਰਾਜ ਸਮਝਦੇ ਸਨ, ਕਿ ਇਸ ਵਧ ਰਹੇ ਜ਼ੁਲਮ ਦੇ ਟਾਕਰੇ ਵਾਸਤੇ ਹਜ਼ੂਰ ਨੂੰ ਆਪਣਾ ਆਪ ਪੇਸ਼ ਕਰਨਾ ਪਵੇਗਾ । ਗੁਰਦੇਵ ਸੰਗਤਾਂ ਵਿਚ ਇਸ ਗੱਲ ਦਾ ਪਰਚਾਰ ਕਰਨ ਲਗ ਪਏ ਸਨ, ਕਿ ਗਿਆਨਵਾਨ ਪੁਰਸ਼ਾਂ ਨੂੰ ਅਤਿਆਚਾਰੀਆਂ ਦਾ ਭੈ ਨਹੀਂ ਮੰਨਣਾ ਚਾਹੀਦਾ । ਧੱਕੇ ਸ਼ਾਹੀ ਸਰਕਾਰ ਵੱਲ ਇਹ ਸਿੱਧਾ ਇਸ਼ਾਰਾ ਸੀ । ਏਸੇ ਕਾਰਨ ਮਹਾਰਾਜ ਨੇ ਮਾਤਾ ਨਾਨਕੀ ਜੀ ਦਾ ਹੁਕਮ ਮੰਨ ਕੇ ਸਾਹਿਬਜ਼ਾਦੇ ਦਾ ਵਿਆਹ ਕਰਨਾ ਪਰਵਾਨ ਕਰ ਲਿਆ ਸੀ ।

ਲਾਹੌਰ ਨਾ ਜਾਣ ਦਾ ਦੂਸਰਾ ਖ਼ਾਸ ਕਾਰਨ ਸੀ ਕੁਛ ਆਪਣਿਆਂ ਦੀ ਈਰਖਾ । ਕਰਤਾਰਪੁਰ (ਦੁਆਬਾ ਜਲੰਧਰ) ਵਿਚ ਧੀਰ ਮੱਲ ਆਪਣੀ ਗੱਦੀ ਲਾਈ ਬੈਠਾ ਸੀ । ਉਸ ਕੋਲ ਗੁਰੂ ਗ੍ਰੰਥ ਸਾਹਿਬ ਦੀ ਅਸਲੀ ਬੀੜ ਹੋਣ ਕਰਕੇ ਤੇ ਕੁਝ ਮਸੰਦ ਉਹਦੇ ਨਾਲ ਹੋਣ ਕਰਕੇ ਕਾਫ਼ੀ ਲੋਕਾਂ ਵਿਚ ਉਸਦੀ ਮਾਨਤਾ ਵੀ ਸੀ । ਗੁਰਿਆਈ ਉਤੇ ਉਹ ਸਭ ਤੋਂ ਵਧੇਰੇ ਆਪਣਾ ਹੱਕ ਸਮਝਦਾ ਸੀ । ਤੇ ਗੁਰੂ ਮਹਾਰਾਜ ਦਾ ਉਹ ਸਭ ਤੋਂ ਵੱਡਾ ਵਿਰੋਧੀ ਸੀ ।

ਦੁਆਬੇ ਤੋਂ ਅੱਗੇ ਲੰਘ ਕੇ ਅੰਮ੍ਰਿਤਸਰ ਵਿਚ ਪ੍ਰਿਥੀਚੰਦ ਦਾ ਪੋਤਰਾ ਹਰਿਜੀ ਮੀਣਾ ਗੱਦੀ ਲਾਈ ਬੈਠਾ ਸੀ । ਅੰਮ੍ਰਿਤਸਰ ਦੇ ਪੁਜਾਰੀਆਂ ਦਾ ਉਸ ਨਾਲ ਮੇਲ ਸੀ । ਗੁਰਗੱਦੀ ਉਤੇ ਬਿਰਾਜਣ ਤੋਂ ਥੋੜੇ ਦਿਨ ਬਾਅਦ ਗੁਰੂ ਤੇਗ ਬਹਾਦਰ ਮਹਾਰਾਜ ਅੰਮ੍ਰਿਤਸਰ ਦਰਸ਼ਨਾਂ ਵਾਸਤੇ ਗਏ ਸਨ, ਤਾਂ ਪੁਜਾਰੀਆਂ ਨੇ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਲਏ ਸਨ । ਇਸ ਵੇਲੇ ਵੀ ਪੁਜਾਰੀ ਓਹਾ ਸਨ ।

ਲਾਹੌਰ ਜਾਣ ਵਾਸਤੇ ਇਹ ਦੋਵੇਂ ਥਾਂ ਰਾਹ ਵਿਚ ਪੈਂਦੇ ਸਨ । ਇਹ ਜ਼ਰੂਰੀ ਸੀ, ਕਿ ਗੁਰੂ ਮਹਾਰਾਜ ਦੀ ਸ਼ਾਨ ਵੇਖ ਕੇ ਧੀਰਮੱਲ, ਹਰਿਜੀ ਤੇ ਪੁਜਾਰੀਆਂ ਦੇ ਦਿਲਾਂ ਵਿਚ ਠੰਢੀ ਪੈ ਰਹੀ ਈਰਖਾ ਦੀ ਅੱਗ ਦੁਬਾਰਾ ਭੜਕ ਉਠੇ । ਇਹ ਮਹਾਰਾਜ ਨੂੰ ਪਸੰਦ ਨਹੀਂ ਸੀ । ਜਿਹੜੀ ਸ਼ਕਤੀ ਉਸ ਈਰਖਾ ਦਾ ਟਾਕਰਾ ਕਰਨ ਵਿਚ ਖ਼ਰਚ ਹੋ ਜਾਣੀ ਸੀ, ਮਹਾਰਾਜ ਓਹਾ ਸ਼ਕਤੀ ਉਸਾਰੂ ਕੰਮਾਂ ਵਿਚ ਲਾਉਣਾ ਚਾਹੁੰਦੇ ਸਨ । ਨੇੜ-ਭਵਿੱਖ ਵਿਚ ਮਹਾਰਾਜ ਦੇ ਸਾਮ੍ਹਣੇ ਇਕ ਮਹਾਨ ਕੰਮ ਸੀ, ਜ਼ੁਲਮ ਦੇ ਅੰਨ੍ਹੇਵਾਰ ਤੋਂ ਧਰਮ ਦੀ ਰੱਖਿਆ ਕਰਨਾ । ਇਸ ਵਾਸਤੇ ਮਹਾਰਾਜ ਲਾਹੌਰ ਜਾਣਾ ਨਾ ਮੰਨੇ ।

## ਗੁਰੂ ਕਾ ਲਾਹੌਰ

ਸਾਹਿਬਜ਼ਾਦਾ ਗੋਬਿੰਦ ਰਾਏ ਜੀ ਦੇ ਵਿਆਹ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ। ਅਨੰਦਪੁਰ ਤੋਂ ਸੱਤ ਕੁ ਮੀਲ ਦੂਰ ਇਕ ਝੱਟ ਟਪਾਊ ਸ਼ਹਿਰ ਵਸਾ ਦਿਤਾ ਗਿਆ। ਇਕ ਦੋ ਪੱਕੇ ਕਮਰਿਆਂ ਤੋਂ ਬਿਨਾਂ ਬਾਕੀ ਸਭ ਤੰਬੂਆਂ ਤੇ ਛੱਪਰਾਂ ਤੋਂ ਕੰਮ ਲਿਆ ਗਿਆ। ਜਿਵੇਂ ਅੱਜ ਕੱਲ੍ਹ ਵੀ ਖੁੱਲ੍ਹੇ ਮੈਦਾਨਾਂ ਵਿਚ ਮੇਲੇ ਜਾਂ ਨੁਮਾਇਸ਼ਾਂ ਲਾਉਣ ਵਾਸਤੇ ਕੀਤਾ ਜਾਂਦਾ ਹੈ। ਕਸ਼ਮੀਰ ਦੇ ਪਹਿਲਗਾਮ ਵਿਚ ਹਰ ਸਾਲ ਸੈਲਾਨੀਆਂ ਵਾਸਤੇ ਤੰਬੂਆਂ ਦਾ ਵੱਖਰਾ ਸ਼ਹਿਰ ਵੱਸ ਜਾਂਦਾ ਹੈ। ਏਸੇ ਤਰਾਂ ਕੁਛ ਦਿਨਾਂ ਵਾਸਤੇ 'ਗੁਰੂ ਕਾ ਲਾਹੌਰ' ਵਸਾਇਆ ਗਿਆ।

ਜਿੱਥੇ ਲੋਕਾਂ ਦਾ ਇਕੱਠ ਹੋਣ ਦੀ ਆਸ ਹੋਵੇ, ਦੁਕਾਨਦਾਰ ਆਪਣਾ ਮਾਲ ਵੇਚਣ ਵਾਸਤੇ ਆਪਣੇ ਆਪ ਓਥੇ ਪਹੁੰਚ ਜਾਂਦੇ ਹਨ। ਗੁਰੂ ਕੇ ਲਾਹੌਰ ਵਿਚ ਕੁਛ ਦਿਨ ਵੱਸਣ ਵਾਲਿਆਂ ਵਾਸਤੇ ਮਹਾਰਾਜ ਵੱਲੋਂ ਕਾਫ਼ੀ ਸਹੂਲਤਾਂ ਦੇਣ ਦਾ ਐਲਾਨ ਕੀਤਾ ਗਿਆ। ਇਹ ਵੀ ਪਰਚਾਰ ਦਾ ਇਕ ਢੰਗ ਸੀ। ਹਜ਼ੂਰ ਦਾ ਮਨੋਰਥ ਸਿੱਖੀ ਦਾ ਪਰਚਾਰ ਕਰਨਾ ਸੀ।

ਰੋਪੜ, ਸਰਹਿੰਦ, ਹੁਸ਼ਿਆਰਪੁਰ ਆਦਿ ਨੇੜੇ ਦੇ ਸ਼ਹਿਰਾਂ ਦੇ ਦੁਕਾਨਦਾਰਾਂ ਨੇ ਗੁਰੂ ਕੇ ਲਾਹੌਰ ਆ ਅੱਡੇ ਮੱਲੇ। ਦਿਨਾਂ ਵਿਚ ਹੀ ਤੰਬੂਆਂ ਦਾ ਸ਼ਹਿਰ ਵੱਸ ਗਿਆ, ਬਾਜ਼ਾਰ ਲੱਗ ਗਏ, ਰੌਣਕ ਹੋ ਗਈ। ਏਹੋ ਜੇਹੇ ਸਮਿਆਂ 'ਤੇ ਕਈ ਵਾਰ ਆਦਮੀ ਬਿਨਾਂ ਲੋੜ ਹੀ, ਨਸ਼ਾਨੀ ਲੈ ਜਾਣ ਦੀ ਇੱਛਿਆ ਨਾਲ ਕੁਛ ਚੀਜ਼ਾਂ ਖ਼ਰੀਦ ਲੈਂਦਾ ਹੈ। ਪੱਕਾ ਬਪਾਰੀ ਇਨਸਾਨ ਦੇ ਇਸ ਸੁਭਾਉ ਨੂੰ ਚੰਗੀ ਤਰ੍ਹਾਂ ਜਾਣਦਾ ਹੈ। ਸੰਗਤਾਂ ਨੂੰ ਬਜ਼ਾਰ ਵਿਚ ਚੱਕਰ ਲਾਉਂਦਿਆਂ ਵੇਖ ਕੇ ਦੁਕਾਨਦਾਰ ਹੋਕਾ ਦੇਂਦੇ, "ਭਾਈ ਸਾਹਿਬ ਜੀ! ਸਾਹਿਬਜ਼ਾਦੇ ਦੇ ਸ਼ੁਭ ਵਿਆਹ ਦੀ ਯਾਦ ਵਜੋਂ, ਘਰਾਂ ਵਿਚ ਰੱਖਣ ਵਾਸਤੇ ਸੁਗਾਤਾਂ, ਸਸਤੇ ਭਾਂ, ਲੱਗੇ ਮੁੱਲ।"

ਮੌਸਮ ਗਰਮੀ ਦਾ ਸੀ, ਤੇ ਲੰਗਰ ਗੁਰੂ ਕਾ ਅਟੁੱਟ। ਰੜੇ ਮੈਦਾਨ ਵੀ ਲੀੜਾ ਸੁੱਟ ਕੇ ਰਾਤ ਕੱਟੀ ਜਾ ਸਕਦੀ ਸੀ। ਸਾਹਿਬਜ਼ਾਦੇ ਦੇ ਵਿਆਹ ਨੂੰ ਇਕ ਖ਼ੁਸ਼ੀ ਦਾ ਤਿਉਹਾਰ ਸਮਝ ਕੇ ਬੇਅੰਤ ਸੰਗਤਾਂ ਆ ਗਈਆਂ। ਰੌਣਕ ਕਿਆਸੋਂ ਵੱਧ ਹੋ ਗਈ।

ਭਾਈ ਹਰਿਜਸ—ਸਮੇਤ ਬਰਾਦਰੀ– ਗੁਰੂ ਕੇ ਲਾਹੌਰ ਆ ਵੱਸਿਆ। ਉਹ ਚੰਗਾ ਪੁੱਜਦਾ ਆਦਮੀ ਸੀ। ਬਰਾਦਰੀ ਵਿਚ ਉਹਦਾ ਚੰਗਾ ਆਦਰ ਮਾਣ ਸੀ। ਉਹਨੇ ਵੀ ਆਪਣੇ ਵੱਲੋਂ ਵਿਆਹ ਦੀ ਪੁੱਜਦੀ ਤਿਆਰੀ ਕੀਤੀ।

## ਦਸਮੇਸ਼ ਜੀ ਦਾ ਪਹਿਲਾ ਵਿਆਹ

ਸਾਹਿਬਜ਼ਾਦੇ ਦੀ ਜੰਞ ਅਨੰਦਪੁਰ ਤੋਂ ਚੜ੍ਹੀ। ਹਾਥੀ, ਘੋੜੇ, ਰਥ, ਪਾਲਕੀਆਂ, ਸ਼ਾਹੀ ਠਾਠ। ਗੁਰੂ ਘਰ ਦੀ ਚੜ੍ਹਤ ਬਾਦਸ਼ਾਹਾਂ ਵਰਗੀ ਸੀ। ਸਿੱਖ ਮਹਾਰਾਜ ਨੂੰ 'ਸੱਚਾ ਪਾਤਸ਼ਾਹ' ਕਹਿੰਦੇ ਸਨ। ਸਾਹਿਬਜ਼ਾਦਾ ਗੋਬਿੰਦ ਰਾਏ[1] ਜੀ ਸੁੰਦਰ ਘੋੜੇ ਉਤੇ ਸਸ਼ੋਭਤ ਸਨ। ਭਾਵੇਂ ਹਜ਼ੂਰ ਦੀ ਉਮਰ ਉਸ ਸਮੇਂ ਸਾਢੇ ਛੇ ਸਾਲ ਦੀ ਸੀ, ਪਰ ਉਮਰ ਦੇ ਲਿਹਾਜ਼ ਨਾਲ ਆਪ ਚੰਗੇ ਘੋੜ-ਸਵਾਰ ਸਨ।

ਪੰਦਰਾਂ ਜੇਠ, ੧੭੩੦ ਬਿ.[2] ਨੂੰ ਅੰਮ੍ਰਿਤ ਵੇਲੇ ਮਹਾਰਾਜ ਦਾ ਵਿਆਹ ਉਸ ਸਮੇਂ ਦੀ ਪਰਚਲਤ ਸਿੱਖ ਰੀਤੀ ਅਨਸਾਰ ਹੋਇਆ। 'ਜੀਤੋ ਜੀ' ਗੁਰੂ ਗੋਬਿੰਦ ਸਿੰਘ ਜੀ ਦੇ ਪਹਿਲੇ ਮਹਿਲ ਬਣੇ।

ਭਾਈ ਹਰਿਜਸ ਤੇ ਲਾਹੌਰ ਦੀ ਸੰਗਤ ਨੇ ਜੰਞ ਦੀ ਬਹੁਤ ਸੇਵਾ ਕੀਤੀ। ਉਸ ਦਿਨ ਸਾਰੀ ਸੰਗਤ ਨੂੰ ਲੰਗਰ ਉਹਨਾਂ ਵੱਲੋਂ ਛਕਾਇਆ ਗਿਆ।

ਗੁਰੂ ਮਹਾਰਾਜ ਕਈ ਦਿਨ ਓਥੇ ਰਹੇ। ਦੋਵੇਂ ਵੇਲੇ ਦੀਵਾਨ ਸਜਦੇ ਤੇ ਸਿੱਖੀ ਦਾ ਪਰਚਾਰ ਹੁੰਦਾ।

ਜੰਞ ਵਾਪਸ ਅਨੰਦਪੁਰ ਆ ਗਈ। ਹਰਿਜਸ ਤੇ ਉਹਦੀ ਬਿਰਾਦਰੀ ਲਾਹੌਰ ਨੂੰ ਤੁਰ ਗਈ। ਸੰਗਤਾਂ ਚਲੀਆਂ ਗਈਆਂ, ਤਾਂ ਦੁਕਾਨਦਾਰ ਵੀ ਦੁਕਾਨਾਂ ਵਧਾ ਕੇ ਘਰਾਂ ਨੂੰ ਪਰਤ ਗਏ। ਪਿਛੇ 'ਗੁਰੂ ਕਾ ਲਾਹੌਰ' ਰਹਿ ਗਿਆ ਸਿਰਫ਼ ਇਕ ਦੋ ਮਕਾਨ, ਨਸ਼ਾਨੀ ਵਜੋਂ।

---

1. ਅੰਮ੍ਰਿਤ ਛਕਣ ਸਮੇਂ ਮਹਾਰਾਜ ਨੇ 'ਗੋਬਿੰਦ ਸਿੰਘ' ਨਾਮ ਧਾਰਨ ਕੀਤਾ। ਪਹਿਲਾ ਜਨਮ ਦਾ ਨਾਮ 'ਗੋਬਿੰਦ ਰਾਏ' ਸੀ।
2. ਗਿ. ਗਿਆਨ ਸਿੰਘ, ਤਵਾਰੀਖ਼ ਗੁਰੂ ਖਾਲਸਾ, ਪੰਨਾ ੬੯੨।

# ਨਿਆਸਰਿਆਂ ਦੀ ਬਾਂਹ ਫੜੀ
# ਔਰੰਗਜ਼ੇਬ ਦੀ ਨੀਤੀ

ਮੁਗਲ ਰਾਜ ਦੀ ਤਬਾਹੀ ਦਾ ਮੁੱਢ ਬੰਨ੍ਹਣ ਵਾਲਾ ਔਰੰਗਜ਼ੇਬ ਨੂੰ ਮੰਨਿਆਂ ਜਾਂਦਾ ਹੈ। 'ਮਹੀਯੁੱਦੀਨ ਔਰੰਗਜ਼ੇਬ ਆਲਮਗੀਰ' ਜੂਨ, ੧੬੫੮ ਈ. (੧੭੧੫ ਬਿ.) ਵਿਚ ਬਾਦਸ਼ਾਹ ਬਣਿਆਂ। ਕਿਲ੍ਹਾ ਆਗਰੇ 'ਤੇ ਕਬਜ਼ਾ ਕਰਦਿਆਂ ਹੀ ਉਹਨੇ ਆਪਣੇ ਪਿਤਾ 'ਸ਼ਾਹਿ ਜਹਾਨ' ਨੂੰ ਕੈਦ ਕਰ ਲਿਆ। ਆਪਣੇ ਭਰਾਵਾਂ ਤੇ ਕੁਛ ਭਤੀਜਿਆਂ ਨੂੰ ਵੀ ਉਹਨੇ ਸਹਿਜ ਸਹਿਜ ਕਤਲ ਕਰਵਾ ਦਿਤਾ। ਔਰੰਗਜ਼ੇਬ 'ਸੁੰਨੀ' ਮੁਸਲਮਾਨ ਸੀ, ਤੇ ਆਪਣੇ ਖ਼ਿਆਲਾਂ ਵਿਚ ਬੜਾ ਕੱਟੜ। ਉਹਦੇ ਦਿਲ ਵਿਚ ਦੂਸਰੇ ਖ਼ਿਆਲਾਂ ਦੇ ਮੁਸਲਮਾਨਾਂ ਵਾਸਤੇ ਵੀ ਕੋਈ ਰਹਿਮ ਨਹੀਂ ਸੀ। ਖ਼ਾਸ ਕਰ ਸੂਫ਼ੀ ਤੇ ਸ਼ੀਆ ਮੁਸਲਮਾਨ ਵੀ ਉਹਦੇ ਕਹਿਰ ਤੋਂ ਨਾ ਬਚ ਸਕੇ। 'ਸਰਮਦ' ਵਰਗੇ ਮੰਨੇ-ਪਰਮੰਨੇ ਸੂਫ਼ੀ ਫ਼ਕੀਰ ਨੂੰ ਉਹਨੇ ਕਤਲ ਕਰਵਾ ਦਿਤਾ। ਜਿਸ ਬੁਰੇ ਢੰਗ ਨਾਲ ਉਹਨੇ ਵੱਡੇ ਭਰਾ ਦਾਰਾ ਸ਼ਕੋਹ ਨੂੰ ਮਾਰਿਆ, ਉਹ ਹਰ ਪੱਖ ਤੋਂ ਨਿੰਦਣ ਯੋਗ ਹੈ। ਫਟੇ ਪੁਰਾਣੇ-ਮੰਗਤਿਆਂ ਵਰਗੇ- ਕੱਪੜੇ ਪਹਿਨਾ ਕੇ ਸਾਰੇ ਸ਼ਹਿਰ ਵਿਚ ਉਹਦਾ ਹਾਥੀ ਉਤੇ ਜਲੂਸ ਕਢਿਆ ਗਿਆ। ਏਥੇ ਹੀ ਬੱਸ ਨਹੀਂ, ਦਾਰਾ ਸ਼ਕੋਹ ਦਾ ਸਿਰ ਹੱਟੀ ਹੱਟੀ ਉਤੇ ਫੇਰ ਕੇ ਕੌਡੀਆਂ ਉਗਰਾਹੀਆਂ ਗਈਆਂ। ਅੰਤ ਈਦ ਦੇ ਪਵਿੱਤਰ ਦਿਨ ਉਤੇ ਦਾਰਾ ਸ਼ਕੋਹ ਦਾ ਸਿਰ ਤੁਹਫ਼ੇ ਵਜੋਂ ਪਿਤਾ ਨੂੰ ਪੇਸ਼ ਕੀਤਾ ਗਿਆ।

ਔਰੰਗਜ਼ੇਬ ਦੀਆਂ ਇਹਨਾਂ ਕਰਤੂਤਾਂ ਕਰਕੇ ਸਾਰੀ ਇਸਲਾਮੀ ਦੁਨੀਆਂ ਉਹਦੇ ਨਾਲ ਨਾਰਾਜ਼ ਹੋ ਗਈ। ਫ਼ਾਰਸ ਦਾ ਹੁਕਮਰਾਨ 'ਸ਼ਾਹ ਅੱਬਾਸ' ਹਿੰਦ ਉਤੇ ਹਮਲਾ

ਕਰਨ ਦੀਆਂ ਧਮਕੀਆਂ ਦੇਣ ਲੱਗਾ । ਮੁਸਲਮਾਨ ਮੁਲਕਾਂ ਦਾ ਵਿਰੋਧ ਖ਼ਤਮ ਕਰਨ ਵਾਸਤੇ ਔਰੰਗਜ਼ੇਬ ਨੇ ਕਾਅਬਾ ਸ਼ਰੀਫ਼ (ਮੱਕਾ) ਦੇ ਵੱਡੇ ਮੁਫ਼ਤੀ ਦਾ ਆਸਰਾ ਤਕਾਇਆ। ਔਰੰਗਜ਼ੇਬ ਨੇ ਲੱਖਾਂ ਰੁਪੈ ਨਜ਼ਰਾਨੇ ਵਜੋਂ ਤੇ ਬਹੁਮੁੱਲੇ ਤੁਹਫ਼ੇ ਦੇ ਕੇ ਆਪਣਾ ਸਫ਼ੀਰ ਮੱਕੇ ਭੇਜਿਆ । ਮਗਰ ਕਾਅਬਾ ਸ਼ਰੀਫ਼ ਦੇ ਵੱਡੇ ਮੁਫ਼ਤੀ ਨੇ ਸਫ਼ੀਰ ਦੇ ਮੱਥੇ ਲਗਣਾ ਵੀ ਠੀਕ ਨਾ ਸਮਝਿਆ ਤੇ ਨਾ ਹੀ ਔਰੰਗਜ਼ੇਬ ਦਾ ਭੇਜਿਆ ਨਜ਼ਰਾਨਾ ਤੇ ਤੁਹਫ਼ੇ ਪਰਵਾਨ ਕੀਤੇ ।

ਹੁਣ ਔਰੰਗਜ਼ੇਬ ਨੂੰ ਬੜਾ ਫ਼ਿਕਰ ਬਣਿਆਂ । ਬੜੀ ਲੰਮੀ ਸੋਚ ਵਿਚਾਰ ਪਿਛੋਂ ਉਹ ਇਸ ਸਿੱਟੇ 'ਤੇ ਪੁੱਜਾ । 'ਬੱਸ ਇਕੋ ਰਸਤਾ ਰਹਿ ਗਿਆ ਹੈ । ਮੈਨੂੰ ਸਿੱਧ ਕਰਨਾ ਪਵੇਗਾ, ਕਿ ਮੈਂ ਇਸਲਾਮ ਦਾ ਸਭ ਤੋਂ ਵੱਡਾ ਸੱਚਾ ਖ਼ਿਦਮਤਗਾਰ ਹਾਂ। ਦਾਰਾ ਸ਼ਕੋਹ ਨੂੰ ਮੈਂ ਇਸ ਵਾਸਤੇ ਕਤਲ ਕਰਵਾਇਆ ਹੈ, ਕਿ ਉਹ ਨੀਮ-ਕਾਫ਼ਰ ਤੇ ਇਸਲਾਮ ਦਾ ਦੁਸ਼ਮਣ ਸੀ । ਏਥੋਂ ਦੇ ਕਾਜ਼ੀਆਂ, ਮੌਲਵੀਆਂ ਨੂੰ ਵੱਡੀਆਂ ਵੱਡੀਆਂ ਤਨਖ਼ਾਹਾਂ ਤੇ ਨਜ਼ਰਾਨੇ ਦੇ ਕੇ ਨਾਲ ਗੰਢ ਲਵਾਂਗਾ। ਮੈਂ ਹਰ ਤਰ੍ਹਾਂ ਸਖ਼ਤੀ ਕਰਕੇ ਏਥੋਂ ਦੇ ਹਿੰਦੂਆਂ ਨੂੰ ਮੁਸਲਮਾਨ ਬਣਾਵਾਂਗਾ । ਇਸ ਕੰਮ ਦੇ ਕਿੰਨੇ ਫ਼ਾਇਦੇ ਹੋਣਗੇ । ਇਕੋ ਮਜ਼ਹਬ ਹੋ ਜਾਣ ਕਰਕੇ ਦੇਸ਼ ਦਾ ਇਤਿਹਾਦ ਮਜ਼ਬੂਤ ਹੋ ਜਾਵੇਗਾ । ਇਸਦਾ ਮਤਲਿਬ ਹੋਵੇਗਾ, ਕਿ ਮੇਰੀ ਹਕੂਮਤ ਮਜ਼ਬੂਤ ਹੋ ਜਾਵੇਗੀ। ਫਿਰ ਉੱਮਤ ਦੀ ਗਿਣਤੀ ਵਧਾਉਣ ਬਦਲੇ ਹਜ਼ਰਤ ਤੇ ਖ਼ੁਦਾ ਦੀ ਰਹਿਮਤ ਦਾ ਮੈਂ ਹੱਕਦਾਰ ਬਣ ਜਾਵਾਂਗਾ। ਇਸਲਾਮ ਦੀ ਏਡੀ ਵੱਡੀ ਖ਼ਿਦਮਤ ਕਰਨ ਬਦਲੇ ਸਾਰੀ ਇਸਲਾਮੀ ਦੁਨੀਆਂ ਮੇਰੇ ਹੱਕ ਵਿਚ ਤੇ ਅਹਿਸਾਨਮੰਦ ਹੋਵੇਗੀ । ਬੱਸ, ਏਹਾ ਰਸਤਾ ਠੀਕ ਹੈ ।'

ਔਰੰਗਜ਼ੇਬ ਦਾ ਚਰਿੱਤਰ ਦੋ ਮੁਖੀਆ ਹੈ । ਇਕ ਪਾਸੇ ਉਹ ਆਪਣੇ ਮਜ਼ਹਬ ਦਾ ਬੜਾ ਪੱਕਾ ਧਾਰਨੀ (Puritan) ਸੀ। ਉਹਦੇ ਜੀਵਨ ਦਾ ਇਕ ਇਕ ਪਲ ਇਸਲਾਮੀ ਸ਼ਰ੍ਹਾ ਮੁਤਾਬਕ ਗੁਜ਼ਰਦਾ ਸੀ। ਉਹ ਅੱਯਾਸ਼ ਨਹੀਂ ਸੀ, ਫ਼ਜ਼ੂਲ ਖ਼ਰਚ ਨਹੀਂ ਸੀ । ਸਰਕਾਰੀ ਖ਼ਜ਼ਾਨੇ ਵਿਚੋਂ ਉਹ ਆਪਣੀ ਜ਼ਾਤ ਵਾਸਤੇ ਘੱਟ ਤੋਂ ਘੱਟ ਖ਼ਰਚ ਕਰਦਾ ਸੀ। ਤੇ ਦੂਸਰੇ ਪਾਸੇ ਉਹ ਅੱਤ ਦਰਜੇ ਦਾ ਜ਼ਾਲਮ ਤੇ ਸ਼ੱਕੀ ਸੁਭਾਉ ਦਾ ਮਾਲਕ ਸੀ। ਆਪਣੇ ਸਕੇ ਭਰਾਵਾਂ ਤੇ ਮਾਸੂਮ ਭਤੀਜਿਆਂ ਦਾ ਖ਼ੂਨ ਡੁਹਲਦਿਆਂ ਉਹਦੇ ਦਿਲ ਵਿਚ ਰਹਿਮ ਨਹੀਂ ਸੀ ਉਪਜਿਆ। ਤੇ ਸ਼ੱਕੀ ਏਨਾ, ਕਿ ਆਪਣੇ ਪੁੱਤਰਾਂ ਉਤੇ ਵੀ ਉਹਨੂੰ ਇਤਬਾਰ ਨਹੀਂ ਸੀ।

ਮੁਗਲਰਾਜ ਦੀ ਤਬਾਹੀ ਦਾ ਮੁੱਢ ਬੰਨ੍ਹਣ ਵਾਲਾ ਉਹਨੂੰ ਇਸ ਵਾਸਤੇ ਕਹਿੰਦੇ ਹਨ, ਕਿ ਉਹਨੇ ਗ਼ਲਤ ਰਾਹ ਚੁਣ ਲਿਆ ਸੀ। ਰਾਜ ਦੀਆਂ ਹੱਦਾਂ ਵਧਾਉਣ ਦੇ ਲਾਲਚ ਪਿਛੇ ਉਹਨੇ ਦੂਰ ਦੱਖਣ ਦੀਆਂ ਰਿਆਸਤਾਂ ਨੂੰ ਫ਼ਤਿਹ ਕਰਨ ਦੀ ਮੁਹਿੰਮ ਸ਼ੁਰੂ ਕਰ ਦਿਤੀ। ਤੇ ਤਲਵਾਰ ਦੇ ਜ਼ੋਰ ਨਾਲ ਲੋਕਾਂ ਨੂੰ ਮੁਸਲਮਾਨ ਬਨਾਉਣ ਕਰਕੇ ਉਹਨੇ ਹਿੰਦੂਆਂ ਨੂੰ ਆਪਣਾ ਵੈਰੀ ਬਣਾ ਲਿਆ। ਅਕਬਰ ਨੇ ਆਪਣੀ ਮਿਲਵਰਤਣ ਵਾਲੀ ਨੀਤੀ ਦਾ ਸਦਕਾ ਹਿੰਦੂਆਂ ਵਿਚ ਜੋ ਸਤਕਾਰ ਬਣਾ ਲਿਆ ਸੀ, ਔਰੰਗਜ਼ੇਬ ਨੇ ਉਸ ਪਿਆਰ ਨੂੰ ਵੈਰ ਵਿਚ ਬਦਲ ਲਿਆ।

ਔਰੰਗਜ਼ੇਬ ਨੇ ਫ਼ੁਰਮਾਨ ਜਾਰੀ ਕੀਤਾ, ਕਿ ਪਿਛਲੇ ਦਸ-ਬਾਰਾਂ ਸਾਲਾਂ ਵਿਚ ਬਣਾਏ ਗਏ ਸਭ ਮੰਦਰ ਢਾਹ ਦਿਤੇ ਜਾਣ। ਪੁਰਾਣੇ ਮੰਦਰਾਂ ਦੀ ਮੁਰੰਮਤ ਨਹੀਂ ਕੀਤੀ ਜਾ ਸਕਦੀ। ਕਿਸੇ ਮੰਦਰ ਦੇ ਡਿਗ ਪੈਣ ਉਤੇ ਨਵਾਂ ਨਹੀਂ ਉਸਾਰਿਆ ਜਾ ਸਕਦਾ। ਹੋਲੀ, ਦੀਵਾਲੀ ਆਦਿ ਹਿੰਦੂਆਂ ਦੇ ਸਭ ਤਿਉਹਾਰ ਮਨਾਉਣ ਦੀ ਮਨਾਹੀ ਕਰ ਦਿਤੀ। ਅਕਬਰ ਦਾ ਮਾਫ਼ ਕੀਤਾ ਹੋਇਆ ਜਜ਼ੀਆ ਫੇਰ ਲਾ ਦਿਤਾ ਗਿਆ। ਜਜ਼ੀਆ ਉਸ ਟੈਕਸ ਨੂੰ ਕਹਿੰਦੇ ਸਨ, ਜੋ ਕਿਸੇ ਗੈਰ ਮੁਸਲਮਾਨ (ਹੰਦੂ ਆਦਿ) ਨੂੰ ਮੁਸਲਮਾਨੀ ਰਾਜ ਵਿਚ ਵੱਸਣ ਦੇ ਬਦਲੇ ਦੇਣਾ ਪੈਂਦਾ ਸੀ। ਹਿੰਦੂ ਤੀਰਥਾਂ ਉਤੇ ਜਾਣ ਵਾਲਿਆਂ ਨੂੰ ਯਾਤਰੀ ਟੈਕਸ ਲਾ ਦਿਤਾ। ਇਸ ਤੋਂ ਵਖਰੇ ਹੋਰ ਬਿਉਪਾਰੀ ਟੈਕਸ ਆਦਿ ਦਾ ਭਾਰ ਮੁਸਲਮਾਨਾਂ 'ਤੋਂ ਘਟਾ ਕੇ ਹਿੰਦੂਆਂ ਉਤੇ ਵਧਾ ਦਿਤਾ। ਨਸ਼ਾਨਾ ਇਹ ਸੀ, ਕਿ ਜੋ ਲੋਕ ਇਹਨਾਂ ਟੈਕਸਾਂ ਦਾ ਭਾਰ ਨਹੀਂ ਸਹਿ ਸਕਣਗੇ, ਉਹ ਮਜਬੂਰ ਹੋ ਕੇ ਆਪੇ ਮੁਸਲਮਾਨ ਹੋ ਜਾਣਗੇ। ਅਤੇ ਕੇਈ ਮਾਰੀਦੇ ਮੁਸਲਮਾਨ ਹੋ ਵੀ ਗਏ। ਫਿਰ ਇਹ ਟੈਕਸ ਵਸੂਲ ਕਰਨ ਲਗਿਆਂ ਹਿੰਦੂਆਂ ਨੂੰ ਬੜਾ ਬੇਇੱਜ਼ਤ ਕੀਤਾ ਜਾਂਦਾ ਸੀ।

ਹਿੰਦੂਆਂ ਦੇ ਮੰਦਰ ਢਾਹੁਣ ਦੀ ਨੀਤੀ ਉਤੇ ਵੀ ਬੜੀ ਸਖ਼ਤੀ ਨਾਲ ਅਮਲ ਕੀਤਾ ਗਿਆ। ਖ਼ਾਸ ਕਰ ਉੜੀਸਾ ਤੇ ਗੁਜਰਾਤ ਵਿਚ ਬਹੁਤ ਸਾਰੇ ਮੰਦਰ ਢਾਹੇ ਗਏ। ਗੁਜਰਾਤ ਦਾ ਪ੍ਰਸਿਧ ਮੰਦਰ ''ਚਿੰਤਾਮਨ'' ਢਾਹ ਕੇ ਉਸਦੀ ਥਾਂ ਮਸੀਤ ਬਣਾਈ ਗਈ। ਮਥਰਾ ਦਾ ਮਸ਼ਹੂਰ 'ਮੰਦਰ ਕੇਸ਼ਵ' ਬੀਰ ਸਿੰਘ ਬੁੰਦੇਲੇ ਨੇ ਤੇਤੀ ਲੱਖ ਦੀ ਭਾਰੀ ਰਕਮ ਖ਼ਰਚ ਕਰਕੇ ਬਣਾਇਆ ਸੀ। ਔਰੰਗਜ਼ੇਬ ਦੇ ਹੁਕਮ ਨਾਲ ਉਹ ਢਾਹ ਕੇ ਧਰਤੀ ਤੋਂ ਵੀ ਨੀਂਵਾਂ ਕਰ ਦਿਤਾ ਗਿਆ।

ਓਸੇ ਦੀਆਂ ਨੀਹਾਂ ਉਤੇ ਮਸਜਿਦ ਉਸਾਰੀ ਗਈ। ਬਨਾਰਸ ਦਾ 'ਗੋਪੀ ਨਾਥ ਮੰਦਰ', ਤੇ ਅਯੁਧਿਆ ਦਾ ਭਗਵਾਨ ਰਾਮ ਚੰਦਰ ਦੇ ਨਾਮ ਉਤੇ ਉਸਾਰਿਆ ਹੋਇਆ ਮੰਦਰ ਢਾਹ ਦਿਤੇ ਗਏ। ਇਹ ਤਾਂ ਗਿਣਤੀ ਦੇ ਨਾਮ ਹਨ। ਸਾਰੇ ਦੇਸ ਵਿਚ ਹਜ਼ਾਰਾਂ ਮੰਦਰ ਤਬਾਹ ਕੀਤੇ ਗਏ। ਮੰਦਰਾਂ ਵਿਚੋਂ ਉਖਾੜ ਕੇ ਲਿਆਂਦੇ ਗਏ ਬੁੱਤ, ਆਗਰੇ ਦੀ ਮਸਜਿਦ ਦੀਆਂ ਪੌੜੀਆਂ ਥੱਲੇ ਦੱਬੇ ਗਏ, ਤਾਂਕਿ ਮਸਜਿਦ ਵਿਚ ਜਾਂਦੇ ਆਉਂਦੇ ਨਮਾਜ਼ੀ ਉਹਨਾਂ ਬੁੱਤਾਂ (ਧਾਰਮਕ ਮੂਰਤੀਆਂ) ਨੂੰ ਪੈਰਾਂ ਥੱਲੇ ਲਤਾੜ ਕੇ ਉਹਨਾਂ ਦੀ ਬੇਅਦਬੀ ਕਰ ਸਕਣ।[1]

ਇਕਵਾਰ ਜਜ਼ੀਆ ਮਾਫ਼ ਕਰਾਉਣ ਵਾਸਤੇ ਹਜ਼ਾਰਾਂ ਹਿੰਦੂ ਦਿੱਲੀ ਇਕੱਠੇ ਹੋਏ। ਔਰੰਗਜ਼ੇਬ ਨੇ ਜੁਮੇ ਦੀ ਨਮਾਜ਼ ਪੜ੍ਹਨ ਵਾਸਤੇ ਜਾਮਾ ਮਸਜਿਦ ਵਿਚ ਜਾਣਾ ਸੀ। ਕਿਲ੍ਹੇ ਤੇ ਮਸਜਿਦ ਦੇ ਰਾਹ ਵਿਚ ਫ਼ਰਿਯਾਦੀ ਹਿੰਦੂ ਇੱਕਠੇ ਹੋਏ ਹੋਏ ਸਨ। ਫ਼ਰਯਾਦ ਸੁਣਨ ਦੀ ਥਾਂ ਔਰੰਗਜ਼ੇਬ ਨੇ ਹੁਕਮ ਦੇ ਕੇ ਉਹਨਾਂ ਹਿੰਦੂਆਂ ਉਤੇ ਮਸਤ ਹਾਥੀ ਛਡਵਾ ਦਿਤੇ। ਨਤੀਜੇ ਵਜੋਂ ਸੈਂਕੜੇ ਫ਼ਰਯਾਦੀ ਹਾਥੀਆਂ ਦੇ ਪੈਰਾਂ ਥੱਲੇ ਕੁਚਲ ਕੇ ਮਰ ਗਏ। ਫਿਰ ਕਿਸੇ ਵਿਚ ਹਿੰਮਤ ਨਾ ਰਹੀ, ਕਿ ਕੋਈ ਰਹਿਮ ਵਾਸਤੇ ਹੀ ਔਰੰਗਜ਼ੇਬ ਦੇ ਸਾਹਮਣੇ ਫ਼ਰਯਾਦ ਕਰ ਸਕੇ।

ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਨਾਉਣ ਦੀ ਮੁਹਿੰਮ ਨੂੰ ਔਰੰਗਜ਼ੇਬ ਨੇ ਵਧੇਰੇ ਤੇਜ਼ ਕਰ ਦਿਤਾ। ਕਾਜ਼ੀਆਂ ਮੁਲਾਣਿਆਂ ਨੂੰ ਖੁੱਲ੍ਹੇ ਅਖ਼ਤਿਆਰ ਦੇ ਦਿਤੇ। ਇਸਲਾਮੀ ਸ਼ਰ੍ਹਾ ਕਾਨੂੰਨ ਵਜੋਂ ਹਰ ਇਕ ਉਤੇ ਲਾਗੂ ਕਰ ਦਿਤੀ। ਕਾਜ਼ੀ ਦੀ ਜ਼ਰਾ ਜਿੰਨੀ ਸ਼ਕਾਇਤ ਉਤੇ ਪੋਲੀਸ ਫ਼ੌਰਨ ਅਮਲ ਕਰਦੀ। ਮੁਕਦੀ ਗੱਲ, ਔਰੰਗਜ਼ੇਬ ਦੇ ਰਾਜ ਵਿਚ ਹਿੰਦੂਆਂ ਵਾਸਤੇ ਜਿਉਣਾ ਮੁਹਾਲ ਹੋ ਗਿਆ। ਆਮ ਹਿੰਦੂ ਜਨਤਾ ਵਾਲ ਵਾਲ ਦੁਖੀ ਸੀ। ਪਰ ਉਹ ਕਰ ਕੁਛ ਨਹੀਂ ਸੀ ਸਕਦੀ। ਉਹ ਬੇਸਹਾਰਾ ਸੀ। ਉਹਨਾਂ ਦੀ ਕੋਈ ਵੀ ਜਥੇਬੰਦੀ ਨਹੀਂ ਸੀ ਤੇ ਨਾ ਹੀ ਉਸ ਵੇਲੇ ਕੋਈ ਕੌਮੀ ਲੀਡਰ।

ਔਰੰਗਜ਼ੇਬ ਨੇ ਸੋਚਿਆ, ਕਿ ਸਾਰੇ ਦੇਸ਼ ਵਿਚ ਕੋਈ ਵੀ ਮੇਰੀ ਇਸ ਨੀਤੀ ਦਾ

---

1. Aurangzeb, by Stanley Lane-Poole, P. 136.
2. ਖ਼ਾਫ਼ੀ ਖ਼ਾਂ।

ਵਿਰੋਧ ਕਰਨ ਦੀ ਹਿੰਮਤ ਕਰਨ ਜੋਗਾ ਨਹੀਂ, ਤਾਂ ਕਿਉਂ ਨਾ ਇਸ ਨੂੰ ਹੋਰ ਤੇਜ਼ ਕਰਕੇ ਛੇਤੀ ਨੇਪਰੇ ਚਾੜ੍ਹਿਆ ਜਾਵੇ। ਉਸਨੇ ਇਹ ਵੱਡਾ ਹਮਲਾ ਕਸ਼ਮੀਰ ਤੋਂ ਸ਼ੁਰੂ ਕੀਤਾ।

## ਕਸ਼ਮੀਰ 'ਤੇ ਵਧੇਰੇ ਸਖ਼ਤੀ ਕਿਉਂ ?

ਇਸਦੇ ਦੋ ਕਾਰਨ ਜਾਪਦੇ ਹਨ। ਇਕ ਤਾਂ ਕਸ਼ਮੀਰ ਦੀ ਹੱਦ ਲਹਿੰਦੇ ਪਾਸੇ ਇਸਲਾਮੀ ਮੁਲਕਾਂ ਨਾਲ ਲਗਦੀ ਸੀ। ਔਰੰਗਜ਼ੇਬ ਨੇ ਸੋਚਿਆ, ਕਿ ਇਕ ਪਾਸਿਉਂ ਸਾਰੀ ਵੱਸੋਂ ਨੂੰ ਮੁਸਲਮਾਨ ਬਨਾਉਣ ਨਾਲ, ਵਿਚ ਵਿਰੋਧ ਕਰਨ ਵਾਲਾ ਕੋਈ ਨਹੀਂ ਰਹੇਗਾ। ਨਾਲੇ ਇਸਲਾਮੀ ਮੁਲਕਾਂ ਦੀ ਹਮਾਇਤ ਵੀ ਹਾਸਲ ਹੋਵੇਗੀ। ਦੂਸਰਾ ਕਾਰਨ: ਕਸ਼ਮੀਰ ਵਿਚ ਵਿੱਦਵਾਨ ਪੰਡਤਾਂ ਦੀ ਗਿਣਤੀ ਵਧੇਰੇ ਸੀ। ਕਸ਼ਮੀਰ ਨੂੰ ਹਿੰਦੂ ਸੱਭਯਤਾ ਦਾ ਘਰ ਮੰਨਿਆਂ ਜਾਂਦਾ ਸੀ। ਜੇ ਇਹ ਵਿੱਦਵਾਨ ਤਬਕਾ ਮੁਸਲ-ਮਾਨ ਬਣਾ ਲਿਆ ਜਾਵੇ, ਤਾਂ ਇਹ ਇਸਲਾਮ ਦੇ ਵੱਡੇ ਪਰਚਾਰਕ ਸਿਧ ਹੋਣਗੇ। ਇਹ ਸੋਚਕੇ ਔਰੰਗਜ਼ੇਬ ਨੇ ਬੜੇ ਸਖ਼ਤ ਹੁਕਮ ਦੇ ਕੇ ਸ਼ੇਰ ਅਫ਼ਗਾਨ ਖ਼ਾਂ ਨੂੰ ਕਸ਼ਮੀਰ ਦਾ ਹਾਕਮ ਥਾਪ ਦਿਤਾ।

ਸ਼ੇਰ ਅਫ਼ਗਨ ਖ਼ਾਂ ਬੜਾ ਸਖ਼ਤ ਸੁਭਾਂ ਦਾ ਮਾਲਕ ਸੀ। ਉਸਨੇ ਕਸ਼ਮੀਰ ਵਿਚ ਬੜੇ ਅਕਹਿ ਤੇ ਅਸਹਿ ਜ਼ੁਲਮ ਸ਼ੁਰੂ ਕਰ ਦਿਤੇ।

ਇਕ ਮੋਟਾ ਜਿਹਾ ਸਿਧਾਂਤ ਯਾਦ ਰਖਣਾ ਚਾਹੀਦਾ ਹੈ। ਨਿਰਬਲ ਆਦਮੀ ਕਿਸੇ ਤਕੜੇ ਬੰਦੇ ਦੀ ਸ਼ਰਣ ਜਾ ਪਵੇ, ਤਾਂ ਮਾੜੇ ਦੀ ਰੱਖਿਆ ਕਰਨਾ ਧਰਮ ਸਮਝਿਆ ਜਾਂਦਾ ਹੈ। ਪਰ ਜੇ ਕੋਈ ਨਿਰਬਲ ਕੌਮ ਕਿਸੇ ਬਲਵਾਨ ਕੌਮ ਦੀ ਸ਼ਰਣ ਡਿਗ ਪਵੇ, ਤਾਂ ਕਮਜ਼ੋਰ ਕੌਮ ਨੂੰ ਖਾ ਜਾਣਾ (ਉਸਦਾ ਧਰਮ ਤੇ ਕੌਮੀ ਰਵਾਇਤਾਂ ਬਦਲ ਕੇ ਆਪਣੇ ਅੰਦਰ ਮਿਲਾ ਲੈਣਾ) ਹੀ ਨੇਕੀ ਮੰਨਿਆਂ ਜਾਂਦਾ ਹੈ। ਇਹ ਸੀ ਨੀਤੀ ਉਸ ਵੇਲੇ ਦੀ ਬਲਵਾਨ ਸਰਕਾਰ ਦੀ। ਉਹ ਕਮਜ਼ੋਰ ਹੋ ਚੁੱਕੀ ਹਿੰਦੂ ਜਾਤੀ ਨੂੰ ਸਮੂਲਚੋਂ ਖਾ ਜਾਣਾ ਚਾਹੁੰਦੀ ਸੀ।

## ਸ਼ੇਰ ਅਫ਼ਗਨ ਤੇ ਕਸ਼ਮੀਰ

ਸ਼ੇਰ ਅਫ਼ਗਨ ਖ਼ਾਂ ਦੇ ਜ਼ੁਲਮ ਦਾ ਕਸ਼ਮੀਰੀ ਪੰਡਤ ਟਾਕਰਾ ਨਾ ਕਰ ਸਕੇ। ਉਹ ਨਿਤਾਣੇ ਹੋ ਕੇ ਹਾਕਮ ਦੇ ਚਰਨੀਂ ਜਾ ਪਏ। ਉਹਨਾਂ ਬੇਹੌਸਲਾ ਹੋਏ

ਲੋਕਾਂ ਨੇ ਸ਼ੇਰ ਅਫ਼ਗਨ ਪਾਸੋਂ ਸਿਰਫ਼ ਛੇ ਮਹੀਨੇ ਦੀ ਮੁਹਲਤ ਮੰਗੀ। ਉਹਨਾਂ ਤਰਲਾ ਲੈ ਕੇ ਕਿਹਾ, "ਅੰਨ ਦਾਤਾ! ਸਿਰਫ਼ ਛੇ ਮਹੀਨੇ ਮੁਹਲਤ ਦੇ ਦਿਹੋ। ਅਸੀਂ ਆਪਣੇ ਧਾਰਮਕ ਦੇਵੀ ਦਿਉਤਿਆਂ ਨੂੰ ਅਜ਼ਮਾ ਲਈਏ। ਸਾਡੀ ਪ੍ਰਾਰਥਨਾ ਸੁਣ ਕੇ ਕੋਈ ਵੀ ਸਹਾਇਤਾ ਵਾਸਤੇ ਨਾ ਬਹੁੜਿਆ, ਤਾਂ ਅਸੀਂ ਸਾਰੇ ਖ਼ੁਸ਼ੀ ਨਾਲ ਮੁਸਲਮਾਨ ਹੋ ਜਾਵਾਂਗੇ। ਅਸੀਂ ਮੁਸਲਮਾਨ ਹੋ ਗਏ, ਤਾਂ ਸਮਝੋ, ਸਾਰਾ ਭਾਰਤ ਹੀ ਮੁਸਲਮਾਨ ਹੋ ਜਾਵੇਗਾ। ਉਸ ਤਰ੍ਹਾਂ ਸਾਡੇ ਰਹਿਮ ਦਿਲ ਤੇ ਨਿਆਂਕਾਰੀ ਬਾਦਸ਼ਾਹ ਨੂੰ ਖ਼ਿਲਾਂ ਕਾਰਨ ਲਹੂ ਵਿਚ ਹੱਥ ਨਹੀਂ ਰੰਗਣੇ ਪੈਣਗੇ।"

ਸ਼ੇਰ ਅਫ਼ਗਨ ਨੂੰ ਇਹ ਸੌਦਾ ਲਾਹੇਵੰਦਾ ਜਾਪਿਆ। ਉਹਨੇ ਛੇ ਮਹੀਨੇ ਦੀ ਮੁਹਲਤ ਦੇ ਦਿਤੀ। ਨਾਲ ਹੀ ਉਸਨੇ ਤਾੜਨਾ ਕਰਦਿਆਂ ਕਿਹਾ, "ਯਾਦ ਰਖੋ, ਛੇ ਮਹੀਨੇ ਗੁਜ਼ਰ ਜਾਣ ਪਿਛੋਂ ਇਕ ਦਿਨ ਵੀ ਉਡੀਕ ਨਹੀਂ ਕੀਤੀ ਜਾਵੇਗੀ। ਫਿਰ ਇਸਲਾਮ ਜਾਂ ਮੌਤ। ਸਮਝ ਗਏ? ਜਾਉ, ਸਰਕਾਰ ਤੁਹਾਨੂੰ ਹੋਰ ਛੇ ਮਹੀਨੇ ਕੁਫ਼ਰ ਵਿਚ ਜ਼ਿੰਦਗੀ ਗੁਜ਼ਾਰਨ ਦੀ ਇਜਾਜ਼ਤ ਦੇਂਦੀ ਹੈ।"

ਇਕਰਾਰ ਕਰ ਲੈਣ ਪਿਛੋਂ ਇਕ ਨਵੀਂ ਜ਼ਿੰਮੇਵਾਰੀ, ਨਵੀਂ ਮੁਸੀਬਤ ਸਾਮ੍ਹਣੇ ਆ ਜਾਂਦੀ ਹੈ। ਕਸ਼ਮੀਰੀ ਪੰਡਤ ਵੀ ਓਸੇ ਮੁਸ਼ਕਲ ਵਿਚ ਫਸ ਗਏ। ਉਹ ਲੱਗ ਮੰਦਰਾਂ ਵਿਚ ਅਰਦਾਸਾਂ ਕਰਨ। ਸਮਾਂ ਛੇਖਾ ਬੀਤ ਗਿਆ, ਪਰ ਹਾਸਲ ਕੁਛ ਨਾ ਹੋਇਆ। ਪੰਡਤ ਬਿਲਕੁਲ ਨਿਰਾਸ ਹੋ ਗਏ।

## ਗੁਰੂ ਕੇ ਵਿਰੋਧੀਆਂ ਦੀ ਚਾਲ

ਕੁਛ 'ਸਿਆਣਿਆਂ' ਨੂੰ ਇਕ ਨਵੀਂ ਤਜਵੀਜ਼ ਸੁੱਝੀ। ਉਸ ਤਜਵੀਜ਼ ਵਿਚ ਵਧੇਰੇ ਹੱਥ, ਗੁਰੂ ਤੇਗ ਬਹਾਦਰ ਸਾਹਿਬ ਦੇ ਵਿਰੋਧੀ ਸ਼ਰੀਕ ਸੰਢੀਆਂ (ਧੀਰਮੱਲੀਆਂ ਤੇ ਰਾਮ ਰਾਈਆਂ) ਦਾ ਸੀ। ਉਹਨਾਂ ਦਿਲ ਹਾਰ ਚੁੱਕੇ ਪੰਡਤਾਂ ਨੂੰ ਕਿਹਾ, "ਭੁੱਲੇ ਲੋਕੋ! ਤੁਸੀਂ ਐਵੇਂ ਹੋ-ਬੀਤੇ ਦੇਵੀ ਦੇਵਤਿਆਂ ਨੂੰ ਪੂਜ ਰਹੇ ਹੋ। ਕਲਿਜੁਗ ਦੇ ਜ਼ਾਹਰਾ ਅਵਤਾਰ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਮਾਲਕ ਗੁਰੂ ਤੇਗ ਬਹਾਦਰ ਸਾਹਿਬ ਅਨੰਦਪੁਰ ਵਿਚ ਮੌਜੂਦ ਹਨ। ਉਹ ਆਪਣੇ ਆਪ ਨੂੰ 'ਸੱਚਾ ਪਾਤਸ਼ਾਹ' ਅਖਵਾਉਂਦੇ ਹਨ। ਤੁਸੀਂ ਉਹਨਾਂ ਦੀ ਸ਼ਰਣ ਕਿਉਂ ਨਹੀਂ ਜਾਂਦੇ। ਉਹ ਸਰਬ-ਸ਼ਕਤੀਮਾਨ ਹਨ। ਤੁਹਾਡਾ ਸੰਕਟ ਓਹਾ ਹਰਨਗੇ।"

ਵਿਰੋਧੀਆਂ ਦੀ ਇਹ ਚਾਲ ਬੜੀ ਡੂੰਘੀ ਸੀ। ਉਹਨਾਂ ਸੋਚਿਆ, 'ਜੇ ਗੁਰੂ

ਤੇਗ ਬਹਾਦਰ, ਇਹਨਾਂ ਨਿਆਸਰੇ ਪੰਡਤਾਂ ਦੀ ਬਾਂਹ ਫੜਨਗੇ, ਤਾਂ ਔਰੰਗਜ਼ੇਬ ਦੇ ਗੁੱਸੇ ਦਾ ਸ਼ਕਾਰ ਬਣਨਗੇ, ਤੇ ਜੇ ਇਨਕਾਰ ਕਰਨਗੇ, ਤਾਂ ਸੰਗਤਾਂ ਵਿਚ ਬਦਨਾਮ ਹੋਣਗੇ। ਸਾਨੂੰ ਇਹ ਕਹਿਣ ਦਾ ਮੌਕਿਆ ਮਿਲ ਜਾਵੇਗਾ, ਕਿ ਇਹ ਅਸਲੀ ਗੁਰੂ ਨਹੀਂ, ਕਿਉਂਕਿ ਇਹਨਾਂ ਗੁਰੂ ਨਾਨਕ ਦੀ ਮਰਯਾਦਾ ਉਲਟਾ ਦਿਤੀ ਹੈ। ਇਹਨਾਂ ਸ਼ਰਣ ਆਏ ਦੁਖੀਆਂ ਦੀ ਮਦਦ ਨਹੀਂ ਕੀਤੀ। ਇਹ ਔਖਾ ਮਸਲਾ ਨਜਿੱਠਣ ਵਿਚ ਗੁਰੂ ਵਾਸਤੇ ਦੋਵੇਂ ਰਾਹ ਕਠਨ ਹੋ ਜਾਣਗੇ।'

## ਕਸ਼ਮੀਰ ਦੇ ਪੰਡਤ ਗੁਰੂ ਜੀ ਦੀ ਸ਼ਰਣ

ਦਿਲ ਹਾਰ ਚੁੱਕੇ ਪੰਡਤਾਂ ਦੇ ਇਹ ਗੱਲ ਦਿਲ ਲੱਗੀ। ਉਹਨਾਂ ਨੂੰ ਉਸ ਵੇਲੇ ਦੁਖੀਆਂ ਦੀ ਬਾਂਹ ਫੜਨ ਵਾਲਾ ਚਾਹੀਦਾ ਸੀ, ਭਾਵੇਂ ਕੋਈ ਹੋਵੇ। ਵਧੇਰੇ ਪੰਡਤਾਂ ਦੇ ਦਿਲ ਵਿਚ ਗੁਰੂ ਮਹਾਰਾਜ ਵਾਸਤੇ ਸੱਚੀ ਸ਼ਰਧਾ ਨਹੀਂ ਸੀ। ਕਿਉਂਕਿ ਸਿੱਖੀ ਦੇ ਪਰਚਾਰ ਨਾਲ, ਧਰਮ ਉਤੇ ਇਕ ਮਾਤਰ ਪੰਡਤ ਦਾ ਅਧਿਕਾਰ ਖ਼ਤਮ ਹੁੰਦਾ ਸੀ। ਇਸ ਲਈ ਬਹੁਤੇ ਪੰਡਤ ਅੰਦਰੋਂ ਗੁਰੂ ਘਰ ਦੇ ਵਿਰੁੱਧ ਸਨ। ਪਰ ਏਥੇ ਤਾਂ ਹੋਰ ਰਸਤਾ ਹੀ ਕੋਈ ਨਹੀਂ ਸੀ ਰਿਹਾ। ਸੋ, ਕਸ਼ਮੀਰ ਦੇ ਚੋਣਵੇਂ ਵਿੱਦਵਾਨ ਪੰਡਤ ਗੁਰਦੇਵ ਦੀ ਸ਼ਰਣ ਆ ਢੱਠੇ। ਉਹਨਾਂ ਨਾਲ ਭਾਰਤ ਦੇ ਹੋਰ ਹਿੱਸਿਆਂ ਦੇ ਵੀ ਬਹੁਤ ਸਾਰੇ ਨੁਮਾਇੰਦੇ ਸਨ।

ਗੁਰੂ ਤੇਗ਼ ਬਹਾਦਰ ਸਾਹਿਬ ਗੁਰੂ ਨਾਨਕ ਦੇਵ ਜੀ ਦੇ ਸੱਚੇ ਉਤਰ-ਅਧਿਕਾਰੀ ਸਨ। ਨੌਵੇਂ ਗੁਰੂ ਜੀ ਦੇ ਦਿਲ ਵਿਚ ਗ਼ਰੀਬਾਂ ਦਾ ਅਥਾਹ ਦਰਦ ਸੀ। ਹਜ਼ੂਰ ਧਰਮ ਦਾ ਅਰਥ ਹੀ 'ਮਾੜੇ ਦੀ ਮਦਦ' ਕਰਨਾ ਸਮਝਦੇ ਸਨ। ਮਹਾਰਾਜ ਇਹ ਵੀ ਜਾਣਦੇ ਸਨ, ਕਿ ਇਸ ਵਧ ਰਹੇ ਜ਼ੁਲਮ ਦਾ ਟਾਕਰਾ ਕਿਸੇ ਦਿਨ ਗੁਰੂ ਨਾਨਕ ਦੀ ਸਿੱਖੀ ਨੂੰ ਕਰਨਾ ਹੀ ਪਵੇਗਾ। ਏਸੇ ਵਾਸਤੇ ਉਹ ਆਪਣੇ ਉਤਰ-ਅਧਿਕਾਰੀ (ਸਾਹਿਬਜ਼ਾਦਾ ਗੋਬਿੰਦ ਸਿੰਘ ਜੀ) ਨੂੰ ਇਸ ਅਤਿਆਚਾਰ ਦਾ ਟਾਕਰਾ ਕਰਨ ਵਾਸਤੇ ਤਿਆਰ ਕਰ ਰਹੇ ਸਨ। ਨਾਲ ਹੀ ਉਹਆਮ ਜਨਤਾ ਨੂੰ ਨਿਰਭੈ ਹੋਣ ਦਾ ਉਪਦੇਸ਼ ਦਿਆ ਕਰਦੇ ਸਨ। ਆਪ ਸਿਧਾਂਤ ਵਜੋਂ ਫ਼ੁਰਮਾਇਆ ਕਰਦੇ।

"ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨਿ।
ਕਹੁ ਨਾਨਕ ਸੁਨ ਰੇ ਮਨਾ, ਗਿਆਨੀ ਤਾਹਿ ਬਖਾਨਿ। ੧੬"

(ਸਲੋਕ ਮਹਲਾ ੯, ਪੰਨਾ, ੧੪੨੭)

'ਬੱਸ, ਨਾ ਕਿਸੇ ਤੋਂ ਡਰੋ, ਨਾ ਕਿਸੇ ਨੂੰ ਡਰਾਵੋ। ਹਰ ਇਕ ਨੂੰ ਆਪਣੇ ਬਰਾਬਰ ਸਮਝੋ, ਤੇ ਆਪ ਹਰ ਇਕ ਦੇ ਬਰਾਬਰ ਹੋ ਕੇ ਰਹਿਣ ਦੀ ਜਾਚ ਸਿੱਖੋ।'

ਦੁਖੀ ਪੰਡਤਾਂ ਦੀ ਪ੍ਰਾਰਥਨਾ ਸੁਣ ਕੇ ਗੁਰੂ ਤੇਗ ਬਹਾਦਰ ਸਾਹਿਬ ਸੋਚਣ ਲੱਗੇ, 'ਜ਼ਿੰਦਗੀ ਦੇ ਸਿਧਾਂਤ ਉੱਤੇ ਅਮਲ ਕਰਨ ਦਾ ਸਮਾਂ ਆ ਗਿਆ ਹੈ। ਅਕਾਲ ਪੁਰਖ ਇਸ ਅਮਲ ਵਿਚ ਪੂਰੇ ਉਤਰਨ ਦਾ ਬਲ ਬਖ਼ਸ਼ੇ।'

ਇਹ ਗੱਲ ਤਾਂ ਨਿਸਚਿਤ ਸੀ, ਕਿ ਦਰ ਆਇਆਂ ਦੀ ਬਾਂਹ ਹਰ ਹਾਲ ਫੜਨੀ ਹੈ। ਕੋਈ ਧੱਕੇ ਨਾਲ ਕਿਸੇ ਮਾੜੇ ਦਾ ਧਰਮ ਖੋਹਵੇ, ਇਹ ਧਰਮ ਦੇ ਨਾਮ ਉੱਤੇ ਸਭ ਤੋਂ ਵੱਡਾ ਅਧਰਮ ਹੈ। ਇਸ ਬੇਇਨਸਾਫ਼ੀ ਨੂੰ ਦੂਰ ਕਰਨ ਵਾਸਤੇ ਗੁਰੂ ਮਹਾਰਾਜ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਵਾਸਤੇ ਤਿਆਰ ਸਨ। ਆਪ ਸਰਕਾਰ ਦੀ ਨੀਤੀ ਤੇ ਔਰੰਗਜ਼ੇਬ ਦੇ ਸੁਭਾਉ ਤੋਂ ਵੀ ਪੂਰੀ ਤਰ੍ਹਾਂ ਜਾਣੂ ਸਨ। ਇਹਨਾਂ ਸਤਾਇਆਂ ਹੋਇਆਂ ਦੀ ਸਹਾਇਤਾ ਦੀ ਹਾਮੀ ਭਰਨ ਦਾ ਕੀ ਸਿੱਟਾ ਨਿਕਲੇਗਾ, ਇਸ ਬਾਰੇ ਕੋਈ ਭੁਲੇਖਾ ਨਹੀਂ ਸੀ। ਤੇ ਇਸ ਜ਼ੁਲਮ ਨੂੰ ਦੂਰ ਕਰਨ ਵਾਸਤੇ ਮਹਾਰਾਜ ਹਰ ਕਿਸਮ ਦੇ ਦੁੱਖ ਸਹਿਣ ਨੂੰ ਤਿਆਰ ਸਨ। ਪਰ ਮਹਾਰਾਜ ਦੇ ਸਾਮ੍ਹਣੇ ਕੁਛ ਹੋਰ ਸੋਚਾਂ ਵੀ ਸਨ। ਸਮੇਂ ਦੇ ਹਾਲਾਤ ਬੜੇ ਨਾਜ਼ਕ ਸਨ। ਗੱਦੀ ਦੇ ਉਤਰ-ਅਧਿਕਾਰੀ (ਸਾਹਿਬਜ਼ਾਦਾ ਗੋਬਿੰਦ ਸਿੰਘ ਜੀ) ਸੰਸਾਰਕ ਤੌਰ 'ਤੇ ਅਜੇ ਉਮਰੋਂ ਬਹੁਤ ਛੋਟੇ ਸਨ, ਅੱਠ ਸਾਲ ਦੇ। ਸਾਹਿਬਜ਼ਾਦੇ ਦੇ ਸਿਰ, ਅਵਸਥਾ ਦੇ ਲਿਹਾਜ਼ ਨਾਲ, ਬਹੁਤ ਵੱਡੀ ਜ਼ਿੰਮੇਵਾਰੀ ਪੈ ਜਾਣੀ ਸੀ। ਗੁਰਦੇਵ ਅਜੇਹੀਆਂ ਸੋਚਾਂ ਵਿਚ ਲੀਨ ਬੈਠੇ ਸਨ, ਜਾਂ ਬਾਹਰੋਂ ਸਾਹਿਬਜ਼ਾਦਾ ਗੋਬਿੰਦ ਸਿੰਘ ਜੀ ਵੀ ਆ ਗਏ।

## ਸਾਹਿਬਜ਼ਾਦੇ ਦੀ ਰਾਏ

ਸਾਹਿਬਜ਼ਾਦਾ ਗੋਬਿੰਦ ਸਿੰਘ ਜੀ ਨੇ ਸਾਰੀ ਸੰਗਤ ਵੱਲ ਬੜੇ ਧਿਆਨ ਨਾਲ ਤਕਿਆ। ਸਾਰੇ ਹੀ ਵਿਚਾਰਵਾਨ ਕਿਸੇ ਡੂੰਘੀ ਸੋਚ ਵਿਚ ਡੁੱਬੇ ਵੇਖੇ। ਕੁਛ ਨਵੇਂ ਚਿਹਰੇ (ਪੰਡਤਾਂ ਦੇ) ਵੀ ਨਜ਼ਰੀਂ ਪਏ, ਜੋ ਬਹੁਤ ਉਦਾਸ ਸਨ। ਹਜ਼ੂਰ ਨੇ ਗੁਰਦੇਵ ਪਿਤਾ ਵੱਲ ਤਕਿਆ। ਮਹਾਰਾਜ ਵੀ ਕਿਸੇ ਡੂੰਘੀ ਸੋਚ ਵਿਚ ਲੀਨ ਬੈਠੇ ਸਨ। ਦਸਵੇਂ ਪਾਤਸ਼ਾਹ ਰਵਾਂ-ਰਵੀਂ ਅੱਗੇ ਵਧ ਕੇ ਪਿਤਾ ਦੀ ਗੋਦ ਵਿਚ ਜਾ ਬੈਠੇ। ਲਾਡ ਨਾਲ ਪਿਤਾ ਦੇ ਗਲ ਵਿਚ ਬਾਂਹੀਂ ਪਾ ਕੇ ਸਾਹਿਬ ਬੋਲੇ, "ਗੁਰਦੇਵ ਪਿਤਾ ਜੀ ! ਸੰਗਤਾਂ

'ਤੇ ਇਹ ਉਦਾਸੀ, ਕੁਛ ਦੁਖੀਆਂ ਦੀਆਂ ਅੱਖਾਂ ਵਿਚ ਹੰਝੂ, ਤੇ ਫਿਰ ਹਜ਼ੂਰ ਦੀ ਇਹ ਸੋਚ-ਮਗਨ ਅਵਸਥਾ। ਇਹ ਸਭ ਕੁਛ ਮੈਂ ਕੀ ਵੇਖ ਰਿਹਾ ਹਾਂ।''

ਗੁਰੂ ਗੋਬਿੰਦ ਸਿੰਘ ਜੀ ਉਮਰ ਦੇ ਲਿਹਾਜ਼ ਨਾਲ ਵਧੇਰੇ ਵਿਚਾਰਵਾਨ ਤੇ ਗੰਭੀਰ ਮਸਲਿਆਂ ਉਤੇ ਬੜੀ ਸੂਝ ਭਰੀ ਰਾਇ ਦੇਣ ਦੇ ਯੋਗ ਸਨ। ਗੁਰੂ ਤੇਗ ਬਹਾਦਰ ਜੀ ਨੂੰ ਸਾਹਿਬਜ਼ਾਦੇ ਦੀ ਸੋਚ ਸਮਝ ਉਤੇ ਪੂਰਾ ਵਿਸ਼ਵਾਸ ਸੀ। ਸੋ ਗੁਰੂ ਮਹਾਰਾਜ ਨੇ ਸਾਰੀ ਗੱਲ ਵਿਸਥਾਰ ਨਾਲ ਕਹਿਣੀ ਠੀਕ ਸਮਝੀ। ਹਜ਼ੂਰ ਦਾ ਇਹ ਮੰਤਵ ਸੀ, ਕਿ ਸਾਰੀ ਸੰਗਤ ਉਹਨਾਂ ਦੇ ਵਿਚਾਰ ਸੁਣ ਲਵੇ। ਮਹਾਰਾਜ ਨੇ ਕਹਿਣਾ ਸ਼ੁਰੂ ਕੀਤਾ ''ਲਾਲ ਜੀ! ਹਾਲਾਤ ਬੜੇ ਨਾਜ਼ਕ ਹੋ ਗਏ ਹਨ। ਹਾਕਮ ਨੂੰ ਪਰਜਾ ਪਾਲਕ ਤੇ ਨਿਆਈਂ ਹੋਣਾ ਚਾਹੀਦਾ ਹੈ। ਪਰ ਸਮੇਂ ਦਾ ਹਾਕਮ ਔਰੰਗਜ਼ੇਬ ਬੇਇਨਸਾਫ਼ ਤੇ ਅੱਤ ਦਰਜੇ ਦਾ ਜ਼ਾਲਮ ਹੋ ਗਿਆ ਹੈ। ਉਸ ਦੇ ਰਵਈਏ ਨਾਲ ਮੁਸਲਮਾਨ ਹੰਕਾਰੀ ਤੇ ਹਿੰਦੂ ਭੈਭੀਤ, ਬੇ-ਹੌਸਲਾ ਹੋ ਗਏ ਹਨ। ਬਾਬੇ ਨਾਨਕ ਦੇ ਮੱਤ ਅਨੁਸਾਰ ਦੋਵੇਂ ਹੀ ਇਨਸਾਨੀਅਤ ਤੋਂ ਦੂਰ ਚਲੇ ਗਏ ਹਨ। ਸਾਡੇ ਵਿਚਾਰਾਂ ਮੁਤਾਬਕ ਇਨਸਾਨ ਗਿਆਨਵਾਨ ਹੋਣਾ ਚਾਹੀਦਾ ਹੈ। ਏਸੇ ਵਾਸਤੇ ਅਸੀਂ ਨਿਤ ਪਰਚਾਰ ਕਰਦੇ ਹਾਂ, ਕਿ :

''ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨਿ।
ਕਹੁ ਨਾਨਕ ਸੁਨ ਰੇ ਮਨਾ, ਗਿਆਨੀ ਤਾਹਿ ਬਖਾਨਿ।''

''ਗਿਆਨਵਾਨ ਇਨਸਾਨ ਉਹ ਹੈ, ਜੋ ਨਾ ਕਿਸੇ ਨੂੰ ਭੈ ਦੇਵੇ, ਨਾ ਕਿਸੇ ਦਾ ਭੈ ਮੰਨੇ। ਪਰ ਅੱਜ ਸਾਰੇ ਹੀ ਆਪਣੇ ਪੈਂਤੜਿਆਂ ਤੋਂ ਖਿੜਕੇ ਹੋਏ ਜਾਪਦੇ ਹਨ। ਇਕ ਧਿਰ ਆਪਣੇ ਪਸ਼ੂ-ਬਲ ਦੇ ਜ਼ੋਰ ਸਭ ਨੂੰ ਡਰਾ ਰਹੀ ਹੈ। ਤੇ ਦੂਸਰੀ ਧਿਰ ਭੈਭੀਤ ਹੋ ਕੇ ਹੌਸਲਾ ਹਾਰ ਬੈਠੀ ਹੈ। ਬਾਦਸ਼ਾਹ ਧੱਕੇ ਨਾਲ ਕਮਜ਼ੋਰਾਂ ਦਾ ਧਰਮ ਖੋਹ ਰਿਹਾ ਹੈ। ਅਸੀਂ ਕਿਸੇ ਵੀ ਧਰਮ ਨੂੰ ਬੁਰਾ ਨਹੀਂ ਕਹਿੰਦੇ। ਸਾਡੇ ਗੁਰਦੇਵ ਨਾਨਕ ਜੀ ਨੇ ਕਿਸੇ ਵੀ ਧਰਮ ਨੂੰ ਨਿੰਦਿਆ ਨਹੀਂ। ਸਿੱਖੀ ਤਾਂ ਨੇਕ ਅਮਲਾਂ ਰਾਹੀਂ ਕਲਿਆਣ ਮੰਨਦੀ ਹੈ। ਨਾਲੇ ਧਰਮ ਹਰ ਇਕ ਦਾ ਨਿੱਜੀ ਹੁੰਦਾ ਹੈ। ਚੰਗੇ ਰਾਜ ਵਿਚ ਹਰ ਬੰਦੇ ਵਾਸਤੇ ਧਾਰਮਕ ਸੁਤੰਤਰਤਾ ਜ਼ਰੂਰੀ ਹੈ। ਮੁਸਲਮਾਨ ਨੂੰ ਇਹ ਹੱਕ ਹੈ, ਉਹ ਆਪਣੇ ਅਕੀਦੇ ਅਨੁਸਾਰ ਖ਼ੁਦਾ ਨੂੰ ਮੰਨੇ। ਤਾਂ ਫਿਰ ਹਿੰਦੂ ਨੂੰ ਵੀ ਹੱਕ ਹੋਣਾ ਚਾਹੀਦਾ ਹੈ, ਕਿ ਉਹ ਆਪਣੇ ਵਿਸ਼ਵਾਸ ਅਨੁਸਾਰ ਜਿਵੇਂ ਚਾਹਵੇ, ਈਸ਼ਵਰ ਪੂਜਾ ਕਰ ਸੱਕੇ। ਬਾਦਸ਼ਾਹ ਨੂੰ ਇਹ ਹੱਕ ਨਹੀਂ, ਕਿ

ਉਹ ਹਿੰਦੂਆਂ ਦੇ ਮੰਦਰ ਢਾਹਵੇ, ਜਾਂ ਉਹਨਾਂ ਨੂੰ ਧੱਕੇ ਨਾਲ ਮੁਸਲਮਾਨ ਬਣਾਵੇ। ਪਿਆਰ ਤੇ ਪਰਚਾਰ ਦੇ ਅਸਰ ਨਾਲ ਕੋਈ ਮੁਸਲਮਾਨ ਬਣ ਜਾਵੇ, ਤਾਂ ਕੋਈ ਪਾਪ ਨਹੀਂ। ਪਰ ਤਲਵਾਰ ਦੇ ਜ਼ੋਰ ਨਾਲ ਜ਼ਬਰਦਸਤੀ ਕਿਸੇ ਨੂੰ ਮੁਸਲਮਾਨ ਬਨਾਉਣਾ ਪਾਪ ਹੈ, ਮਹਾਂ ਪਾਪ। ਇਜੇਹਾ ਜ਼ੁਲਮ ਕਰਨ ਦਾ ਬਾਦਸ਼ਾਹ ਨੂੰ ਕੋਈ ਹੱਕ ਨਹੀਂ। ਅਸੀਂ ਹਿੰਦੂਆਂ ਦੇ ਧਾਰਮਕ ਅਸੂਲਾਂ 'ਤੇ ਨਹੀਂ ਚਲਦੇ। ਅਸੀਂ ਬੁੱਤਾਂ ਦੀ ਪੂਜਾ ਨਹੀਂ ਕਰਦੇ, ਤਿਲਕ ਨਹੀਂ ਲਾਉਂਦੇ, ਜਨੇਊ ਨਹੀਂ ਪਹਿਨਦੇ। ਭਾਵ, ਸਾਨੂੰ ਇਹਨਾਂ ਚੀਜ਼ਾਂ ਉਤੇ ਕੋਈ ਵਿਸ਼ਵਾਸ ਨਹੀਂ। ਅਸੀਂ ਗੁਰੂ ਨਾਨਕ ਦੇ ਮੱਤ ਨੂੰ ਮੰਨਣ ਵਾਲੇ ਹਾਂ। ਪਰ ਜਿਹੜੇ ਲੋਕ ਬੁੱਤ ਪੂਜਾ, ਤੇ ਜੰਞੂ, ਤਿਲਕ ਦੇ ਧਾਰਨੀ ਹਨ, ਉਹਨਾਂ ਨੂੰ ਧੱਕੇ ਨਾਲ ਉਹਨਾਂ ਦੇ ਧਾਰਮਕ ਰਵਾਜਾਂ ਤੋਂ ਰੋਕਣਾ ਪਾਪ ਹੈ। ਉਹਨਾਂ ਦੇ ਨਿੱਜੀ ਹੱਕਾਂ ਉਤੇ ਡਾਕਾ ਮਾਰਨ ਦੇ ਬਰਾਬਰ ਹੈ। ਬੇ-ਇਨਸਾਫ਼ੀ ਹੈ। ਪਰ ਇਹ ਬੇ-ਇਨਸਾਫ਼ੀ ਤੇ ਪਾਪ ਦੂਰ ਕਿਵੇਂ ਹੋਵੇ? ਏਹਾ ਗੱਲ ਵਿਚਾਰਨ ਵਾਲੀ ਹੈ। ਜਦੋਂ ਕੋਈ ਸਰੀਰ ਕਮਜ਼ੋਰ ਹੋ ਜਾਵੇ, ਉਸ ਵਿਚੋਂ ਲਹੂ ਘਟ ਜਾਵੇ, ਜਾਂ ਠੰਢਾ ਹੋ ਜਾਵੇ, ਤਾਂ ਉਸਨੂੰ ਨਰੋਏ ਲਹੂ ਦੀ ਲੋੜ ਹੁੰਦੀ ਹੈ। ਏਹਾ ਹਾਲਤ ਧਰਮਾਂ ਤੇ ਕੌਮਾਂ ਦੀ ਹੁੰਦੀ ਹੈ। ਭਾਰਤੀ ਕੌਮ ਵੀ ਅਸਲੋਂ ਕਮਜ਼ੋਰ ਹੋ ਚੁਕੀ ਹੈ। ਸਮਝੋ ਮੁਰਦਾ ਹੋ ਚੁੱਕੀ ਹੈ। ਇਸਨੂੰ ਦੁਬਾਰਾ ਜ਼ਿੰਦਗੀ ਦੇਣ ਵਾਸਤੇ ਵੀ ਨਰੋਏ ਲਹੂ ਦੀ ਲੋੜ ਹੈ। ਕੁਰਬਾਨੀ, ਕੁਰਬਾਨੀ ਹੀ ਕੌਮ ਨੂੰ ਨਵੀਂ ਜ਼ਿੰਦਗੀ ਦੇ ਸਕਦੀ ਹੈ। ਉਹ ਵੀ ਕਿਸੇ ਮਾਮੂਲੀ ਇਨਸਾਨ ਦੀ ਕੁਰਬਾਨੀ ਨਹੀਂ। ਕੋਈ ਮਹਾਨ ਸ਼ਖ਼ਸੀਅਤ, ਮਹਾਪੁਰਸ਼, ਧਰਮਾਤਮਾ ਕੁਰਬਾਨੀ ਦੇਵੇ, ਤਾਂ ਇਹਨਾਂ ਨਿਤਾਣਿਆਂ ਦਾ ਧਰਮ ਬਚ ਸਕਦਾ ਹੈ, ਕੌਮ ਨੂੰ ਨਵੀਂ ਜ਼ਿੰਦਗੀ ਮਿਲ ਸਕਦੀ ਹੈ। ਅਸੀਂ ਸੋਚਦੇ ਹਾਂ, ਕਿ ਅਜੇਹਾ ਧਰਮਾਤਮਾ ਕੌਣ ਹੋਵੇ, ਜੋ ਆਪਣੇ ਆਪ ਦੀ ਕੁਰਬਾਨੀ ਦੇ ਕੇ ਇਹਨਾਂ ਦਾ ਧਰਮ ਬਚਾਵੇ।"

"ਗੁਰਦੇਵ ਪਿਤਾ ਜੀ!" ਸਾਹਿਬਜ਼ਾਦਾ ਗੋਬਿੰਦ ਸਿੰਘ ਜੀ ਨੇ ਬੜੀ ਗੰਭੀਰਤਾ ਨਾਲ ਕਿਹਾ, "ਕੁਰਬਾਨੀ ਦਿਤਿਆਂ ਇਹਨਾਂ ਨਿਮਾਣਿਆਂ ਦਾ ਧਰਮ ਬਚ ਸਕਦਾ ਹੈ, ਤਾਂ ਇਹ ਕੁਰਬਾਨੀ ਗੁਰੂ ਨਾਨਕ ਦੀ ਗੱਦੀ ਨੂੰ ਹੀ ਕਰਨੀ ਪਵੇਗੀ। ਆਪ ਨਾਲੋਂ ਹੋਰ ਕਿਹੜਾ ਮਹਾਪੁਰਸ਼ ਵੱਡਾ ਹੈ? ਨਾਲੇ ਇਹ ਆਪ ਜੀ ਦੀ ਸ਼ਰਣ ਆਏ ਹਨ। ਪੰਜਵੇ ਪਾਤਸ਼ਾਹ ਜੀ ਦਾ ਮਹਾਂ ਵਾਕ ਹੈ:

"ਜੋ ਸਰਣਿ ਆਵੈ, ਤਿਸੁ ਕੰਠਿ ਲਾਵੈ,
ਇਹੁ ਬਿਰਦੁ ਸੁਆਮੀ ਸੰਦਾ ।"

(ਪੰਨਾ ੫੪੪)

"ਸੋ, ਆਪ ਇਹਨਾਂ ਬੇਸਹਾਰਿਆਂ ਦਾ ਸਹਾਰਾ ਬਣ ਕੇ ਕੁਰਬਾਨੀ ਦਿਹੋ ।" ਉਸ ਵੇਲੇ ਸਾਹਿਬਜ਼ਾਦਾ ਗੋਬਿੰਦ ਸਿੰਘ ਜੀ ਦੇ ਚਿਹਰੇ ਉਤੇ ਮਹਾਨ ਤੇਜ ਚਮਕ ਰਿਹਾ ਸੀ ।

ਇਹਨਾਂ ਸ਼ਬਦਾਂ ਦਾ ਅਸਰ ਸਾਰੀ ਸੰਗਤ 'ਤੇ ਛਾ ਗਿਆ । ਕੁਛ ਹੈਰਾਨੀ, ਕੁਛ ਪਰੇਸ਼ਾਨੀ । ਨਿਰਾਸ ਪੰਡਤਾਂ ਨੂੰ ਆਸ ਦੀ ਲੋ ਵੀ ਦਿੱਸੀ ।

## ਨੌਂਵੇਂ ਪਾਤਸ਼ਾਹ ਦਾ ਫ਼ੈਸਲਾ

ਗੁਰੂ ਤੇਗ ਬਹਾਦਰ ਸਾਹਿਬ ਦੀ ਸਾਰੀ ਚਿੰਤਾ ਦੂਰ ਹੋ ਗਈ । ਉਹਨਾਂ ਦੇ ਸ਼ਾਂਤ ਚਿਹਰੇ 'ਤੇ ਜਲਾਲ ਆ ਗਿਆ । ਹਜ਼ੂਰ ਬੋਲੇ, "ਲਾਲ ਜੀਉ ! ਤੁਸਾ ਸਾਡੀ ਚਿੰਤਾ ਦੂਰ ਕਰ ਦਿਤੀ ਹੈ । ਸਾਨੂੰ ਭਰੋਸਾ ਹੋ ਗਿਆ ਹੈ, ਕਿ ਆਪ ਇਸ ਭਾਰੀ ਜ਼ਿੰਮੇਵਾਰੀ ਨੂੰ ਨਿਭਾ ਸਕੋਗੇ । ਕਿਸੇ ਗੱਦੀਨਸ਼ੀਨ ਵਾਸਤੇ ਆਪਣਾ ਉਤਰ-ਅਧਿਕਾਰੀ ਚੁਣਨਾ ਬਹੁਤ ਵੱਡੀ ਸਮੱਸਿਆ ਹੁੰਦੀ ਹੈ । ਗੁਰੂ ਨਾਨਕ ਮਹਾਰਾਜ ਤੋਂ ਪਿਛੋਂ, ਇਹ ਸਮੱਸਿਆ ਦਿਨੋ ਦਿਨ ਕਠਨ ਹੁੰਦੀ ਗਈ ਹੈ । ਤੇ ਜ਼ਮਾਨੇ ਦੇ ਹਾਲਾਤ ਅਨਸਾਰ ਅੱਜ ਤਾਂ ਬਹੁਤ ਹੀ ਕਠਨ ਸੀ । ਅਕਾਲ ਪੁਰਖ ਦੀ ਕਿਰਪਾ ਨਾਲ ਸਾਡੀ ਮੁਸ਼ਕਲ ਆਸਾਨ ਹੋ ਗਈ ਹੈ । ਆਪ ਗੁਰੂ ਨਾਨਕ ਦੀ ਸਿੱਖੀ ਦੀ ਸਹੀ ਅਗਵਾਈ ਕਰ ਸਕੋਗੇ । ਅਸੀਂ ਆਪਣਾ ਫ਼ਰਜ਼ ਨਿਭਾਉਣ ਵਾਸਤੇ ਤਿਆਰ ਹਾਂ ।"

ਫਿਰ ਗੁਰੂ ਸਾਹਿਬ ਨੇ ਪੰਡਤਾਂ ਨੂੰ ਸੰਬੋਧਨ ਕਰਕੇ ਕਿਹਾ, "ਪੁਰਖੋ ! ਨਿਰਾਸ਼ ਨਾ ਹੋਵੋ । ਆਪ ਜਾ ਕੇ ਆਪਣੇ ਹਾਕਮਾਂ ਨੂੰ ਕਹਿ ਦਿਹੋ । ਉਹਨਾਂ ਨੂੰ ਕਹੋ, 'ਜੇ ਹਿੰਦ ਦੇ ਪੀਰ ਨੂੰ ਸਰਕਾਰ ਮੁਸਲਮਾਨ ਕਰ ਲਵੇ, ਤਾਂ ਸਾਰੇ ਭਾਰਤ ਦੇ ਹਿੰਦੂ ਮੁਸਲਮਾਨ ਹੋ ਜਾਣਗੇ । ਪਰ ਜੇ ਨੌਂਵੇਂ ਗੁਰੂ ਮੁਸਲਮਾਨ ਨਾ ਬਣਾਏ ਜਾ ਸਕਣ, ਤਾਂ ਫਿਰ ਨਿਤਾਣੀ ਪਰਜਾ ਉਤੇ ਜ਼ੁਲਮ ਨਾ ਕੀਤਾ ਜਾਵੇ ।' ਹੁਣ ਤੁਸੀਂ ਨਿਸਚਿੰਤ ਹੋ ਕੇ ਜਾ ਸਕਦੇ ਹੋ ।"

ਫ਼ੈਸਲਾ ਹੋ ਗਿਆ । ਬਹੁਤ ਵੱਡੀ ਜ਼ਿੰਮੇਵਾਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੇ ਸਿਰ ਲੈ ਲਈ । ਗੁਰੂ ਮਹਾਰਾਜ ਦੀ ਜੈ ਜੈ ਕਰਦੇ ਪੰਡਤ ਖ਼ੁਸ਼ੀ ਖ਼ੁਸ਼ੀ

ਘਰਾਂ ਨੂੰ ਮੁੜੇ । ਉਹਨਾਂ ਜਾ ਕੇ ਆਪਣੇ ਹਾਕਮ ਨੂੰ ਲਿਖ ਦਿਤਾ, "ਇਕ ਇਕ ਹਿੰਦੂ ਨੂੰ ਮੁਸਲਮਾਨ ਬਨਾਉਣ ਦਾ ਕਸ਼ਟ ਕਰਨ ਦੀ ਥਾਂ, ਸਰਕਾਰ ਇਕੱਲੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਮੁਸਲਮਾਨ ਬਣਾ ਲਵੇ । ਉਹ ਸਾਰੀ ਹਿੰਦ ਦੇ ਜ਼ਾਹਰਾ ਪੀਰ ਹਨ । ਉਹਨਾਂ ਦੇ ਮੁਸਲਮਾਨ ਹੋਣ ਪਿਛੋਂ ਸਾਰੇ ਦੇਸ ਦੇ ਹਿੰਦੂ ਆਪਣੇ ਆਪ ਹੀ ਮੁਸਲਮਾਨ ਹੋ ਜਾਣਗੇ । ਓਨਾ ਚਿਰ ਸਰਕਾਰ ਸਾਡੇ ਉਤੇ ਰਹਿਮ ਕਰੇ ।"

ਸਰਕਾਰ ਵਾਸਤੇ ਇਹ ਸੌਦਾ ਬਹੁਤ ਹੀ ਸਸਤਾ ਤੇ ਸੌਖਾ ਸੀ । ਸ਼ੇਰ ਅਫ਼ਗਨ ਖ਼ਾਂ ਨੇ ਸਾਰੇ ਪੰਡਤਾਂ ਤੋਂ ਇਸ ਭਾਵ ਦਾ ਇਕ ਮੇਜਰਨਾਵਾਂ ਲਿਖਵਾ ਲਿਆ, ਤੇ ਉਸ ਉਤੇ ਆਪਣੀ ਰਾਏ ਲਿਖ ਕੇ ਦਿੱਲੀ ਬਾਦਸ਼ਾਹ ਵੱਲ ਮੁਰਾਸਲਾ ਭੇਜ ਦਿਤਾ ।

—o—

# ਲਾਸਾਨੀ ਸ਼ਹੀਦੀ

ਕਸ਼ਮੀਰ ਦੇ ਸੂਬੇਦਾਰ ਸ਼ੇਰ ਅਫ਼ਗਨ ਦਾ ਮੁਰਾਸਲਾ ਪੜ੍ਹ ਕੇ ਬਾਦਸ਼ਾਹ ਔਰੰਗਜ਼ੇਬ ਨੇ ਉਸਦੀ ਮਨਜ਼ੂਰੀ ਦੇ ਦਿਤੀ। ਔਰੰਗਜ਼ੇਬ ਨੇ ਸੋਚਿਆ, 'ਇਕ ਆਦਮੀ ਨੂੰ, ਭਾਵੇਂ ਉਹ ਕਿਤਨੀ ਵੀ ਮਹਾਨ ਸ਼ਖ਼ਸੀਅਤ ਦਾ ਮਾਲਕ ਹੋਵੇ, ਡਰਾ ਧਮਕਾ ਤੇ ਲਾਲਚ ਦੇ ਕੇ ਮਨਾ ਲੈਣਾ ਮੁਸ਼ਕਲ ਨਹੀਂ। ਗੁਰੂ ਤੇਗ ਬਹਾਦਰ ਨੂੰ ਹਰ ਕੀਮਤ ਉਤੇ ਮੁਸਲਮਾਨ ਬਣਾ ਲਿਆ ਜਾਵੇਗਾ, ਭਾਵੇਂ ਉਸਦਾ ਕਿੰਨਾ ਵੀ ਮੁੱਲ ਤਾਰਨਾ ਪਵੇ, ਜਾਂ ਕਿੰਨਾਂ ਵੀ ਜ਼ੁਲਮ ਕਰਨਾ ਪਵੇ। ਇਕ ਤਾਂ ਸਾਰੇ ਹਿੰਦੂ ਆਪਣੇ ਆਪ ਮੁਸਲਮਾਨ ਬਣ ਜਾਣਗੇ, ਤੇ ਦੂਸਰੇ ਸਾਰੇ ਦੇਸ ਵਿਚ ਇਕੋ ਇਕ ਜਥੇਬੰਦ ਲਹਿਰ ਸਦਾ ਵਾਸਤੇ ਖ਼ਤਮ ਹੋ ਜਾਵੇਗੀ।'

ਬਾਦਸ਼ਾਹ ਨੇ ਸ਼ੇਰ ਅਫ਼ਗਨ ਨੂੰ ਹੁਕਮ ਲਿਖਵਾ ਦਿਤਾ, "ਬਾਦਸ਼ਾਹ ਸਲਾਮਤ ਤੇਰੇ ਮੁਰਾਸਲੇ ਦੀ ਮਨਜ਼ੂਰੀ ਦੇਂਦੇ ਹਨ। ਹਿੰਦੂਆਂ ਉਤੇ ਫ਼ਿਲਹਾਲ ਸਖ਼ਤੀ ਬੰਦ ਕਰ ਦਿਤੀ ਜਾਵੇ। ਉਹਨਾਂ ਨੂੰ ਪ੍ਰੇਰਿਆ ਜਾਵੇ, ਕਿ ਉਹ ਆਪਣਾ ਅਸਰ ਪਾ ਕੇ ਗੁਰੂ ਨੂੰ ਮੁਸਲਮਾਨ ਹੋਣ ਵਾਸਤੇ ਬੇਨਤੀ ਕਰਨ। ਗੁਰੂ ਨੂੰ ਹਰ ਕੀਮਤ ਉਤੇ ਮੁਸਲਮਾਨ ਕਰ ਲਿਆ ਜਾਵੇਗਾ।"

ਦੂਸਰੇ ਪਾਸੇ ਬਾਦਸ਼ਾਹ ਨੇ ਗੁਰੂ ਜੀ ਨੂੰ ਲਿਆਉਣ ਵਾਸਤੇ 'ਅਹਿਦੀਏ' ਭੇਜਣ ਦਾ ਹੁਕਮ ਦੇ ਦਿਤਾ, ਤੇ ਨਾਲ ਹੀ ਹਦਾਇਤ ਕੀਤੀ, ਕਿ ਗੁਰੂ ਮਹਾਰਾਜ ਨੂੰ ਬੜੇ ਆਦਰ ਸਤਕਾਰ ਨਾਲ ਲਿਆਂਦਾ ਜਾਵੇ।

ਗੁਰੂ ਮਹਾਰਾਜ ਵੀ ਸਰਕਾਰੀ ਸੱਦੇ ਦੀ ਉਡੀਕ ਵਿਚ ਤਿਆਰੀ ਕਰ ਰਹੇ ਸਨ। ਸੰਗਤਾਂ ਵਿਚ ਰੋਜ਼ ਪਰਚਾਰ ਹੁੰਦਾ। ਮਾਤਾ ਨਾਨਕੀ ਜੀ ਬਹੁਤ ਉਦਾਸ

ਰਹਿੰਦੇ। ਹੋਰ ਪਰਵਾਰ ਤੇ ਸੰਗਤਾਂ ਵੀ ਚਿੰਤਾ ਵਿਚ ਸਨ। ਗੁਰੂ ਮਹਾਰਾਜ ਨੇ ਜੋ ਜ਼ਿੰਮੇਵਾਰੀ ਚੁੱਕੀ ਸੀ, ਉਸਦਾ ਸਾਫ਼ ਅਰਥ ਸੀ ਕੁਰਬਾਨੀ, ਸ਼ਹੀਦੀ। ਇਸ ਵਰਤਣ ਵਾਲੇ ਭਾਣੇ ਦਾ ਸਭ ਨੂੰ ਯਕੀਨ ਸੀ। ਮਹਾਰਾਜ ਸਭ ਨੂੰ ਉਪਦੇਸ਼ ਦੇਂਦੇ, 'ਇਨਸਾਨ ਦਾ ਸਭ ਤੋਂ ਉੱਤਮ ਧਰਮ ਹੈ ਆਪਣਾ ਫ਼ਰਜ ਨਿਭਾਉਣਾ। ਫ਼ਰਜ਼ ਦੀ ਪਾਲਣਾ ਕਰਦਿਆਂ ਸੀਸ ਚਲਾ ਜਾਵੇ, ਤਾਂ ਚਿੰਤਾ ਨਹੀਂ ਕਰਨੀ ਚਾਹੀਦੀ। ਭਾਣੇ ਵਿਚ ਰਾਜ਼ੀ ਰਹਿਣਾ ਹੀ ਧਰਮ ਹੈ।'

## ਅਹਿਦੀਏ ਅਨੰਦਪੁਰ ਆਏ

ਸ਼ਾਹੀ ਹੁਕਮ ਲੈ ਕੇ 'ਅਹਿਦੀਏ' ਦਿੱਲੀ ਤੋਂ ਤੁਰ ਪਏ। 'ਅਹਿਦੀਏ' ਪਲੰਘਾਂ ਉਤੇ ਬਹਿ ਕੇ ਸਫ਼ਰ ਕਰਿਆ ਕਰਦੇ ਸਨ। ਜਿਸ ਪਿੰਡ ਉਹ ਜਾਂਦੇ, ਓਥੋਂ ਦੇ ਨੰਬਰਦਾਰ ਜਾਂ ਚੌਧਰੀ ਦਾ ਫ਼ਰਜ਼ ਹੁੰਦਾ, ਕਿ ਉਹ ਅਹਿਦੀਏ ਦਾ ਪਲੰਘ ਚੁਕਵਾ ਕੇ ਅਗਲੇ ਪਿੰਡ ਪੁਚਾ ਦੇਵੇ। ਏਸੇਤਰ੍ਹਾਂ ਵੰਗਾਰਿਆਂ ਦੇ ਮੋਢਿਆਂ ਉਤੇ ਚੜ੍ਹ ਕੇ ਅਹਿਦੀਏ ਅਨੰਦਪੁਰ ਆ ਪਹੁੰਚੇ।

ਅਨੰਦਪੁਰ ਦੀ ਸ਼ਾਨ ਤੇ ਰਹਿਤ ਮਰਯਾਦਾ ਵੇਖ ਕੇ ਅਹਿਦੀਆਂ ਦੇ ਦਿਲਾਂ 'ਤੇ ਚੰਗਾ ਅਸਰ ਪਿਆ। ਉਹ ਬੜੇ ਸਤਕਾਰ ਨਾਲ ਮਹਾਰਾਜ ਦੇ ਪੇਸ਼ ਆਏ। ਬਾਦਸ਼ਾਹ ਵੱਲੋਂ ਹੁਕਮ ਵੀ ਐਸਾ ਹੀ ਸੀ।

ਸ਼ਾਹੀ ਹੁਕਮ ਸੁਣ ਕੇ ਗੁਰੂ ਮਹਾਰਾਜ ਨੇ ਫ਼ੁਰਮਾਇਆ, "ਪੁਰਸ਼ੋ ! ਬਾਦਸ਼ਾਹ ਦਾ ਹੁਕਮ ਤੁਸਾਂ ਸੁਣਾ ਦਿਤਾ ਹੈ। ਅਸੀਂ ਅੱਗੇ ਹੀ ਉਡੀਕ ਵਿਚ ਬੈਠੇ ਸਾਂ। ਕਸ਼ਮੀਰ ਦੇ ਪੰਡਤਾਂ ਦਾ ਜੋ ਮੇਜਰਨਾਵਾਂ ਬਾਦਸ਼ਾਹ ਪਾਸ ਪੁੱਜਾ ਹੈ, ਅਸਾਂ ਉਸਦੀ ਹਾਮੀ ਭਰੀ ਹੈ। ਸਾਡੇ ਵੱਲੋਂ ਬਾਦਸ਼ਾਹ ਨੂੰ ਸਨੇਹਾ ਪੁਚਾ ਦੇਣਾ। ਅਸੀਂ ਸੰਗਤਾਂ ਦੇ ਦਰਸ਼ਨ ਕਰਦੇ ਕਰਦੇ ਆ ਰਹੇ ਹਾਂ। ਅਸੀਂ ਆਪ ਬਾਦਸ਼ਾਹ ਨੂੰ ਮਿਲ ਕੇ ਇਸ ਮਸਲੇ ਨੂੰ ਸੁਲਝਾਉਣਾ ਚਾਹੁੰਦੇ ਹਾਂ। ਫ਼ਿਕਰ ਨਾ ਕਰਨਾ, ਅਸੀਂ ਛੇਤੀ ਤੋਂ ਛੇਤੀ ਬਾਦਸ਼ਾਹ ਕੋਲ ਪੁਜਣ ਦਾ ਯਤਨ ਕਰਾਂਗੇ।"

## ਨੌਂਵੇਂ ਪਾਤਸ਼ਾਹ ਅਨੰਦਪੁਰ ਤੋਂ ਤੁਰੇ

ਅਹਿਦੀਏ ਸਿਰ ਝੁਕਾ ਕੇ ਤੁਰ ਗਏ। ਗੁਰੂ ਮਹਾਰਾਜ ਵੀ ਤਿਆਰੀ ਕਰਨ ਲੱਗੇ। ਪਰ ਸੰਗਤਾਂ ਤੇ ਪਰਵਾਰ ਤੋਂ ਵਿਦਿਆ ਹੁੰਦਿਆਂ ਕਾਫ਼ੀ ਸਮਾਂ ਲਗ ਗਿਆ।

ਅੰਤ, ਗੁਰੂ ਤੇਗ ਬਹਾਦਰ ਸਾਹਿਬ ਹਾੜ (੧੭੩੨ ਬਿ:) ਦੇ ਮਹੀਨੇ[1] ਅਨੰਦਪੁਰੋਂ ਤੁਰ ਪਏ। ਚੋਖੀ ਦੂਰ ਤਕ ਸੰਗਤਾਂ ਨਾਲ ਗਈਆਂ। ਇਹ ਸਾਰੇ ਹੀ ਸਮਝ ਰਹੇ ਸਨ, ਕਿ ਇਹ ਦਰਸ਼ਨ ਆਖ਼ਰੀ ਹਨ। ਜਿਸ ਔਰੰਗਜ਼ੇਬ ਨੇ ਪਿਤਾ ਤੇ ਭਰਾਵਾਂ ਨਾਲ ਇਹ ਸਲੂਕ ਕੀਤਾ ਹੈ, ਸਰਮਦ ਵਰਗੇ ਫ਼ਕੀਰ ਤੇ ਅਘੋਰ ਨਾਥ ਵਰਗੇ ਸੰਤ ਕਤਲ ਕਰਵਾ ਦਿਤੇ ਹਨ, ਉਹ ਗੁਰੂ ਸਾਹਿਬ ਨਾਲ ਵੀ ਚੰਗਾ ਵਰਤਾਉ ਨਹੀਂ ਕਰੇਗਾ। ਗੁਰੂ ਸਾਹਿਬ ਸ਼ਹੀਦ ਹੋਣ ਵਾਸਤੇ ਜਾ ਰਹੇ ਹਨ, ਸ਼ਹੀਦ ਹੋ ਜਾਣਗੇ। ਇਸ ਵਿਚਾਰ ਅਧੀਨ ਸਭ ਸ਼ਰਧਾਲੂਆਂ ਦੇ ਨੇਤਰ ਹੰਝੂ ਵਹਾ ਰਹੇ ਸਨ। ਉਹਨਾਂ ਦਾ ਵੈਰਾਗ ਠੱਲ੍ਹਿਆਂ ਨਹੀਂ ਸੀ ਜਾਂਦਾ।

ਗੁਰੂ ਮਹਾਰਾਜ ਨੇ ਸਭ ਨੂੰ ਧੀਰਜ ਦੇਂਦਿਆ ਕਿਹਾ, "ਵੇਖੋ, ਸੱਤ ਪੁਰਸ਼ੋ! ਭਲਾ ਚਿੰਤਾ ਕਿਸ ਗੱਲ ਦੀ ਕਰ ਰਹੇ ਹੋ।

"ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ।
ਇਹ ਮਾਰਗੁ ਸੰਸਾਰ ਕੋ, ਨਾਨਕ ਥਿਰੁ ਨਹੀ ਕੋਇ।
(ਸਲੋਕ ਮਹਲਾ ੯, ਪੰਨਾ ੧੪੨੯)

"ਜਦ ਥਿਰ ਰਹਿਣ ਵਾਲੀ ਵਸਤੂ ਹੀ ਕੋਈ ਨਹੀਂ, ਬਣੇ ਹੋਏ ਸਰੀਰ ਨੇ ਬਿਨਸਣਾ ਹੀ ਹੈ, ਤਾਂ ਫਿਰ ਚਿੰਤਾ ਕਿਸ ਗੱਲ ਦੀ। ਅਕਾਲ ਪੁਰਖ ਦਾ ਭਾਣਾ ਮੰਨਣ ਵਿਚ ਹੀ ਕਲਿਆਣ ਹੈ। ਉਸਦੀ ਰਜ਼ਾ ਵਿਚ ਰਾਜ਼ੀ ਰਹਿਣਾ ਸਿੱਖੋ।"

ਬੜੀ ਮੁਸ਼ਕਲ ਨਾਲ ਸਭ ਨੂੰ ਧੀਰਜ ਦੇ ਕੇ ਮਹਾਰਾਜ ਨੇ ਵਾਪਸ ਮੋੜਿਆ। ਪਹਿਲਾ ਪੜਾਅ ਗੁਰਦੇਵ ਨੇ ਕੀਰਤਪੁਰ ਕੀਤਾ। ਸੂਰਜ ਮੱਲ ਦੇ ਪਰਵਾਰ ਨੇ ਮਹਾਰਾਜ ਦੀ ਬੜੀ ਸੇਵਾ ਕੀਤੀ। ਦੋ ਦਿਨ ਓਥੇ ਗੁਜ਼ਾਰ ਕੇ ਹਜ਼ੂਰ ਅੱਗੇ ਤੁਰ ਪਏ। ਭਰਤਗੜ੍ਹ, ਰੋਪੜ, ਮਕਾਰਾਂ ਪੁਰ, ਕਬੂਲ ਪੁਰ, ਨਨਹੇੜੀ ਆਦਿ ਥਾਂਵਾਂ 'ਤੇ ਸੰਗਤਾਂ ਨੂੰ ਨਿਹਾਲ ਕਰਦੇ ਹੋਏ ਮਹਾਰਾਜ ਸੈਫ਼ਾਬਾਦ, ਇਕ ਮੁਸਲਮਾਨ ਸ਼ਰਧਾਲੂ ਸੈਫ਼ ਅਲੀ ਖ਼ਾਂ ਦੇ ਘਰ ਜਾ ਟਿਕੇ। ਏਥੇ ਮਹਾਰਾਜ ਕੋਈ ਦਿਨ ਰਹੇ। ਸੋ ਸੁਣਕੇ ਏਥੇ ਹੀ ਸੰਗਤਾਂ ਇਕੱਠੀਆਂ ਹੋਣ ਲਗ ਪਈਆਂ। ਸੈਫ਼ ਅਲੀ ਖ਼ਾਂ

---

1. ਗਿਆਨੀ ਗਿਆਨ ਸਿੰਘ ੧੧ ਹਾੜ੍ਹ, ਤੇ ਮੈਕਾਲਿਫ ਪਹਿਲੀ ਹਾੜ੍ਹ ਲਿਖਦਾ ਹੈ।

ਗੁਰਦੇਵ ਦੀ ਤੇ ਸੰਗਤਾਂ ਦੀ ਸੇਵਾ ਬੜੀ ਸ਼ਰਧਾ-ਭਾਵਨਾ ਨਾਲ ਕਰਦਾ।

ਓਥੋਂ ਵਿਦਿਆ ਹੋ ਕੇ ਗੁਰਦੇਵ ਪਟਿਆਲਾ, ਕਾਇਮ ਪੁਰ ਆਦਿ ਥਾਂਵਾਂ 'ਤੇ ਇਕ-ਇਕ, ਦੋ-ਦੋ ਦਿਨ ਬਿਸਰਾਮ ਕਰਦੇ ਹੋਏ ਸਮਾਣੇ ਜਾ ਉਤਰੇ। ਓਥੋਂ ਦਾ ਨਾਮਵਰ ਚੌਧਰੀ ਮੁਹੰਮਦ ਬਖ਼ਸ਼ ਗੁਰੂ ਜੀ ਦਾ ਸ਼ਰਧਾਲੂ ਸੀ। ਅਸਲ ਵਿਚ ਓਸੇ ਦੇ ਪ੍ਰੇਮ ਕਰਕੇ ਮਹਾਰਾਜ ਸਮਾਣੇ ਗਏ ਸਨ।

ਸਿਰਫ਼ ਸਿੱਖ ਜਾਂ ਹਿੰਦੂ ਹੀ ਨਹੀਂ, ਕੋਈ ਖੁੱਲੇ ਦਿਲ ਵਾਲੇ ਮੁਸਲਮਾਨ ਵੀ ਗੁਰੂ ਜੀ ਦੇ ਸ਼ਰਧਾਲੂ ਸਨ। ਤੇ ਮੁਸਲਮਾਨਾਂ ਵਿਚ ਗੁਰੂ ਜੀ ਦਾ ਅਸਰ ਰਸੂਖ਼ ਔਰੰਗਜ਼ੇਬ ਨੂੰ ਵਧੇਰੇ ਰੜਕਦਾ ਸੀ। ਔਰੰਗਜ਼ੇਬ ਅਜੇਹੀ ਤਅੱਸਬ ਵਾਲੀ ਨੀਤੀ ਅਖ਼ਤਿਆਰ ਨਾ ਕਰਦਾ, ਤਾਂ ਸਿੱਖ ਧਰਮ, ਮੁਸਲਮਾਨਾਂ ਤੇ ਹਿੰਦੂਆਂ ਵਿਚ ਮਿਲਾਪ ਪੈਦਾ ਕਰਨ ਦਾ ਸਭ ਤੋਂ ਵੱਡਾ ਵਸੀਲਾ ਸਾਬਤ ਹੁੰਦਾ।

ਗੁਰਦੇਵ ਸਮਾਣੇ ਤੋਂ ਤੁਰੇ, ਤਾਂ ਬਹੁਤ ਸਾਰੀਆਂ ਸੰਗਤਾਂ ਨਾਲ ਹੋ ਤੁਰੀਆਂ। ਗੁਰੂ ਜੀ ਨੇ ਸਖ਼ਤ ਹੁਕਮ ਦਿਤਾ, "ਵੇਖੋ, ਭਲੇ ਪੁਰਸ਼ੋ! ਗੁਰੂ ਨੂੰ ਮੰਨਣ ਦਾ ਅਰਥ ਹੈ, ਗੁਰੂ ਦਾ ਹੁਕਮ ਮੰਨਣਾ। ਅਸੀਂ ਹੁਕਮ ਦੇਂਦੇ ਹਾਂ, ਕਿ ਅਨੰਦਪੁਰੋਂ ਨਾਲ ਤੁਰਨ ਵਾਲੇ ਪੰਜਾਂ ਸਿੱਖਾਂ ਤੋਂ ਬਿਨਾਂ ਹੋਰ ਕੋਈ ਸ਼ਰਧਾਲੂ ਸਾਡੇ ਨਾਲ ਅੱਗੇ ਨਾ ਆਵੇ।"

ਹੁਣ ਹੁਕਮ ਅੱਗੇ ਕੋਈ ਵਿਹਰ ਨਹੀਂ ਸੀ। ਸਭ ਸੰਗਤਾਂ ਅੱਥਰੂ ਵਹਾਉਂਦੀਆਂ ਪਿਛੇ ਮੁੜ ਗਈਆਂ। ਦੀਵਾਨ ਮਤੀ ਦਾਸ, ਭਾਈ ਗੁਰਦਿਤਾ (ਬਾਬੇ ਬੁੱਢੇ ਕਾ), ਭਾਈ ਦਿਆਲਾ (ਭਾਈ ਮਨੀ ਸਿੰਘ ਦਾ ਚਾਚਾ[1]) ਭਾਈ ਊਦਾ ਰਠੌੜ ਤੇ ਭਾਈ ਜੈਤਾ (ਪਿਛੋਂ ਅੰਮ੍ਰਿਤ ਛਕਕੇ ਜਿਊਣ ਸਿੰਘ) ਮਜ਼ਹਬੀ, ਇਹ ਪੰਜ ਸਿੱਖ ਮਹਾਰਾਜ ਦੇ ਨਾਲ ਗਏ।

ਸਮਾਣੇ ਤੋਂ ਚੱਲ ਕੇ ਕਰਹਾਲੀ, ਚੀਕੇ, ਕਰ੍ਹੇ, ਪਹੇਵੇ, ਰਹੇੜੇ, ਲਾਖਣ ਮਾਜਰੇ, ਰੋਹਤਕ ਤੇ ਕਨੌੜ ਆਦਿ ਥਾਵਾਂ ਦੇ ਸ਼ਰਧਾਲੂਆਂ ਨੂੰ ਦਰਸ਼ਨ ਦੇਂਦੇ ਹੋਏ ਮਹਾਰਾਜ ਆਗਰੇ ਜਾ ਪਹੁੰਚੇ।

---

1. ਤਵਾਰੀਖ਼ ਗੁਰੂ ਖ਼ਾਲਸਾ, ਪੰਨਾ ੭੦੫। ਮਗਰ 'ਸ਼ਹੀਦ ਬਿਲਾਸ' ਕ੍ਰਿਤ ਸੇਵਾ ਸਿੰਘ ਵਿਚ ਦਿਆਲਾ ਤੇ ਮਨੀ ਸਿੰਘ ਸਕੇ ਭਾਈ ਲਿਖੇ ਹਨ। ਪੰਨਾ ੧੦੫।

## ਰਸਤੇ ਵਿਚ ਪਰਚਾਰ

ਅਨੰਦਪੁਰ ਤੋਂ ਚੱਲ ਕੇ ਸਿੱਧੇ ਦਿੱਲੀ ਪਹੁੰਚਣ ਦੀ ਥਾਂ ਏਨਾ ਲੰਮਾ ਚੱਕਰ ਕੱਟਣ ਦਾ ਇਕ ਖ਼ਾਸ ਮੰਤਵ ਸੀ। ਇਹ ਗੱਲ ਸਾਫ਼ ਸੀ, ਕਿ ਗੁਰੂ ਮਹਾਰਾਜ ਧਰਮ ਦੀ ਰਖਿਆ ਵਾਸਤੇ ਸ਼ਹੀਦ ਹੋਣ ਚੱਲੇ ਹਨ। ਸੰਗਤਾਂ ਵੀ ਇਸ ਮਨੋਰਥ ਨੂੰ ਸਮਝਦੀਆਂ ਸਨ। ਮਹਾਰਾਜ ਵੱਧ ਤੋਂ ਵੱਧ ਇਲਾਕੇ ਵਿਚ ਇਸ ਗੱਲ ਦਾ ਪਰਚਾਰ ਕਰਕੇ ਲੋਕ-ਰਾਏ ਆਪਣੇ ਹੱਕ ਵਿਚ ਕਰਨਾ ਚਾਹੁੰਦੇ ਸਨ। ਹਜ਼ੂਰ ਥਾਂ ਥਾਂ ਇਕੋ ਸਿਧਾਂਤ ਦਾ ਪਰਚਾਰ ਕਰਦੇ ਜਾਂਦੇ, 'ਬਾਦਸ਼ਾਹ ਦਾ ਧਰਮ ਹੈ, ਪਰਜਾ ਦੀ ਰੱਖਿਆ ਕਰਨਾ, ਦੋਸ਼ੀਆਂ ਨੂੰ ਸਜ਼ਾ ਦੇਣਾ, ਮਾੜਿਆਂ ਨਾਲ ਇਨਸਾਫ਼ ਕਰਨਾ। ਰੱਖਿਆ ਦਾ ਅਰਥ ਹੈ, ਹਰ ਪੱਖ ਤੋਂ ਰੱਖਿਆ ਕਰਨਾ। ਜਿੱਥੇ ਪਰਜਾ ਦੇ ਮਾਲ ਧਨ, ਇੱਜ਼ਤ, ਅਮਨ ਦੀ ਰੱਖਿਆ ਜ਼ਰੂਰੀ ਹੈ, ਓਥੇ ਲੋਕਾਂ ਦੇ ਧਰਮ ਦੀ ਰੱਖਿਆ ਕਰਨਾ ਵੀ ਬਾਦਸ਼ਾਹ ਦਾ ਫ਼ਰਜ਼ ਹੈ। ਸਰਕਾਰ ਨੂੰ ਸਦਾ ਧਰਮ-ਨਿਰਪੱਖ ਹੋਣਾ ਚਾਹੀਦਾ ਹੈ। ਕਿਸੇ ਇਕ ਮਜ਼ਹਬ, ਇਕ ਫ਼ਿਰਕੇ, ਇਕ ਜਾਤੀ ਜਾਂ ਬਰਾਦਰੀ ਨਾਲ ਰਿਆਇਤ ਜਾਂ ਵਿਤਕਰਾ ਕਰਨ ਦੀ ਨੀਤੀ ਬਾਦਸ਼ਾਹ ਨੂੰ ਬੇਇਨਸਾਫ਼ ਬਣਾ ਦੇਂਦੀ ਹੈ। ਬੇਇਨਸਾਫ਼ ਹੁਕਮਰਾਨ ਨਾ ਲੋਕਾਂ ਦਾ ਪਿਆਰ ਪਰਾਪਤ ਕਰ ਸਕਦਾ ਹੈ, ਨਾ ਖ਼ੁਦਾ ਦਾ।

'ਸ਼ੁਭ ਕਰਮਾਂ ਦਵਾਰਾ ਖ਼ੁਦਾ ਦੀ ਪਰਾਪਤੀ ਦਾ ਨਾਮ ਹੀ ਧਰਮ ਹੈ। ਹਿੰਦੂ ਧਰਮ, ਮੁਸਲਮਾਨ ਮਜ਼ਹਬ, ਬੁਧ ਮੱਤ, ਸਿੱਖ ਧਰਮ, ਇਹ ਤਾਂ ਵੱਖ ਵੱਖ ਰਸਤੇ ਹਨ ਪਰਮਾਤਮਾ ਤਕ ਪਹੁੰਚਣ ਦੇ। ਹਰ ਕੋਈ ਆਪਣੇ ਰਸਤੇ ਜਾਂ ਧਰਮ ਨੂੰ ਸਰੇਸ਼ਟ ਮੰਨਦਾ ਹੈ। ਸਾਡੀ ਰਾਏ ਅਨੁਸਾਰ ਹਰ ਇਕ ਨੂੰ ਐਸਾ ਸਮਝਣ ਦਾ ਹੱਕ ਹੈ। ਧਰਮ ਇਕ ਨਿੱਜੀ ਮਸਲਾ ਹੈ। ਕਿਸੇ ਨੂੰ ਦੂਸਰੇ ਦੇ ਧਰਮ ਵਿਚ ਦਖ਼ਲ ਦੇਣ ਦਾ ਕੋਈ ਹੱਕ ਨਹੀਂ। ਬਾਦਸ਼ਾਹ ਕੋਲ ਵੀ ਅਸੀਂ ਏਹਾ ਨਸ਼ਾਨਾ ਲੈ ਕੇ ਜਾ ਰਹੇ ਹਾਂ। ਉਹ ਸਾਰੇ ਲੋਕਾਂ ਦਾ ਸਾਂਝਾ ਹੈ। ਕਿਸੇ ਦੇ ਧਰਮ ਵਿਚ ਦਖ਼ਲ ਦੇਣ ਦਾ ਨਾ ਉਹਨੂੰ ਹੱਕ ਹੈ, ਤੇ ਨਾ ਹੀ ਐਸਾ ਕਰਨਾ ਉਸਨੂੰ ਸੋਭਾ ਦੇਂਦਾ ਹੈ।

'ਸਾਡੇ ਵਾਸਤੇ ਹਿੰਦੂ, ਮੁਸਲਮਾਨ, ਸਾਰੇ ਇਕੋ ਜੇਹੇ ਹਨ। ਅਸੀਂ ਚਾਹੁੰਦੇ ਹਾਂ, ਨਾ ਹਿੰਦੂ ਮੁਸਲਮਾਨਾਂ ਦੇ ਮਜ਼ਹਬ ਵਿਚ ਦਖ਼ਲ ਦੇਣ, ਨਾ ਮੁਸਲਮਾਨ ਹਿੰਦੂਆਂ ਦੇ ਧਰਮ ਵਿਚ। ਸਾਰੇ ਆਪੋ ਆਪਣੇ ਅਕੀਦੇ ਮੁਤਾਬਕ ਉਸ ਸ਼ਕਤੀਮਾਨ ਦੀ ਉਪਾਸਨਾ ਕਰਨ।'

ਇਹਨਾਂ ਵਿਚਾਰਾਂ ਦਾ ਸਾਫ਼ ਦਿਲ ਲੋਕਾਂ ਉਤੇ ਅਸਰ ਵੀ ਕਾਫ਼ੀ ਪੈਂਦਾ ਸੀ। ਇਸ ਕਰਕੇ ਜਿਥੇ ਵੀ ਮਹਾਰਾਜ ਗਏ, ਹਿੰਦੂ ਮੁਸਲਵਾਨ, ਸਭ ਨੇ ਮਹਾਰਾਜ ਦਾ ਸਤਕਾਰ ਕੀਤਾ। ਆਪਣੇ ਸਰਬ-ਸਾਂਝੇ ਸਿਧਾਂਤਾ ਦਾ ਪਰਚਾਰ ਕਰਨਾ ਹੀ ਗੁਰਦੇਵ ਦਾ ਮਨੋਰਥ ਸੀ। ਸੋ, ਮਹਾਰਾਜ ਨੇ ਰਾਹ ਵਿਚ ਵੱਧ ਤੋਂ ਵੱਧ ਸਮਾਂ ਲਾਇਆ।

ਆਗਰੇ ਪਹੁੰਚਣ ਦਾ ਇਕ ਖ਼ਾਸ ਕਾਰਨ ਵੀ ਸੀ। ਰਸਤੇ ਵਿਚ ਮਹਾਰਾਜ ਨੂੰ ਖ਼ਬਰ ਮਿਲੀ, ਕਿ ਬਾਦਸ਼ਾਹ ਆਗਰੇ ਹੈ। ਗੁਰਦੇਵ ਦਿੱਲੀ ਤੋਂ ਪਾਸੇ ਪਾਸੇ ਆਗਰੇ ਜਾ ਪਹੁੰਚੇ। ਉਸ ਸਮੇਂ ਦਿੱਲੀ ਤੇ ਆਗਰਾ ਦੋਹਾਂ ਸ਼ਹਿਰਾਂ ਵਿਚ ਰਾਜਧਾਨੀ ਸੀ। ਕਦੇ ਬਾਦਸ਼ਾਹ ਦਿੱਲੀ ਰਹਿੰਦਾ ਸੀ, ਕਦੇ ਆਗਰੇ।

## ਧੀਰਮੱਲ ਤੇ ਰਾਮ ਰਾਏ

ਗੁਰਦੇਵ ਦੀ ਸ਼ਹੀਦੀ ਵਿਚ ਉਹਨਾਂ ਦੇ 'ਆਪਣਿਆਂ' (ਧੀਰਮੱਲ, ਹਰਿਜੀ ਤੇ ਰਾਮ ਰਾਏ) ਦਾ ਵੀ ਹੱਥ ਸੀ। ਰਾਮ ਰਾਏ ਦਾ ਔਰੰਗਜ਼ੇਬ ਨਾਲ ਕਾਫ਼ੀ ਨੇੜ ਸੀ। ਬਾਦਸ਼ਾਹ ਵੱਲੋਂ ਰਾਮ ਰਾਏ ਨੂੰ ਡੇਹਰਾਦੂਨ ਵਿਚ ਜਾਗੀਰ ਵੀ ਮਿਲੀ ਹੋਈ ਸੀ। ਗੁਰੂ ਹਰਿ ਰਾਏ ਸਾਹਿਬ ਦਾ ਵੱਡਾ ਪੁੱਤਰ ਹੋਣ ਦੇ ਨਾਤੇ ਰਾਮ ਰਾਏ ਗੁਰਗੱਦੀ ਉਤੇ ਆਪਣਾ ਹੱਕ ਸਮਝਦਾ ਸੀ। ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਵਿਰੁੱਧ ਉਹਨੇ ਬਾਦਸ਼ਾਹ ਪਾਸ ਦਾਹਵਾ ਵੀ ਕੀਤਾ ਸੀ। ਹੁਣ ਗੁਰੂ ਤੇਗ ਬਹਾਦਰ ਸਾਹਿਬ ਦੇ ਵਿਰੁੱਧ ਵੀ ਉਸਨੇ ਬਾਦਸ਼ਾਹ ਪਾਸ ਅਪੀਲ ਕੀਤੀ। ਰਾਮ ਰਾਏ ਹਰ ਵੇਲੇ ਔਰੰਗਜ਼ੇਬ ਦੇ ਨੇੜੇ ਰਹਿੰਦਾ ਸੀ। ਕਸ਼ਮੀਰੀ ਪੰਡਤਾਂ ਦੇ ਮੇਜਰਨਾਵੇਂ ਦੀ ਖ਼ਬਰ ਸੁਣ ਕੇ ਵੀ ਉਹਨੇ ਗੁਰੂ ਮਹਾਰਾਜ ਦੇ ਵਿਰੁੱਧ ਜ਼ਹਿਰ ਉਗਲਿਆ।

ਰਾਮ ਰਾਏ ਕਹਿੰਦਾ, "ਇਹ ਸਭ ਕੁਛ ਗੁਰੂ ਤੇਗ ਬਹਾਦਰ ਹਿੰਦੂਆਂ ਦਾ ਲੀਡਰ ਬਣ ਕੇ ਰਾਜਸੀ ਤਾਕਤ ਹਾਸਲ ਕਰਨ ਵਾਸਤੇ ਕਰ ਰਿਹਾ ਹੈ। ਨਹੀਂ ਤਾਂ ਗੁਰੂ ਨਾਨਕ ਦੇ ਮੱਤ ਅਨਸਾਰ ਸਾਡੇ ਵਾਸਤੇ ਹਿੰਦੂ ਮੁਸਲਮਾਨ ਬਰਾਬਰ ਹਨ। ਸਾਨੂੰ ਦੋਹਾਂ ਦੇ ਆਪਸੀ ਝਗੜੇ ਨਾਲ ਕੋਈ ਵਾਸਤਾ ਨਹੀਂ।"

ਅਹਿਦੀਏ ਅਨੰਦਪੁਰ ਗਏ ਤੇ ਖ਼ਾਲੀ ਵਾਪਸ ਆ ਗਏ। ਰਾਮ ਰਾਏ ਨੂੰ ਫਿਰ ਮੌਕਿਆ ਮਿਲ ਗਿਆ ਬਾਦਸ਼ਾਹ ਨੂੰ ਭੜਕਾਉਣ ਦਾ। ਰਾਮ ਰਾਏ ਕਹਿੰਦਾ, "ਜੋ ਆਪਣੇ ਆਪ ਨੂੰ 'ਸੱਚਾ ਪਾਤਸ਼ਾਹ' ਅਖਵਾਉਂਦਾ ਹੈ, ਉਹ ਬਾਦਸ਼ਾਹ ਦੇ ਸੱਦੇ

'ਤੇ ਕਦੋਂ ਹਾਜ਼ਰ ਹੋਣ ਲੱਗਾ ਹੈ। ਉਹਨੇ ਆਉਣਾ ਹੁੰਦਾ, ਤਾਂ ਉਹ ਅਹਿਦੀਆਂ ਦੇ ਨਾਲ ਆ ਜਾਂਦਾ।"

## ਦੁਬਾਰਾ ਅਹਿਦੀਏ ਭੇਜੇ

ਕੁਛ ਸਮਾਂ ਉਡੀਕ ਕੇ ਬਾਦਸ਼ਾਹ ਨੇ ਦੁਬਾਰਾ ਅਹਿਦੀਏ ਭੇਜੇ, ਪਰ ਕੁਛ ਸਖ਼ਤ ਹੁਕਮ ਦੇ ਕੇ। ਅਹਿਦੀਏ ਅਨੰਦਪੁਰ ਤੇ ਅੰਮ੍ਰਿਤਸਰ ਭਾਲ ਕੇ ਮੁੜ ਗਏ। ਹੁਣ ਵਿਰੋਧੀਆਂ ਦੀ ਵਧੇਰੇ ਚੜ੍ਹ ਮੱਚੀ। ਰਾਮ ਰਾਏ ਤੇ ਸਭ ਦਰਬਾਰੀ ਮੌਲਵੀਆਂ ਨੇ ਇਕ ਆਵਾਜ਼ ਕਿਹਾ, "ਗੁਰੂ ਭਗੌੜਾ ਹੋ ਗਿਆ ਹੈ। ਪੰਜਾਬ ਦੇ ਜੱਟਾਂ ਤੇ ਰਾਜ-ਪੁਤਾਨੇ ਦੇ ਰਾਜਪੂਤਾਂ ਉਤੇ ਗੁਰੂ ਮਹਾਰਾਜ ਦਾ ਬਹੁਤ ਅਸਰ ਹੈ। ਏਥੇ ਹੀ ਬੱਸ ਨਹੀਂ, ਸਾਰੇ ਉਤਰੀ ਹਿੰਦੁਸਤਾਨ ਦੇ ਹਿੰਦੂ ਗੁਰੂ ਮਹਾਰਾਜ ਦੇ ਹੁਕਮ ਉਤੇ ਜਾਨ ਦੇਂਦੇ ਹਨ। ਫਿਰ ਹੁਣ ਜਦ ਉਹਨੇ ਹਿੰਦੂਆਂ ਦੇ ਧਰਮ ਦੀ ਰੱਖਿਆ ਕਰਨ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ ਹੈ, ਤਾਂ ਹਿੰਦੂ ਵਧੇਰੇ ਉਸਦੇ ਹੁਕਮ ਵਿਚ ਚਲਣ ਲਈ ਤਿਆਰ ਹੋ ਜਾਣਗੇ। ਗੁਰੂ ਇਸ ਵਾਸਤੇ ਲੁਕ ਗਿਆ ਹੈ, ਕਿ ਉਹ ਤਾਕਤ ਇਕੱਠੀ ਕਰਕੇ ਬਾਦਸ਼ਾਹ ਦੇ ਵਿਰੁੱਧ ਬਗਾਵਤ ਕਰਾ ਸਕੇ। ਐਸਾ ਨਾ ਹੁੰਦਾ, ਤਾਂ ਗੁਰੂ ਕੀਤੇ ਹੋਏ ਵਾਹਦੇ ਅਨੁਸਾਰ ਹੁਣ ਤਕ ਹਾਜ਼ਰ ਹੋ ਜਾਂਦਾ।"

## ਗੁਰੂ ਜੀ ਦੀ ਗ੍ਰਿਫ਼ਤਾਰੀ ਦਾ ਹੁਕਮ

ਔਰੰਗਜ਼ੇਬ ਦੇ ਮਨ ਵਿਚ ਕੁਛ ਹੋਰ ਹੀ ਸੀ। ਉਹ ਇਸਲਾਮੀ ਦੁਨੀਆਂ ਵਿਚ ਵੱਡਾ ਬਣਨ ਵਾਸਤੇ, ਹਰ ਗ਼ੈਰ ਮੁਸਲਮਾਨ ਉਤੇ ਹਰ ਕਿਸਮ ਦਾ ਜ਼ੁਲਮ ਕਰਨ ਲਈ ਤਿਆਰ ਸੀ। ਉਹ ਸਖ਼ਤ ਕਿਸਮ ਦਾ ਕੱਟੜ-ਪੰਥੀ (ਤਅੱਸਬੀ) ਸੀ। ਕਿਸੇ ਨੇਕ ਤੋਂ ਨੇਕ ਇਨਸਾਨ ਵਾਸਤੇ ਵੀ ਉਹਦੇ ਦਿਲ ਵਿਚ ਸਤਕਾਰ ਜਾਂ ਰਹਿਮ ਨਹੀਂ ਸੀ। ਦਰਬਾਰੀਆਂ ਦੀ ਸਲਾਹ ਉਹਦੇ ਹੱਕ ਵਿਚ ਸੀ। ਉਹਨੇ ਗੁਰੂ ਮਹਾ-ਰਾਜ ਨੂੰ ਸ਼ਾਹੀ ਭਗੌੜਾ ਕਰਾਰ ਦੇ ਕੇ ਗ੍ਰਿਫ਼ਤਾਰੀ ਦਾ ਹੁਕਮ ਦੇ ਦਿਤਾ। ਨਾਲ ਹੀ ਗ੍ਰਿਫ਼ਤਾਰ ਕਰਾਉਣ ਵਾਲੇ ਵਾਸਤੇ ਇਨਾਮ ਦਾ ਐਲਾਨ ਕਰ ਦਿਤਾ। ਇਹ ਹੁਕਮ ਸਾਰੇ ਦੇਸ ਵਿਚ ਆਹਲਾ ਅਫ਼ਸਰਾਂ ਨੂੰ ਭੇਜ ਦਿਤਾ ਗਿਆ। ਉਹਨਾਂ ਅੱਗੇ ਆਪਣੇ ਆਪਣੇ ਹਲਕੇ ਵਿਚ ਢੰਢੋਰਾ ਕਰ ਦਿਤਾ।

## ਗੁਰੂ ਜੀ ਆਗਰੇ ਵਿਚ ਗ੍ਰਿਫ਼ਤਾਰ

ਗੁਰੂ ਮਹਾਰਾਜ ਪਾਸ ਇਹ ਸਾਰੀਆਂ ਖ਼ਬਰਾਂ ਆਗਰੇ ਪਹੁੰਚੀਆਂ। ਗੁਰੂਦੇਵ ਨੇ ਸਾਥੀ ਸਿੱਖਾਂ ਨਾਲ ਸਲਾਹ ਕਰਕੇ ਆਪਣੇ ਆਪ ਨੂੰ ਸਰਕਾਰ ਦੇ ਹਵਾਲੇ ਕਰਨ ਦਾ ਫ਼ੈਸਲਾ ਕਰ ਲਿਆ। ਹਜ਼ੂਰ ਨੂੰ ਪਸੰਦ ਨਹੀਂ ਸੀ, ਕਿ ਉਹਨਾਂ ਦੇ ਵਿਰੋਧੀਆਂ ਦੇ ਦਿਲ ਵਿਚ ਵੀ ਅਜੇਹਾ ਖ਼ਿਆਲ ਪੈਦਾ ਹੋਵੇ, ਕਿ ਗੁਰੂ ਮਹਾਰਾਜ ਕਿਸੇ ਭੈ ਕਾਰਨ ਲੁਕੇ ਫਿਰਦੇ ਹਨ। ਗੁਰਦੇਵ ਇਕ ਬਾਗ਼ ਵਿਚ ਬੈਠੇ ਸਨ। ਮਹਾਰਾਜ ਨੇ ਇਕ ਅਯਾਲੀ ਨੂੰ ਹੀਰੇ-ਜੜੀ ਮੁੰਦਰੀ ਤੇ ਪਸ਼ਮੀਨੇ ਦਾ ਦੁਸ਼ਾਲਾ ਦੇ ਕੇ ਹਲਵਾਈ ਦੀ ਦੁਕਾਨ ਤੋਂ ਮਿਠਿਆਈ ਲੈਣ ਵਾਸਤੇ ਭੇਜਿਆ। ਇਹ ਇਕ ਬਹਾਨਾ ਸੀ ਸਰਕਾਰੀ ਕਰਮਚਾਰੀਆਂ ਤਕ ਖ਼ਬਰ ਪੁਚਾਉਣ ਦਾ।

ਹਜ਼ੂਰ ਦੀ ਤਜਵੀਜ਼ ਠੀਕ ਬੈਠੀ। ਹਲਵਾਈ ਨੇ ਕੇਵਲ ਦੋ ਰੁਪੈ ਦੀ ਮਿਠਿਆਈ ਬਦਲੇ ਹੀਰੇ ਦੀ ਮੁੰਦਰੀ ਦੇਣ ਵਾਲੇ ਉਤੇ ਸ਼ੱਕ ਕਰ ਕੇ, ਉਸਨੂੰ ਪੁਲੀਸ ਦੇ ਹਵਾਲੇ ਕਰ ਦਿਤਾ। ਅਯਾਲੀ ਨੇ ਸਾਰੀ ਕਹਾਣੀ ਪੁਲੀਸ ਕਰਮਚਾਰੀਆਂ ਨੂੰ ਕਹਿ ਸੁਣਾਈ। ਕਿਲ੍ਹੇ ਦਾ ਦਰੋਗਾ ਸਪਾਹੀ ਲੈ ਕੇ ਦੱਸੇ ਥਾਂ 'ਤੇ ਜਾ ਪੁੱਜਾ। ਪੰਜਾਂ ਸਿੱਖਾਂ ਸਮੇਤ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਕੇ ਉਹਨੇ ਕਿਲ੍ਹੇ ਵਿਚ ਜਾ ਨਜ਼ਰ-ਬੰਦ ਕੀਤਾ।

## ਆਗਰੇ ਤੋਂ ਦਿੱਲੀ

ਗੁਰੂ ਜੀ ਦੀ ਗ੍ਰਿਫ਼ਤਾਰੀ ਦੀ ਖ਼ਬਰ ਦਿੱਲੀ ਪੁੱਜੀ, ਤਾਂ ਬਾਦਸ਼ਾਹ ਨੇ ਫ਼ੌਜਦਾਰ ਨੂਰਦੀਨ ਨੂੰ ਬਾਰਾਂ ਸੌ ਅਸਵਾਰ ਦੇ ਕੇ ਭੇਜਿਆ। ਨਾਲ ਹੀ ਉਸਨੂੰ ਹੁਕਮ ਦਿਤਾ ਗਿਆ, ਕਿ ਉਹ ਗੁਰੂ ਜੀ ਨੂੰ ਲਿਆਉਣ ਲੱਗਾ ਜ਼ਰਾ ਖ਼ਬਰਦਾਰ ਰਹੇ। ਬਾਦਸ਼ਾਹ ਨੂੰ ਖ਼ਤਰਾ ਸੀ, ਕਿ ਗੁਰੂ ਜੀ ਨੱਸ ਨਾ ਜਾਣ[1]। ਗੁਰੂ ਜੀ ਦਾ ਜਾਟਾਂ ਤੇ ਰਾਜਪੂਤਾਂ ਵਿਚ ਬੜਾ ਅਸਰ ਰਸੂਖ਼ ਸੀ। ਇਸ ਗੱਲ ਦਾ ਵੀ ਭੈ ਸੀ, ਕਿ ਉਹ ਲੋਕ ਬਲਵਾ ਕਰਕੇ ਗੁਰੂ ਜੀ ਨੂੰ ਛੁਡਾ ਨਾ ਲੈਣ।

---

1 ਮੈਕਾਲਿਫ, ਜਿਲਦ ਚੌਥੀ, ਪੰਨਾ ੩੭੮।

ਦਿੱਲੀ ਲਿਆ ਕੇ ਗੁਰੂ ਜੀ ਨੂੰ ਇਕ ਸੁੰਞੀ ਹਵੇਲੀ ਵਿਚ ਭੁੱਖੇ ਤਿਹਾਏ ਕੈਦ ਰਖਿਆ ਗਿਆ। ਮੁਸਲਮਾਨਾਂ ਦਾ ਵਹਿਮ ਸੀ, ਕਿ ਉਸ ਹਵੇਲੀ ਵਿਚ ਭੂਤ ਪ੍ਰੇਤ ਰਹਿੰਦੇ ਹਨ। ਔਰੰਗਜ਼ੇਬ ਆਪਣੇ ਨਾਲ ਮੁਲਾਕਾਤ ਦਾ ਸਮਾਂ ਦੇਣ ਤੋਂ ਪਹਿਲਾਂ ਚਾਹੁੰਦਾ ਸੀ, ਕਿ ਗੁਰੂ ਜੀ ਨਾਲ ਕੁਛ ਸਖ਼ਤ ਵਰਤਾਉ ਕੀਤਾ ਜਾਏ, ਤਾਂਕਿ ਗੁਰੂ ਜੀ ਸਮਝ ਲੈਣ, ਕਿ ਉਹਨਾਂ ਨਾਲ ਸਖ਼ਤੀ ਵੀ ਹੋ ਸਕਦੀ ਹੈ।

## ਔਰੰਗਜ਼ੇਬ ਨਾਲ ਮੁਲਾਕਾਤ

ਦੋ ਦਿਨ ਪਿਛੋਂ ਔਰੰਗਜ਼ੇਬ ਨੇ ਗੁਰੂ ਜੀ ਨੂੰ ਦਰਬਾਰ ਵਿਚ ਬੁਲਾਇਆ।[1] ਨੀਤੀਵਾਨ ਬਾਦਸ਼ਾਹ ਗੁਰੂ ਜੀ ਦੇ ਸਾਮ੍ਹਣੇ ਬੜੀ ਨਰਮੀ ਨਾਲ ਪੇਸ਼ ਆਇਆ। ਇਹ ਉਸਦੀ ਚਾਲਾਕੀ ਸੀ। ਉਹਨੇ ਬੜੇ ਆਦਰ ਸਤਕਾਰ ਨਾਲ ਗੁਰੂ ਜੀ ਨੂੰ ਆਪਣੇ ਮੁਰਸ਼ਦ ਵਾਲੀ ਚੰਦਨ ਦੀ ਚੌਕੀ ਉਤੇ ਬਿਠਾਇਆ। ਪਹਿਲਾਂ ਤਾਂ ਬਾਦਸ਼ਾਹ ਨੇ ਆਪਣੇ ਕਰਮਚਾਰੀਆਂ ਵੱਲੋਂ ਭੁੱਲ ਵਿਚ ਹੋਏ ਨਾਵਾਜਬ ਸਲੂਕ ਲਈ ਮਾਫ਼ੀ ਮੰਗੀ 'ਤੇ ਫਿਰ ਆਪਣੀ ਸ਼ਰਧਾ ਪਰਗਟ ਕਰਨ ਲੱਗ ਪਿਆ। "ਹੇ ਵੱਲੀ ਅੱਲਾਹ! ਆਪ ਠੀਕ ਹੀ ਇਕ ਮਹਾਨ ਪੁਰਸ਼ ਹੋ। ਦੇਸ ਦੇ ਸਾਰੇ ਹਿੰਦੂ ਆਪ ਜੀ ਨੂੰ ਗੁਰੂ ਮੰਨਦੇ ਹਨ। ਆਪ ਬਾਬਾ ਨਾਨਕ ਦੇ ਗੱਦੀ-ਨਸ਼ੀਨ ਹੋ। ਮੈਂ, ਬਾਬੇ ਨਾਨਕ ਦੇ ਸੇਵਕ ਬਾਬਰ ਦੀ ਔਲਾਦ ਹਾਂ। ਇਹ ਮੇਰੀ ਹਜ਼ੂਰ ਵਾਸਤੇ ਅਕੀਦਤ ਹੈ, ਕਿ ਮੈਂ ਆਪ ਜੀ ਨੂੰ ਆਪਣੇ ਮੁਰਸ਼ਦ ਦੀ ਗੱਦੀ ਉਤੇ ਬਿਠਾਇਆ ਹੈ। ਮੇਰੀ ਖ਼ਾਹਸ਼ ਹੈ, ਕਿ ਆਪ ਹਿੰਦੂਆਂ ਦੇ ਨਾਲ ਨਾਲ ਮੁਸਲਮਾਨਾਂ ਦੇ ਵੀ ਪੀਰ ਬਣ ਜਾਉ। ਏਸ ਤਰ੍ਹਾਂ ਆਪਣਾ ਸਾਰਿਆਂ ਦਾ ਭਲਾ ਹੈ। ਸਗੋਂ ਸਾਰੇ ਦੇਸ ਦਾ ਭਲਾ ਹੈ। ਮੇਰਾ ਮਤਲਿਬ ਆਪ ਸਮਝ ਗਏ ਹੋ। ਮੇਰੀ ਖ਼ਾਹਸ਼ ਹੈ, ਕਿ ਆਪ ਸੱਚਾ ਦੀਨ ਇਸਲਾਮ ਪਰਵਾਨ ਕਰ ਲਵੋ, ਤਾਂ ਸਾਰੇ ਹਿੰਦੂ ਮੁਸਲਮਾਨ ਹੋ ਜਾਣਗੇ। ਫਿਰ ਸਾਰੇ ਦੇਸ ਦਾ ਇਕੋ ਮਜ਼ਹਬ ਹੋਵੇਗਾ ਤੇ ਆਪ ਹੋਵੋਗੇ ਸਾਰੇ ਦੇਸ, ਸਗੋਂ ਸਾਰੀ ਇਸਲਾਮੀ ਦੁਨੀਆਂ ਦੇ ਪੀਰ। ਮੈਂ ਆਸ ਕਰਦਾ ਹਾਂ, ਕਿ ਆਪ ਮੇਰਾ ਹੰਮਾਂ ਨਹੀਂ ਤੋੜੋਗੇ।"

---

1 History of the Punjab, by Muhammad Latif, printed in 1964 ਈ. ਲਤੀਫ਼, ਪੰਨਾ ੨੫੯।

''ਐ ਬਾਦਸ਼ਾਹ !'' ਗੁਰਦੇਵ ਨੇ ਬੜੇ ਠਰੰਮੇ ਨਾਲ ਉਤਰ ਦਿਤਾ,''ਆਪ ਜੋ ਚਾਹੁੰਦੇ ਹੋ, ਅਸਾਂ ਸਮਝ ਲਿਆ ਹੈ। ਹਰ ਇਨਸਾਨ ਆਪਣੀ ਮਰਜ਼ੀ ਦਾ ਬਹੁਤ ਕੁਛ ਚਾਹੁੰਦਾ ਹੈ। ਪਰ ਹੁੰਦਾ ਓਹਾ ਹੈ, ਜੋ ਅਕਾਲ ਪੁਰਖ ਨੂੰ ਮਨਜ਼ੂਰ ਹੋਵੇ। ਉਹ ਸਾਥੋਂ ਤੁਹਾਥੋਂ ਬਹੁਤ ਵੱਡਾ ਹੈ। ਆਪਣੀਆਂ ਖ਼ਾਹਸ਼ਾਂ 'ਤੇ ਕਾਬੂ ਪਾ ਕੇ ਇਨਸਾਨ ਨੂੰ ਰਜ਼ਾ ਵਿਚ ਚੱਲਣ ਦਾ ਯਤਨ ਕਰਨਾ ਚਾਹੀਦਾ ਹੈ। ਹਿੰਦੂ, ਮੁਸਲਮਾਨ, ਸਿੱਖ, ਬੋਧੀ, ਸਭ ਓਸੇ ਦੇ ਕੀਤੇ ਹਨ। ਉਸਨੂੰ ਨਾ ਭਾਵੇ, ਤਾਂ ਕੋਈ ਇਕ ਪਲ ਨਾ ਰਹਿ ਸਕੇ। ਜੇ ਉਸਨੂੰ ਇਹ ਮਨਜ਼ੂਰ ਹੁੰਦਾ, ਕਿ ਸਭ ਲੋਕ ਇਕੋ ਮਜ਼ਹਬ ਨੂੰ ਮੰਨਣ ਵਾਲੇ ਹੋਣ, ਤਾਂ ਸ਼ੁਰੂ ਤੋਂ ਹੀ ਇਕੋ ਮਜ਼ਹਬ ਹੁੰਦਾ। ਦੂਸਰਾ ਕੋਈ ਧਰਮ ਵਜੂਦ ਵਿਚ ਹੀ ਨਾ ਆਉਂਦਾ। ਅਸਲ ਵਿਚ ਮਜ਼ਹਬ ਤਾਂ ਇਕ ਰਸਤਾ ਹੈ, ਪੱਥ ਹੈ, ਉਸ ਸਰਬ ਸ਼ਕਤੀਮਾਨ ਦੇ ਦਰਬਾਰ ਤਕ ਪਹੁੰਚਣ ਦਾ। ਤੇ ਹਰ ਇਕ ਨੂੰ ਆਪਣਾ ਆਪਣਾ ਰਸਤਾ ਭਾਵ ਪੰਥ ਪਿਆਰਾ ਲਗਦਾ ਹੈ। ਰੱਬ ਦੂਸਰੇ ਦੇ ਰਾਹ ਵਿਚ ਰੁਕਾਵਟ ਪਾਉਣ ਨਾਲ ਖ਼ੁਸ਼ ਨਹੀਂ ਹੁੰਦਾ, ਸਗੋਂ ਦੂਸਰੇ ਦੇ ਖ਼ਿਆਲਾਂ ਨੂੰ ਬਰਦਾਸ਼ਤ ਕਰਨ ਵਿਚ ਰਾਜ਼ੀ ਹੈ। ਸਾਡੇ ਵਿਚਾਰ ਅਨੁਸਾਰ ਹਰ ਇਕ ਨੂੰ ਆਪਣੇ ਆਪਣੇ ਨਿਸਚੇ ਮੁਤਾਬਕ ਉਸਦੀ ਆਰਾਧਨਾ ਕਰਨ ਦਾ ਹੱਕ ਹੈ। ਬਾਦਸ਼ਾਹ ਪਰਜਾ ਦਾ ਪਿਤਾ ਹੁੰਦਾ ਹੈ। ਉਸਨੂੰ ਆਪਣੇ ਪਿਆਰੇ ਬੱਚਿਆਂ ਨੂੰ ਇਕੋ ਜੇਹਾ ਸਮਝਣਾ ਚਾਹੀਦਾ ਹੈ, ਸਭ ਨੂੰ ਇਕੋ ਤਰ੍ਹਾਂ ਪਿਆਰ ਕਰਨਾ ਚਾਹੀਦਾ ਹੈ। ਅਸੀਂ ਤੁਹਾਡੇ ਪਾਸ ਵੀ ਏਹਾ ਆਸ ਲੈ ਕੇ ਆਏ ਹਾਂ। ਆਪ ਦੇਸ ਦੇ ਬਾਦਸ਼ਾਹ ਹੋ। ਹਿੰਦੂ, ਮੁਸਲਮਾਨ, ਸਭ ਤੁਹਾਡੀ ਪਰਜਾ ਹਨ। ਆਪ ਨੂੰ ਚਾਹੀਦਾ ਹੈ, ਸਭ ਨੂੰ ਇਕੋ ਜੇਹਾ ਸਮਝੋ। ਕਿਸੇ ਨਾਲ ਵੀ ਧੱਕਾ ਜਾਂ ਵਿਤਕਰਾ ਸ਼ੋਭਾ ਨਹੀਂ ਦੇਂਦਾ। ਜਿਵੇਂ ਮੁਸਲਮਾਨ ਨੂੰ ਆਪਣੇ ਅਸੂਲਾਂ ਮੁਤਾਬਕ ਖ਼ੁਦਾ ਦੀ ਪ੍ਰਸਤਸ਼ ਕਰਨ ਦਾ ਹੱਕ ਹੈ, ਓਸੇਤਰ੍ਹਾਂ ਹਿੰਦੂ ਨੂੰ ਵੀ ਆਪਣੀ ਸ਼ਰਧਾ ਅਨਸਾਰ ਭਗਵਾਨ ਦੀ ਪੂਜਾ ਕਰਨ ਦੀ ਆਗਿਆ ਹੋਣੀ ਚਾਹੀਦੀ ਹੈ।''

''ਮਹਾਰਾਜ !'' ਬਾਦਸ਼ਾਹ ਨੇ ਰਾਹੋਂ ਗੱਲ ਟੋਕ ਕੇ ਕਿਹਾ, ''ਆਪ ਹਿੰਦੂ ਨਹੀਂ ਹੋ। ਨਾ ਆਪ ਤਿਲਕ ਲਗਾਉਂਦੇ ਹੋ, ਨਾ ਜਨੇਊ ਪਹਿਨਦੇ ਹੋ। ਨਾ ਹੀ ਆਪ ਉਹਨਾਂ ਵਾਂਗ ਵਰਣ ਆਸ਼ਰਮ, ਜਾਤ ਪਾਤ ਮੰਨਦੇ ਹੋ, ਨਾ ਬੁੱਤ ਪੂਜਦੇ ਹੋ। ਆਪ ਤਾਂ ਇਕ ਨਿਰੰਕਾਰ ਦੇ ਪੁਜਾਰੀ ਹੋ, ਤੌਹੀਦ ਪ੍ਰਸਤ। ਫਿਰ ਆਪ ਪੱਥਰ-ਪੂਜ ਹਿੰਦੂਆਂ

ਦੀ ਸਫ਼ਾਰਸ਼ ਕਿਉਂ ਕਰਦੇ ਹੋ ?"

"ਠੀਕ ਹੈ । ਨਾ ਅਸੀਂ ਬੁੱਤ ਪੂਜਦੇ ਹਾਂ, ਨਾ ਤਿਲਕ ਜੰਞੂ ਦੇ ਧਾਰਨੀ ਹਾਂ । ਪਰ ਅਸੀਂ ਕਹਿੰਦੇ ਹਾਂ, ਕਿ ਜਿਵੇਂ ਮੋਮਨ ਨੂੰ ਸੰਗਿ-ਅਸਵਦ ਨਾਲ ਅਕੀਦਤ ਹੈ, ਉਸੇ ਤਰ੍ਹਾਂ ਹਿੰਦੂ ਨੂੰ ਆਪਣੇ ਠਾਕਰਾਂ ਵਿਚ ਸ਼ਰਧਾ ਹੈ । ਦੂਸਰਾ ਦੂਸਰੇ ਦੀ ਸ਼ਰਧਾ ਵਿਚ ਕਿਉਂ ਦਖ਼ਲ ਦੇਵੇ । ਸਾਡੀ ਰਾਏ ਅਨੁਸਾਰ ਧਰਮ ਦੇ ਮਸਲੇ ਵਿਚ ਹਰ ਇਕ ਨੂੰ ਆਜ਼ਾਦੀ ਹੋਣੀ ਚਾਹੀਦੀ ਹੈ । ਧਰਮ ਇਨਸਾਨ ਦੀ ਨਿੱਜੀ ਵਸਤੂ ਹੈ । ਇਸਦਾ ਸੰਬੰਧ ਸਰੀਰ ਨਾਲੋਂ ਵਧੇਰੇ ਆਤਮਾ ਨਾਲ ਹੈ । ਧੱਕੇ ਨਾਲ ਕਿਸੇ ਦਾ ਧਰਮ ਖੁਹਣਾ ਇਨਸਾਫ਼ ਨਹੀਂ । ਪਰਚਾਰ ਤੇ ਪਿਆਰ ਨਾਲ ਕਿਸੇ ਨੂੰ ਆਪਣੇ ਮਜ਼ਹਬ ਵਿਚ ਲੈ ਆਉਣਾ ਮਾੜਾ ਨਹੀਂ, ਪਰ ਤਲਵਾਰ ਦੇ ਜ਼ੋਰ ਕਿਸੇ ਦਾ ਧਰਮ ਖੁਹਣਾ ਪਾਪ ਹੈ । ਪਾਪ ਕਦੇ ਵੀ ਰੱਬ ਨੂੰ ਨਹੀਂ ਭਾਉਂਦਾ ।"

"ਮਹਾਰਾਜ !" ਔਰੰਗਜ਼ੇਬ ਜ਼ਰਾ ਤਲਖ਼ੀ ਨਾਲ ਬੋਲਿਆ । "ਆਪ ਨੂੰ ਇਹ ਕਦੇ ਨਹੀਂ ਭੁਲਣਾ ਚਾਹੀਦਾ, ਕਿ ਆਪ ਔਰੰਗਜ਼ੇਬ ਆਲਮਗੀਰ ਨਾਲ ਗੱਲ ਕਰ ਰਹੇ ਹੋ । ਖ਼ੁਦਾ ਦੇ ਸੱਚੇ ਮਜ਼ਹਬ ਵਾਸਤੇ ਮੈਂ ਸਭ ਕੁਛ ਕਰਨ ਲਈ ਤਿਆਰ ਹਾਂ । ਆਪ ਝੂਠੇ ਬੁੱਤ-ਪੂਜਾਂ ਦੀ ਤਰਫ਼ਦਾਰੀ ਕਰਕੇ ਆਪਣੇ ਵਾਸਤੇ ਮੁਸ਼ਕਲਾਂ ਪੈਦਾ ਕਰ ਰਹੇ ਹੋ । ਆਪ ਵਾਸਤੇ ਹਿੰਦੂ ਮੁਸਲਮਾਨ ਬਰਾਬਰ ਹਨ । ਫਿਰ ਆਪ ਇਕ ਫ਼ਿਰਕੇ ਦੀ ਮਦਦ 'ਤੇ ਕਿਉਂ ਖਲੇ ਹੋ ।"

"ਅਸੀਂ ਹਿੰਦੂਆਂ ਦੀ ਮਦਦ ਇਸ ਵਾਸਤੇ ਕਰ ਰਹੇ ਹਾਂ, ਕਿਉਂਕਿ ਉਹ ਕਮਜ਼ੋਰ ਹਨ, ਮਜ਼ਲੂਮ ਹਨ । ਕਦੇ ਮੁਸਲਮਾਨ ਨਿਰਬਲ ਹੁੰਦੇ ਤੇ ਕੋਈ ਜਰਵਾਣਾ ਹਿੰਦੂ ਉਹਨਾਂ ਉਤੇ ਧੱਕਾ ਕਰਦਾ, ਤਾਂ ਅਸੀਂ ਮੁਸਲਮਾਨਾਂ ਦੀ ਵੀ ਏਸੇ ਤਰ੍ਹਾਂ ਮਦਦ ਕਰਦੇ । ਅਸੀਂ ਤਾਂ ਸਿਰਫ਼ ਇਸ ਗੱਲ ਦੀ ਮੰਗ ਕਰਦੇ ਹਾਂ, ਕਿ ਹਰ ਇਕ ਨੂੰ ਆਪਣੀ ਮਰਜ਼ੀ ਮੁਤਾਬਕ ਰੱਬ ਦੀ ਪੂਜਾ ਕਰਨ ਦਾ ਹੱਕ ਹੋਣਾ ਚਾਹੀਦਾ ਹੈ । ਸਰਕਾਰ ਨੂੰ ਕਿਸੇ ਦੇ ਧਰਮ ਵਿਚ ਦਖ਼ਲ ਨਹੀਂ ਦੇਣਾ ਚਾਹੀਦਾ ।"

"ਐ ਹਿੰਦ ਦੇ ਪੀਰ !" ਬਾਦਸ਼ਾਹ ਜ਼ਰਾ ਗੁੱਸੇ ਨਾਲ ਬੋਲਿਆ, "ਸ਼ਹਿਨਸ਼ਾਹ ਸਲਾਮਤ ਕੋਲ ਬੇਫ਼ਾਇਦਾ ਬਹਿਸ ਵਿਚ ਗੁਆਉਣ ਜੋਗਾ ਵਕਤ ਨਹੀਂ । ਸਾਨੂੰ ਮਤਲਬ ਦੀਆਂ ਗੱਲਾਂ ਦਾ ਫ਼ੈਸਲਾ ਕਰਨਾ ਚਾਹੀਦਾ ਹੈ । ਕਸ਼ਮੀਰ ਦੇ ਪੰਡਤਾਂ ਦਾ ਮੇਜਰਨਾਵਾਂ ਸਾਡੇ ਸਾਮ੍ਹਣੇ ਹੈ । ਕੀ ਆਪ ਨੇ ਉਹਨਾਂ ਨੂੰ ਕੋਈ ਭਰੋਸਾ

ਦੁਆਇਆ ਸੀ ?"

"ਹਾਂ । ਗੁਰੂ ਨਾਨਕ ਦੇ ਦਰ 'ਤੇ ਆਏ ਕਿਸੇ ਨੂੰ ਵੀ ਨਿਰਾਸ ਨਹੀਂ ਮੋੜਿਆ ਜਾ ਸਕਦਾ । ਬੇ-ਸਹਾਰੇ ਦੀ ਸਹਾਇਤਾ ਕਰਨਾ ਸਾਡਾ ਧਰਮ ਹੈ ।"

"ਪਰ ਤੁਸਾਂ ਕਿਸ ਮਾਣ ਉਤੇ ਇਹ ਜ਼ਿੰਮੇਵਾਰੀ ਚੁੱਕੀ ?"

'ਮਾਣ ਤਾਂ ਸਭ ਨੂੰ ਉਸ ਅਕਾਲ ਪੁਰਖ ਦਾ ਹੈ । ਸਾਡਾ ਵਿਚਾਰ ਸੀ, ਕਿ ਆਪ ਇਕ ਇਨਸਾਫ਼ ਵਾਲੀ ਮੰਗ ਪਰਵਾਨ ਕਰ ਲਵੋਗੇ ।"

"ਪਰ ਹੁਣ ਤਾਂ ਤੁਹਾਨੂੰ ਯਕੀਨ ਹੋ ਗਿਆ ਹੋਵੇਗਾ, ਕਿ ਤੁਹਾਡੀ ਮੰਗ ਠੁਕਰਾਈ ਗਈ ਹੈ, ਕਿਉਂਕਿ ਉਹ ਇਨਸਾਫ਼ ਵਾਲੀ ਨਹੀਂ ।"

"ਠੁਕਰਾਈ ਗਈ ਹੈ, ਪਰ ਇਸਨੂੰ ਬੇਇਨਸਾਫ਼ੀ ਵਾਲੀ ਨਹੀਂ ਕਿਹਾ ਜਾ ਸਕਦਾ ।"

"ਮਹਾਰਾਜ ! ਆਪ ਵਿੱਦਵਾਨ ਹੋ, ਤੇ ਆਪਣਾ ਨਫ਼ਾ ਨੁਕਸਾਨ ਸੋਚ ਸਕਦੇ ਹੋ । ਹੁਣ ਬਾਦਸ਼ਾਹ ਦਾ ਹੁਕਮ ਸੁਣ ਲਵੋ । ਮੇਜਰਨਾਵੇਂ ਵਿਚ ਲਿਖਿਆ ਹੈ, ਕਿ ਹਿੰਦ ਦਾ ਪੀਰ ਮੁਸਲਮਾਨ ਹੋ ਜਾਵੇ, ਤਾਂ ਸਾਰੇ ਹਿੰਦੂ ਮੁਸਲਮਾਨ ਹੋ ਜਾਣਗੇ । ਇਸ ਦਾ ਮਤਲਿਬ, ਕਿ ਇਹ ਸਵਾਲ ਹੁਣ ਸਾਰੇ ਦੇਸ ਦਾ ਬਣ ਗਿਆ ਹੈ । ਸੋ, ਮੇਰੀਆਂ ਤਿੰਨ ਸ਼ਰਤਾਂ ਹਨ : ਆਪ ਇਸਲਾਮ ਪਰਵਾਨ ਕਰ ਲਵੋ, ਤਾ ਕਿ ਸਾਰੇ ਹਿੰਦੂ ਮੁਸਲਮਾਨ ਹੋ ਜਾਣ । ਮੈਂ ਤੁਹਾਨੂੰ ਮੂੰਹ ਮੰਗੀ ਜਾਗੀਰ ਦੇ ਕੇ ਸਾਰੇ ਇਸਲਾਮ ਦਾ ਪੀਰ ਬਣਾ ਦਿਆਂਗਾ । ਦੂਸਰੀ ਸ਼ਰਤ : ਆਪ ਕਰਾਮਾਤ ਵਿਖਾਓ, ਜਿਸ ਤੋਂ ਪਤਾ ਲੱਗ ਸੱਕੇ, ਕਿ ਆਪ ਖ਼ੁਦਾ ਦੇ ਭੇਜੇ ਹੋਏ ਪੈਗ਼ੰਬਰ ਹੋ । ਇਹ ਦੋਵੇਂ ਸ਼ਰਤਾਂ ਮਨਜ਼ੂਰ ਨਹੀਂ, ਤਾਂ ਆਪਣੀ ਜਾਨ ਦੇਣ ਵਾਸਤੇ ਤਿਆਰ ਹੋ ਜਾਓ[1] ।"

"ਬਾਦਸ਼ਾਹ ! ਪਹਿਲੀਆਂ ਦੋਵੇਂ ਸ਼ਰਤਾਂ ਪਰਵਾਨ ਨਹੀਂ । ਅਸੀਂ ਕਿਸੇ ਦੇ ਧਰਮ ਨੂੰ ਬੁਰਾ ਨਹੀਂ ਕਹਿੰਦੇ । ਪਰ ਆਪਣਾ ਧਰਮ ਛੱਡਣ ਵਾਸਤੇ ਕਿਸੇ ਕੀਮਤ 'ਤੇ ਵੀ ਤਿਆਰ ਨਹੀਂ । ਤੇ ਕਰਾਮਾਤ ਵਿਖਾਉਣੀ ? ਇਹ ਤਾਂ ਖ਼ੁਦਾ ਦੇ ਹੁਕਮ ਨੂੰ ਅਦੂਲਣ ਦੇ ਬਰਾਬਰ ਹੈ । ਖ਼ੁਦਾ ਦੇ ਬੰਦੇ ਕਰਾਮਾਤਾਂ ਦੇ ਝਮੇਲੇ ਵਿਚ ਨਹੀਂ ਪੈਂਦੇ । ਆਖ਼ਰੀ ਗੱਲ ਰਹੀ ਜਾਨ ਦੇਣ ਦੀ । ਭਲਾ ਇਸ ਗੱਲ ਦੀ ਕੀ ਚਿੰਤਾ ? ਸਾਡਾ

---

1. ਸੂਰਜ ਪ੍ਰਕਾਸ਼, ਰਾਸ ੧੨।

ਨਿਸਚਾ ਹੈ :

"ਜੋ ਉਪਜਿਓ, ਸੋ ਬਿਨਸਿ ਹੈ, ਪਰੋ ਆਜੁ ਕੈ ਕਾਲ ।[1]"

"ਨਾਲੇ,

"ਚਿੰਤਾ ਤਾਕੀ ਕੀਜੀਐ, ਜੋ ਅਨਹੋਨੀ ਹੋਇ ।

ਇਹ ਮਾਰਗ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ।

"ਸੋ, ਅਸੀਂ ਹਰ ਪ੍ਰੀਖਿਆ ਵਾਸਤੇ ਤਿਆਰ ਹਾਂ ।"

"ਐ ਹਿੰਦ ਦੇ ਪੀਰ ! ਜ਼ਬਾਨੀ ਐਸਾ ਕਹਿ ਲੈਣਾ ਸੌਖਾ ਹੈ, ਪਰ ਪਤਾ ਲਗਦਾ ਹੈ, ਇਮਤਿਹਾਨ ਵਿਚ ਪਿਆਂ । ਜਾਣਦੇ ਹੋ, ਤੁਹਾਡੇ ਨਾਲ ਕਿੰਨੀ-ਕੁ ਸਖ਼ਤੀ ਹੋ ਸਕਦੀ ਹੈ ?" ਬਾਦਸ਼ਾਹ ਨੇ ਧਮਕੀ ਭਰੇ ਲਹਿਜ਼ੇ ਵਿਚ ਕਿਹਾ ।

"ਹਾਂ, ਚੰਗੀ ਤਰ੍ਹਾਂ ਜਾਣਦੇ ਹਾਂ ।" ਗੁਰਦੇਵ ਨੇ ਓਸੇ ਤਰ੍ਹਾਂ ਠਰ੍ਹੰਮੇ ਨਾਲ ਕਿਹਾ। "ਅਨੰਦ ਪੁਰੋਂ ਤੁਰਨ ਤੋਂ ਪਹਿਲਾਂ ਹੀ ਸਭ ਕੁਛ ਸੋਚ ਲਿਆ ਸੀ । ਸਗੋਂ ਹਰ ਸਖ਼ਤੀ ਸਹਿਣ ਵਾਸਤੇ ਆਪਣੇ ਆਪ ਨੂੰ ਤਿਆਰ ਕਰ ਲਿਆ ਸੀ । ਅਸੀਂ ਤਿਆਰ ਹਾਂ । ਪਰ ਇਕ ਸ਼ਰਤ ਸਾਡੀ ਵੀ ਹੈ ।"

"ਕਹੋ ।"

"ਜੇ ਆਪ ਮਨ-ਚਾਹਿਆ ਜ਼ੁਲਮ ਕਰਕੇ ਵੀ ਸਾਡਾ ਧਰਮ ਨਾ ਖੁਹ ਸਕੋ, ਤਾਂ ਨਿਰਬਲ ਹਿੰਦੂਆਂ ਉਤੇ ਜ਼ੁਲਮ ਕਰਨਾ ਛੱਡ ਦਿਹੋਗੇ । ਅਸੀਂ ਸਾਰੇ ਮਜ਼ਲੂਮਾਂ ਵੱਲੋਂ ਆਪਣੇ ਆਪ ਨੂੰ ਪੇਸ਼ ਕਰਦੇ ਹਾਂ । ਆਪ ਸਾਰੀ ਤਾਕਤ ਲਾ ਕੇ ਅਜ਼ਮੱਾ ਲਵੋ ।"

ਇਹ ਗੁਰੂ ਤੇਗ਼ ਬਾਹਦਰ ਜੀ ਦੀ ਸਭ ਤੋਂ ਵੱਡੀ ਬਹਾਦਰੀ ਸੀ । ਜਾਂ ਸਮਝੋ, ਧਰਮ ਵੱਲੋਂ ਜ਼ੁਲਮ ਨੂੰ ਇਕ ਵੰਗਾਰ ਸੀ । ਜ਼ੁਲਮ ਤੇ ਸਚਾਈ ਦਾ ਘੋਲ, ਭਰਪੂਰ ਟੱਕਰ । ਤੇ ਇਸ ਤਰਜਬੇ ਵਾਸਤੇ ਗੁਰੂ ਮਹਾਰਾਜ ਨੇ ਖ਼ੁਸ਼ੀ ਨਾਲ ਆਪਣੇ ਆਪ ਨੂੰ ਪੇਸ਼ ਕੀਤਾ ਸੀ ।

## ਗੁਰੂ ਜੀ ਜੇਹਲ ਵਿਚ ਬੰਦ

ਔਰੰਗਜ਼ੇਬ ਵੱਲੋਂ ਗੁਰਦੇਵ 'ਤੇ ਸਖ਼ਤੀ ਸ਼ੁਰੂ ਹੋ ਗਈ । ਹਜ਼ੂਰ ਨੂੰ ਜੇਹਲ

---

1. ਸਲੋਕ ਮਹਲਾ ੯, ਪੰਨਾ ੧੪੨੯ ।

ਵਿਚ ਡੱਕ ਦਿਤਾ ਗਿਆ। ਕੁਛ ਸਖ਼ਤ ਸੁਭਾਉ ਦੇ ਕਾਜ਼ੀਆਂ ਨੂੰ ਗੁਰੂ ਜੀ ਦੀ ਨਿਗਰਾਨੀ ਰੱਖਣ ਦਾ ਹੁਕਮ ਦੇ ਦਿਤਾ ਗਿਆ। ਦਿੱਲੀ ਦੇ ਸਿੱਖਾਂ ਦਾ ਮਿਲਨਾ ਬੰਦ ਕਰ ਦਿਤਾ ਗਿਆ।

ਗੁਰਦੇਵ ਇਸ ਸਖ਼ਤੀ ਨੂੰ ਬੜੇ ਧੀਰਜ ਨਾਲ ਸਹਿ ਰਹੇ ਸਨ। ਨਾ ਉਹਨਾਂ ਦੀ ਜ਼ਬਾਨ 'ਤੇ ਕਿਸੇ ਦੇ ਵਿਰੁੱਧ ਗਿਲ੍ਹਾ ਸੀ, ਨਾ ਅਫ਼ਸੋਸ। ਮਹਾਰਾਜ ਸ਼ਾਂਤ ਸਨ। ਹਰ ਵੇਲੇ ਆਪ ਬਾਣੀ ਪੜ੍ਹਦੇ ਰਹਿੰਦੇ। ਇਸ ਉੱਚੀ ਅਵਸਥਾ ਦਾ ਅਸਰ ਜੇਹਲ ਦੇ ਦਾਰੋਗਾ ਖ਼੍ਵਾਜਾ ਅਬਦੁੱਲਾ ਤੇ ਉਸਦੇ ਮਾਤਹਿਤ ਮੈਮੂੰ ਖ਼ਾਂ ਉਤੇ ਬਹੁਤ ਪਿਆ। ਦਿਲੋਂ ਉਹ ਗੁਰਦੇਵ ਦੇ ਸ਼ਰਧਾਲੂ ਹੋ ਗਏ। ਜਿੰਨਾਂ ਹੋ ਸਕਦਾ, ਉਹ ਗੁਰਦੇਵ ਦੀ ਸੇਵਾ ਕਰਦੇ। ਪਰ ਬਾਦਸ਼ਾਹ ਤੇ ਉਹਦੇ ਸੂਹਿਆਂ (ਕਾਜ਼ੀਆਂ) ਤੋਂ ਡਰਦੇ ਉਹ ਵਧੇਰੇ ਕੁਛ ਨਹੀਂ ਸਨ ਕਰ ਸਕਦੇ।

ਅਨੰਦਪੁਰ ਤੋਂ ਦਿੱਲੀ ਤੇ ਦਿੱਲੀ ਤੋਂ ਅਨੰਦਪੁਰ ਰੋਜ਼ ਖ਼ਬਰ ਪਹੁੰਚਦੀ ਸੀ। ਹੁਣ ਚਿੱਠੀਆਂ ਲਿਆਉਣ ਵਾਲੇ ਸਿੱਖਾਂ ਦਾ ਖੁੱਲ੍ਹ-ਮ-ਖੁੱਲ੍ਹਾ ਮਿਲਨਾ ਬੰਦ ਕਰ ਦਿਤਾ ਗਿਆ। ਪਰ ਦਾਰੋਗਾ ਅਬਦੁੱਲਾ ਰਾਹੀਂ ਖ਼ਬਰ ਸਭ ਪਹੁੰਚਦੀ ਰਹਿੰਦੀ ਸੀ।

## ਮਤੀਦਾਸ ਦੀ ਸ਼ਹੀਦੀ

ਇਕ ਦਿਨ ਮਤੀ ਦਾਸ ਨੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਆਪ ਕਰਨ-ਕਾਰਨ ਸਮਰੱਥ ਹੋ। ਜ਼ਾਲਮ ਬਾਦਸ਼ਾਹ ਕਰਾਮਾਤ ਹੀ ਵੇਖਣਾ ਚਾਹੁੰਦਾ ਹੈ, ਤਾਂ ਆਪ ਅਜੇਹੀ ਕਰਾਮਾਤ ਵਿਖਾਉ, ਕਿ ਜ਼ਾਲਮ ਦਾ ਕੁਲਨਾਸ ਕਰ ਦਿਹੋ। ਹਜ਼ਾਰਾਂ ਦੁਖੀ, ਸੁਖ ਦਾ ਸਾਹ ਲੈਣਗੇ।"

"ਮਤੀ ਦਾਸ ਜੀ!" ਮਹਾਰਾਜ ਓਵੇਂ ਧੀਰਜ ਨਾਲ ਬੋਲੇ, "ਤੁਹਾਡੇ ਅੰਦਰ ਬਦਲੇ ਦੀ ਭਾਵਨਾ ਪੈਦਾ ਹੋ ਗਈ ਹੈ। ਸ਼ਾਂਤ ਹੋਵੋ। ਕਿਸੇ ਦਾ ਕੁਲ-ਨਾਸ ਕਰਨਾ ਜਾਂ ਰੱਖਣਾ ਅਕਾਲ-ਪੁਰਖ ਦੇ ਵੱਸ ਹੈ। ਆਪਾਂ ਉਹਦੇ ਕੰਮਾਂ ਵਿਚ ਕਿਉਂ ਦਖ਼ਲ ਦੇਈਏ। ਸਾਡਾ ਧਰਮ ਹੈ, 'ਹੁਕਮਿ ਰਜਾਈ ਚਲਣਾ।' ਜੋ ਕੁਛ ਹੋ ਰਿਹਾ ਹੈ, ਸਭ ਉਸਦੇ ਰੰਗ ਹਨ।"

ਸੂਹੀਏਂ ਕਾਜ਼ੀ ਨੇ ਇਹ ਖ਼ਬਰ ਬਾਦਸ਼ਾਹ ਤਕ ਜਾ ਪੁਚਾਈ। ਬਾਦਸ਼ਾਹ ਨੂੰ ਦਿਲ ਦਾ ਕਹਿਰ ਕਢਣ ਦਾ ਮੌਕਿਆ ਮਿਲ ਗਿਆ। ਅਗਲੇ ਦਿਨ ਉਹਨੇ ਮਤੀ

ਦਾਸ ਨੂੰ ਦਰਬਾਰ ਵਿਚ ਬੁਲਾ ਲਿਆ। ਮਤੀ ਦਾਸ ਕਹੇ ਸ਼ਬਦਾਂ ਤੋਂ ਮੁਕਰਿਆ ਨਹੀਂ। ਉਹਨੇ ਬਹਾਦਰਾਂ ਵਾਂਗ ਉਤਰ ਦਿਤਾ, "ਐ ਔਰੰਗਜ਼ੇਬ! ਮੇਰੇ ਗੁਰਦੇਵ ਸਮਰੱਥ ਹਨ। ਉਹ ਜੋ ਚਾਹੁਣ, ਕਰ ਸਕਦੇ ਹਨ। ਪਰ ਉਹ ਧਰਤੀ ਵਰਗੇ ਧੀਰਜ ਦੇ ਵੀ ਮਾਲਕ ਹਨ। ਉਹ ਸ਼ਾਂਤ ਰਹਿੰਦੇ ਹੋਏ ਸਭ ਕੁਛ ਸਹਾਰਨ ਦੀ ਸ਼ਕਤੀ ਰਖਦੇ ਹਨ। ਉਹ ਤੇਰੇ ਹਰ ਤਰ੍ਹਾਂ ਦੇ ਜ਼ੁਲਮ ਸਹਾਰ ਲੈਣਗੇ। ਪਰ ਜ਼ੁਲਮ ਕਰਨ ਵਾਲੇ ਦਾ ਤਾਂ ਨਾਸ ਹੋਵੇਗਾ ਹੀ। ਅਸੀਂ ਆਪਣੇ ਆਪ ਦੀ ਕੁਰਬਾਨੀ ਦੇਣ ਵਾਸਤੇ ਆਏ ਹਾਂ। ਸੋ ਹਾਜ਼ਰ ਹਾਂ।"

ਸੁਣ ਕੇ ਬਾਦਸ਼ਾਹ ਨੂੰ ਅੱਗ ਲੱਗ ਉਠੀ। ਉਹਨੇ ਮੌਤ ਦਾ ਹੁਕਮ ਦੇਂਦਿਆਂ ਮੁਫ਼ਤੀ ਦੀ ਰਾਇ ਪੁੱਛੀ, ਕਿ ਅਜੇਹੇ ਬਾਗੀ ਨੂੰ ਕਿਸ ਮੌਤੇ ਮਾਰਨਾ ਚਾਹੀਦਾ ਹੈ। ਮੁਫ਼ਤੀ ਨੇ ਆਰੇ ਨਾਲ ਚੀਰਨ ਦੀ ਸਲਾਹ ਦਿਤੀ। ਇਹ ਸਾਕਾ ਆਮ ਲੋਕਾਂ ਦੇ ਸਾਮ੍ਹਣੇ ਕੀਤਾ ਗਿਆ।

ਮੌਤ ਤੇ ਸਬਰ ਦੇ ਦੰਗਲ ਵਾਸਤੇ ਬੰਦੀਖ਼ਾਨੇ ਦੇ ਸਾਮ੍ਹਣੇ ਚਾਂਦਨੀ ਚੌਕ ਵਿਚ ਖੁੱਲ੍ਹਾ ਥਾਂ ਚੁਣਿਆਂ ਗਿਆ। ਹਜ਼ਾਰਾਂ ਲੋਕ ਵੇਖਣ ਵਾਸਤੇ ਇਕੱਠੇ ਹੋ ਗਏ। ਗੁਰੂ ਤੇਗ ਬਹਾਦਰ ਜੀ ਤੇ ਬਾਕੀ ਸਿੱਖ ਕੈਦੀ ਵੀ ਸਾਮ੍ਹਣੇ ਲਿਆਂਦੇ ਗਏ। ਉਦਾਲੇ ਫ਼ੌਜ ਦਾ ਸਖ਼ਤ ਪਹਿਰਾ ਸੀ। ਅਜੇਹੇ ਕਾਰੇ ਖੁੱਲ੍ਹੇ-ਆਮ ਇਸ ਵਾਸਤੇ ਕੀਤੇ ਜਾਂਦੇ ਸਨ, ਤਾਕਿ ਵੇਖਣ ਵਾਲਿਆਂ ਦੇ ਦਿਲਾਂ 'ਤੇ ਸਰਕਾਰ ਦਾ ਭੈ ਬਣਿਆਂ ਰਹੇ। ਸ਼ਖ਼ਸੀ ਹਕੂਮਤਾਂ ਦੇ ਜ਼ਮਾਨੇ ਦੁਨੀਆਂ ਦੇ ਹਰ ਹਿੱਸੇ ਵਿਚ ਅਜੇਹਾ ਕਹਿਰ ਹੁੰਦਾ ਰਿਹਾ ਰਿਹਾ ਹੈ।

ਮਤੀ ਦਾਸ ਨੂੰ ਲੱਕੜੀ ਦੇ ਦੋ ਫੱਟਿਆਂ ਵਿਚ ਕੱਸ ਕੇ ਬੰਨ੍ਹ ਦਿਤਾ ਗਿਆ। ਆਖ਼ਰੀ ਵਾਰ ਉਸਨੂੰ ਇਸਲਾਮ ਜਾਂ ਮੌਤ ਵਿਚੋਂ ਚੋਣ ਕਰਨ ਵਾਸਤੇ ਕਿਹਾ ਗਿਆ। ਮਤੀ ਦਾਸ ਨੇ ਉਤਰ ਦਿਤਾ, "ਧਰਮ ਵਾਸਤੇ ਸ਼ਹੀਦ ਹੋਣ ਵਾਲੇ ਕਦੇ ਡੋਲੇ ਨਹੀਂ। ਤੁਸੀਂ ਛੇਤੀ ਆਪਣਾ ਕਾਰਜ ਕਰੋ। ਅਜੇਹੀ ਮੌਤ ਕਿਸੇ ਭਾਗਾਂ ਵਾਲੇ ਨੂੰ ਨਸੀਬ ਹੁੰਦੀ ਹੈ। ਭਲਾ ਮੈਂ ਇਸ ਤੋਂ ਕਿਉਂ ਮੂੰਹ ਮੋੜਾਂ? ਮੈਂ ਤਿਆਰ ਹਾਂ।"

ਦਿਲ ਹਿਲਾ ਦੇਣ ਵਾਲਾ ਸਾਕਾ ਹੋਇਆ। ਜਲਾਦਾਂ ਨੇ ਆਰਾ ਖਿਚਣਾ ਸ਼ੁਰੂ ਕੀਤਾ ਤੇ ਸਿੱਖ ਨੇ 'ਜਪੁ ਜੀ' ਸਾਹਿਬ ਦਾ ਪਾਠ। ਖ਼ੂਨ ਦੀਆਂ ਧਾਰਾਂ ਵਹਿ ਤੁਰੀਆਂ। ਗੁਰਦੇਵ ਤੇ ਸਿੱਖ ਅਡੋਲ ਸਨ। ਪਰ ਉਦਾਲੇ ਵੇਖਣ ਵਾਲੇ ਕੇਈ ਆਹੀਂ ਭਰ ਰਹੇ

ਸਨ। ਅੱਖਾਂ ਦੇ ਹੰਝੂ ਉਹ ਵਿਚੇ ਵਿਚ ਪੀ ਰਹੇ ਸਨ। ਸਰਕਾਰ ਤੋਂ ਡਰਦੇ ਉਹ ਉਚੀ ਰੋ ਵੀ ਨਹੀਂ ਸਨ ਸਕਦੇ। ਲੱਕੜ ਦੀ ਗੇਲੀ ਵਾਂਗ ਮਤੀ ਦਾਸ ਨੂੰ ਦੋ-ਫਾੜ ਚੀਰ ਦਿਤਾ ਗਿਆ।

## ਦਿਆਲੇ ਦੀ ਸ਼ਹੀਦੀ

ਇਹ ਕਹਿਰ ਵੇਖ ਕੇ ਭਾਈ ਦਿਆਲੇ ਤੋਂ ਸਹਾਰਿਆ ਨਾ ਗਿਆ। ਉਹ ਰੋਹ ਵਿਚ ਬੋਲ ਉਠੇ, "ਤੁਸਾਂ ਇਕ ਸਿਦਕੀ ਸਿੱਖ ਨੂੰ ਨਹੀਂ ਚੀਰਿਆ, ਮੁਗ਼ਲ ਰਾਜ ਦੀਆਂ ਜੜ੍ਹਾਂ ਚੀਰ ਦਿਤੀਆਂ ਹਨ। ਹੁਣ ਇਹ ਰਾਜ ਬਹੁਤਾ ਚਿਰ ਨਹੀਂ ਟਿਕੇਗਾ।"

ਮੁਫ਼ਤੀ ਵੱਲੋਂ ਭਾਈ ਦਿਆਲੇ ਵਾਸਤੇ ਵੀ ਫ਼ਤਵਾ ਸੁਣਾ ਦਿਤਾ ਗਿਆ। ਜਿਉਂਦੇ-ਜੀ ਦੇਗ਼ ਵਿਚ ਉਬਾਲ ਕੇ ਸ਼ਹੀਦ ਕਰਨ ਦਾ। ਅਮਾਨਸਿਕ ਨਿਰਦੈਤਾ। ਸੰਤ ਸਰੂਪ ਭਾਈ ਦਿਆਲਾ ਜੀ ਨੂੰ ਦੇਗ਼ ਵਿਚ ਬਿਠਾ ਕੇ ਉਬਾਲ ਦਿਤਾ ਗਿਆ। ਰਿੱਝ ਰਿੱਝ ਕੇ ਹੱਡੀਆਂ ਨਾਲੋਂ ਮਾਸ ਅਲੱਗ ਹੋ ਗਿਆ। ਹੁੰਦੇ ਸਾਸੀਂ ਸਿੱਖ ਨੇ ਮੂੰਹੋ 'ਸੀ' ਨਹੀਂ ਕੀਤੀ। ਇਹ ਜ਼ੁਲਮ ਵੇਖ ਕੇ ਸਾਰਾ ਸ਼ਹਿਰ ਕੰਬ ਉਠਿਆ।

## ਗੁਰੂ ਜੀ ਨੂੰ ਧਮਕੀ

ਮੁਫ਼ਤੀ ਨੇ ਮੱਥੇ 'ਤੇ ਤਿਉੜੀ ਪਾ ਕੇ ਗੁਰਦੇਵ ਨੂੰ ਬੜੀ ਧਮਕੀ ਭਰੀ ਸੁਰ ਵਿਚ ਕਿਹਾ, "ਮਹਾਰਾਜ! ਜੋ ਤੁਹਾਡੇ ਸਿੱਖਾਂ ਦਾ ਹਾਲ ਹੋਇਆ ਹੈ ਤੁਸਾਂ ਵੇਖ ਲਿਆ ਹੈ। ਬਾਦਸ਼ਾਹ ਸਲਾਮਤ ਆਪ ਜੀ ਨੂੰ ਸੋਚਣ ਵਾਸਤੇ ਕੁਛ ਹੋਰ ਸਮਾਂ ਦੇਣਾ ਚਾਹੁੰਦੇ ਹਨ। ਯਾਦ ਰੱਖੋ, ਜਾਂ ਇਸਲਾਮ, ਜਾਂ ਫਿਰ ਇਸ ਤੋਂ ਵੀ ਵੱਧ ਕਸ਼ਟ।"

"ਹੇ ਭਲੇ ਪੁਰਸ਼! ਇਹ ਸਭ ਉਸ ਮਾਲਕ ਦੇ ਹੱਥ ਹੈ। ਸਾਡਾ ਫ਼ਰਜ਼ ਤਾਂ ਉਸਦੀ ਰਜ਼ਾ ਵਿਚ ਰਾਜ਼ੀ ਰਹਿਣਾ ਹੈ।" ਮਹਾਰਾਜ ਓਵੇਂ ਸ਼ਾਂਤ ਸਨ।

## ਗੁਰੂ ਜੀ ਨੂੰ ਨੱਸ ਜਾਣ ਦੀ ਸਾਲਹ

ਸਾਰੇ ਸਮਝ ਗਏ, ਕਿ ਹੁਣ ਵਾਰੀ ਗੁਰੂ ਤੇਗ਼ ਬਹਾਦਰ ਜੀ ਦੀ ਹੈ। ਮਹਾਰਾਜ ਨੂੰ ਸਮੇਤ ਸਿੱਖਾਂ ਫਿਰ ਜੇਹਲ ਵਿਚ ਬੰਦ ਕਰ ਦਿਤਾ ਗਿਆ। ਅੱਧੀ ਰਾਤ ਦੇ ਕਰੀਬ ਦਾਰੋਗ਼ਾ ਅਬਦੁੱਲਾ ਗੁਰੂ ਜੀ ਦੇ ਹਾਜ਼ਰ ਹੋਇਆ। ਉਹਦੀਆਂ ਅੱਖਾਂ ਹੰਝੂਆਂ ਨਾਲ਼ ਭਰੀਆਂ ਹੋਈਆਂ ਸਨ। ਉਹਨੇ ਹੱਥ ਬੰਨ੍ਹ ਕੇ ਬੇਨਤੀ ਕੀਤੀ, "ਐ ਵਾਲੀ ਦੋ-ਜਹਾਨ!

ਏਨਾ ਕਹਿਰ ਹੁਣ ਸਹਾਰਿਆ ਨਹੀਂ ਜਾਂਦਾ। ਜੋ ਅੱਜ ਦੋ ਸਿੱਖਾਂ ਨਾਲ ਹੋਇਆ ਹੈ, ਕੱਲ੍ਹ ਨੂੰ ਆਪ ਜੀ ਦੇ ਨਾਲ ਵੀ ਹੋਵੇਗਾ। ਬੇਨਤੀ ਮੰਨੋ। ਰਾਤੋ ਰਾਤ ਆਪ ਜੇਹਲ ਵਿਚੋਂ ਨਿਕਲ ਚੱਲੋ। ਮੇਰੇ ਬੰਦੇ ਨਾਲ ਹੋਣਗੇ। ਮੈਂ ਆਪ ਸੇਵਾ ਵਿਚ ਹਾਜ਼ਰ ਹੋਵਾਂਗਾ। ਹੋਰ ਕੋਈ ਚਾਰਾ ਨਹੀਂ। ਆਗਿਆ ਬਖ਼ਸ਼ੋ। ਥੋੜੇ ਸਮੇਂ ਵਿਚ ਸਭ ਪਰਬੰਧ ਹੋ ਜਾਵੇਗਾ।"

"ਭਾਈ ਅਬਦੁੱਲਾ!" ਦਇਆ ਦੇ ਪੁੰਜ ਗੁਰਦੇਵ ਓਸੇ ਧੀਰਜ ਨਾਲ ਬੋਲੇ, "ਅਸਾਂ ਜਾਣਾ ਹੁੰਦਾ, ਤਾਂ ਪਹਿਲਾਂ ਆਉਂਦੇ ਹੀ ਕਿਉਂ। ਸਾਡੇ ਸਾਮ੍ਹਣੇ ਕੋਈ ਮਜਬੂਰੀ ਨਹੀਂ ਸੀ। ਜੋ ਦੂਸਰਿਆਂ ਦਾ ਦੁੱਖ ਆਪਣੇ ਸਿਰ ਲੈਂਦੇ ਹਨ, ਉਹ ਕਸ਼ਟਾਂ ਤੋਂ ਨਹੀਂ ਘਬਰਾਇਆ ਕਰਦੇ। ਜਿਸ ਕਾਰਜ ਵਾਸਤੇ ਅਸੀਂ ਆਏ ਹਾਂ, ਉਹ ਕੁਰਬਾਨੀ ਦਿਤੇ ਬਿਨਾਂ ਨੇਪਰੇ ਨਹੀਂ ਚੜ੍ਹਨਾ। ਮੁਰਦਾ ਹੋ ਚੁੱਕੀ ਕੌਮ ਨੂੰ ਨਵਾਂ ਜੀਵਨ ਦੇਣ ਵਾਸਤੇ ਕੁਰਬਾਨੀ ਦੀ ਅਤੀ ਲੋੜ ਹੈ। ਅਕਾਲ ਪੁਰਖ ਦੇ ਹੁਕਮ ਨਾਲ ਇਹ ਲੋੜ ਪੂਰੀ ਕਰਨ ਵਾਸਤੇ ਅਸਾਂ ਆਪਣੇ ਆਪ ਨੂੰ ਖ਼ੁਸ਼ੀ ਨਾਲ ਪੇਸ਼ ਕੀਤਾ ਹੈ। ਕਰਤਾਰ ਦੇ ਰੰਗ ਵੇਖੋ।"

## ਤਿੰਨ ਸਿੱਖ ਜੇਹਲ ਵਿਚੋਂ ਨਿਕਲ ਗਏ

"ਮਹਾਰਾਜ! ਸਾਡੇ ਵਾਸਤੇ ਕੀ ਹੁਕਮ ਹੈ?" ਨਾਲ ਦੇ ਸਿੱਖਾਂ ਵਿਚੋਂ ਇਕ ਨੇ ਪੁਛਿਆ।

"ਤੁਸੀਂ ਜਾ ਸਕਦੇ ਹੋ। ਪਰ ਯਾਦ ਰੱਖਣਾ, ਆਪਣਾ ਉਦੇਸ਼ ਨਹੀਂ ਭੁੱਲਣਾ। ਜਿਸ ਸ਼ੁਭ ਕਾਰਜ ਵਾਸਤੇ ਏਥੇ ਸ਼ਹੀਦ ਹੋਣਾ ਹੈ, ਓਸੇ ਕਾਰਜ ਵਾਸਤੇ ਜਿਉਣ ਦਾ ਯਤਨ ਕਰਨਾ। ਹਾਂ, ਦਸਵੇਂ ਗੁਰੂ ਗੋਬਿੰਦ (ਸਿੰਘ) ਵਾਸਤੇ ਗੁਰਿਆਈ ਦੀ ਭੇਟਾ ਲੈਂਦੇ ਜਾਓ।"

ਭਾਵੇਂ ਅਨੰਦਪੁਰ ਤੋਂ ਚੱਲਣ ਲੱਗੇ ਗੁਰੂ ਤੇਗ਼ ਬਹਾਦਰ ਸਾਹਿਬ, ਅਮਲੀ ਤੌਰ ਉਤੇ ਸਾਹਿਬਜ਼ਾਦੇ (ਗੁਰੂ ਗੋਬਿੰਦ ਸਿੰਘ) ਨੂੰ ਗੱਦੀ ਸੌਂਪ ਆਏ ਸਨ[1], ਪਰ ਰਸਮ

---

1. Evolution of The Khalsa, vol. II, by Indubhusan Banerjee, Second Edition, P. 64.

ਪੂਰੀ ਕਰਨ ਵਾਸਤੇ ਹਜ਼ੂਰ ਨੇ ਦਿੱਲੀ ਤੋਂ ਸਿੱਖਾਂ ਹੱਥ ਪੰਜ ਪੈਸੇ ਦੇ ਕੇ ਹੁਕਮ ਕੀਤਾ, ''ਅੱਜ ਤੋਂ ਗੁਰੂ ਨਾਨਕ ਦੀ ਗੱਦੀ ਦੇ ਮਾਲਕ ਗੁਰੂ ਗੋਬਿੰਦ ਰਾਇ (ਸਿੰਘ) ਜੀ ਹਨ।'' ਨਾਲ ਹੀ ਮਹਾਰਾਜ ਨੇ ਅਨੰਦਪੁਰ ਵੱਲ ਮੂੰਹ ਕਰ ਕੇ ਸਿਰ ਝੁਕਾ ਦਿਤਾ।

## ਗੁਰ ਜੀ ਲੋਹੇ ਦੇ ਪਿੰਜਰੇ ਵਿਚ

ਖ਼੍ਵਾਜਾ ਅਬਦੁੱਲਾ' ਦੀ ਸਹਾਇਤਾ ਨਾਲ ਬਾਕੀ ਤਿੰਨੇ ਸਿੱਖ ਜੇਹਲ ਵਿਚੋਂ ਨਿਕਲ ਗਏ। ਉਹਨੀਂ ਦਿਨੀਂ ਅਜੇਹਾ ਆਮ ਹੋਇਆ ਕਰਦਾ ਸੀ। ਔਰੰਗਜ਼ੇਬ ਨੂੰ ਖ਼ਬਰ ਪਹੁੰਚੀ, ਤਾਂ ਉਹ ਬਹੁਤ ਖ਼ਫ਼ਾ ਹੋਇਆ। ਗੁਰੂ ਤੇਗ ਬਹਾਦਰ ਸਾਹਿਬ ਨੂੰ ਲੋਹੇ ਦੇ ਪਿੰਜਰੇ ਵਿਚ ਬੰਦ ਕਰ ਦਿਤਾ ਗਿਆ। ਲੋਹੇ ਦਾ ਪਿੰਜਰਾ, ਜਿਸਦੇ ਅੰਦਰ ਨੂੰ ਸੂਲਾਂ ਵਰਗੇ ਤਿੱਖੇ ਕਿੱਲ ਮੁੜੇ ਹੋਏ ਸਨ। ਨਾ ਉਸ ਵਿਚ ਆਦਮੀ ਆਰਾਮ ਨਾਲ ਬੈਠ ਸਕਦਾ ਸੀ, ਨਾ ਸਿੱਧਾ ਖਲਾ ਹੋ ਸਕਦਾ ਸੀ। ਹਜ਼ੂਰ ਨੂੰ ਉਸ ਵਿਚ ਕੋਡੇ ਹੋ ਕੇ ਖਲੋਣਾ ਪਿਆ। ਇਹ ਸਜ਼ਾ ਏਨੀ ਸ਼ਖ਼ਤ ਸੀ, ਜਿਸਨੂੰ ਕੋਈ ਸਾਧਾਰਨ ਆਦਮੀ ਨਹੀਂ ਸਹਾਰ ਸਕਦਾ। ਕਛ ਦਿਨ ਮਹਾਰਾਜ ਨੂੰ ਉਸ ਪਿੰਜਰੇ ਵਿਚ ਕੁੱਬੇ ਲੱਕ ਖਲੋ ਕੇ ਭੁੱਖਿਆਂ ਤਿਹਾਇਆਂ ਕੱਟਣੇ ਪਏ।

## ਬਾਦਸ਼ਾਹ ਨਾਲ ਦੂਸਰੀ ਮੁਲਾਕਾਤ

ਕੁਛ ਦਿਨਾਂ ਪਿਛੋਂ ਔਰੰਗਜ਼ੇਬ ਨੇ ਗੁਰੂ ਜੀ ਨੂੰ ਫਿਰ ਸਾਮ੍ਹਣੇ ਬੁਲਾਇਆ। ਪਹਿਲੀ ਪੇਸ਼ੀ ਵਾਲੇ ਸਵਾਲ ਜਵਾਬ ਫਿਰ ਦੁਹਰਾਏ ਗਏ।

---

2. ਤਵਾਰੀਖ਼ ਗੁਰੂ ਖ਼ਾਲਸਾ ਵਿਚ ਗਿ. ਗਿਆਨ ਸਿੰਘ ਲਿਖਦੇ ਹਨ, ਕਿ ਗੁਰੂ ਜੀ ਦੀ ਸ਼ਹੀਦੀ ਪਿਛੋਂ ਦਰੋਗ਼ਾ ਅਬਦੁੱਲਾ ਗੁਰੂ ਜੀ ਦੇ ਬਸਤਰ ਲੈ ਕੇ ਅਨੰਦਪੁਰ ਚਲਾ ਗਿਆ ਸੀ। (ਉਸਨੇ ਸੋਚਿਆ ਹੋਵੇਗਾ, ਕਿ ਕਦੇ ਨਾ ਕਦੇ ਤਿੰਨ ਸਿੱਖਾਂ ਦੇ ਜੇਹਲ ਵਿਚੋਂ ਨਿਕਲ ਜਾਣ ਵਿਚ ਸਹਾਇਤਾ ਕਰਨ ਦਾ ਦੋਸ਼ ਉਸਦੇ ਸਿਰ ਲਾਇਆ ਜਾਵੇਗਾ, ਤੇ ਉਸਨੂੰ ਬਾਦਸ਼ਾਹ ਦੇ ਗੁੱਸੇ ਦਾ ਸ਼ਕਾਰ ਹੋਣਾ ਪਵੇਗਾ। ਏਸ ਗੱਲੋਂ ਡਰਦਾ ਉਹ ਦਿੱਲੀ ਛਡ ਕੇ ਨੱਸ ਗਿਆ।)

"ਜਿਸ ਢੰਗ ਨਾਲ ਤੁਹਾਡੇ ਦੋ ਸਿੱਖ ਸ਼ਹੀਦ ਕੀਤੇ ਗਏ ਹਨ, ਆਸ ਹੈ, ਉਹ ਤੁਹਾਨੂੰ ਭੁੱਲੇ ਨਹੀਂ ਹੋਣਗੇ।" ਔਰੰਗਜ਼ੇਬ ਨੇ ਧਮਕੀ ਭਰੀ ਸੁਰ ਵਿਚ ਕਿਹਾ।

"ਸਾਡੇ ਵਿਚਾਰ ਅਨੁਸਾਰ, ਉਹ ਕਈ ਸਦੀਆਂ ਤਕ ਸਾਰੇ ਦੇਸ ਨੂੰ ਯਾਦ ਰਹਿਣਗੇ।" ਗੁਰਦੇਵ ਨੇ ਬੜੇ ਧੀਰਜ ਨਾਲ ਉਤਰ ਦਿਤਾ।

"ਕੀ ਤੁਸੀਂ ਸਮਝਦੇ ਹੋ, ਤੁਹਾਡੇ ਨਾਲ ਉਸ ਤੋਂ ਘੱਟ ਹੋਵੇਗੀ ?"

"ਜੋ ਵੀ ਹੋਵੇ, ਅਸੀਂ ਉਸ ਵਾਸਤੇ ਤਿਆਰ ਹੋ ਕੇ ਆਏ ਹਾਂ।"

"ਕੀ ਤੁਹਾਡੇ ਮਨ ਵਿਚ ਭੈ ਨਹੀਂ ?"

"ਗੁਰੂ ਨਾਨਕ ਦੀ ਕਿਰਪਾ ਨਾਲ ਸਾਨੂੰ ਕੁਛ ਗਿਆਨ ਹੋ ਗਿਆ ਹੈ। ਤੇ ਗਿਆਨਵਾਨ ਪੁਰਸ਼ ਨਾ ਕਿਸੇ ਤੋਂ ਡਰਦਾ ਹੈ, ਨਾ ਕਿਸੇ ਨੂੰ ਡਰਾਉਂਦਾ ਹੈ।" ਫਿਰ ਗੁਰੂ ਜੀ ਨੇ ਇਕ ਮਹਾਨ ਦਾਰਸ਼ਨਿਕ ਦੀ ਹੈਸੀਅਤ ਵਿਚ ਕਿਹਾ :

"ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨਿ ॥
ਕਹੁ ਨਾਨਕ ਸੁਨਿ ਰੇ ਮਨਾ, ਗਿਆਨੀ ਤਾਹਿ ਬਖਾਨਿ ॥"

ਦੋ ਮਿੰਟ ਚੁੱਪ ਰਹਿਣ ਪਿਛੋਂ ਔਰੰਗਜ਼ੇਬ ਨੇ ਫਿਰ ਕਿਹਾ, "ਮਹਾਰਾਜ ! ਜ਼ਰਾ ਠੰਢੇ ਦਿਲ ਨਾਲ ਸੋਚ ਲਵੋ। ਇਸਲਾਮ ਪਰਵਾਨ ਕਰ ਲੈਣ ਬਦਲੇ ਸਾਰੀ ਇਸਲਾਮੀ ਦੁਨੀਆਂ ਦੇ ਪੀਰ ਬਣਾ ਦਿਤੇ ਜਾਉਗੇ, ਤੇ ਇਨਕਾਰ ਕਰਨ ਬਦਲੇ ਅਣਿਆਈ ਮੌਤ।"

"ਐ ਬਾਦਸ਼ਾਹ ! ਜੋ ਆਇਆ ਹੀ ਸ਼ਹੀਦ ਹੋਣ ਵਾਸਤੇ ਹੈ, ਉਸ ਨੂੰ ਵਾਰ ਵਾਰ ਇਹ ਸਵਾਲ ਪੁਛਣ ਦਾ ਕੀ ਫ਼ਾਇਦਾ ? ਅਸੀਂ ਤਿਆਰ ਹਾਂ।"

"ਫਿਰ ਕਰਾਮਾਤ ਵਿਖਾ ਦਿਹੋ। ਜਾਨ ਬਖ਼ਸ਼ੀ ਹੋ ਜਾਏਗੀ।"

"ਇਨਸਾਨੀ ਜੀਵਨ ਦੀ ਸਭ ਤੋਂ ਵੱਡੀ ਕਰਾਮਾਤ ਏਹਾ ਹੈ, ਕਿ ਆਪਣੇ ਧਰਮ ਬਦਲੇ ਜਾਨ ਦੇ ਦਿਤੀ ਜਾਵੇ।"

"ਇਕ ਸਵਾਲ ਹੋਰ ਪੁਛਣਾ ਚਾਹੁੰਦਾ ਹਾਂ। ਆਪ ਜੀ ਦਾ ਨਾਮ 'ਤੇਗ ਬਹਾਦਰ' ਹੈ। ਇਸਦਾ ਅਰਥ ?"

"ਅਰਥ ਏਹਾ ਹੈ, ਕਿ ਤੇਰੇ ਜ਼ੁਲਮ ਦੀ ਤੇਗ ਦੇ ਸਾਮ੍ਹਣੇ ਅਸੀਂ ਬਹਾਦਰਾਂ ਵਾਂਗ ਛਾਤੀ ਤਾਣ ਕੇ ਖਲੋ ਹਾਂ।"

"ਮੈਂ ਨਹੀਂ ਸਾਂ ਚਾਹੁੰਦਾ, ਕਿ ਤੁਹਾਡੇ ਵਰਗੀ ਨੇਕ ਹਸਤੀ ਨੂੰ ਮਿਟਾ ਦਿਤਾ

ਜਾਵੇ। ਮੈਂ ਆਪ ਜੀ ਨੂੰ ਆਪਣੇ ਮੁਰਸ਼ਦ ਦੀ ਗੱਦੀ ਉਤੇ ਬਿਠਾਇਆ ਸੀ। ਇਹ ਮੇਰੀ ਦਿਲੀ ਅਕੀਦਤ ਸੀ। ਪਰ ਮੈਂ ਇਹ ਵੀ ਬਰਦਾਸ਼ਤ ਨਹੀਂ ਕਰ ਸਕਦਾ, ਕਿ ਆਪ ਜੈਸਾ ਨੇਕ ਇਨਸਾਨ ਇਸਲਾਮ ਦੇ ਦਾਇਰੇ ਤੋਂ ਬਾਹਰ ਰਹੇ। ਪਰ ਆਪ ਨੇ ਹਠ ਕਰਕੇ ਨਫ਼ਾ ਨੁਕਸਾਨ ਨਹੀਂ ਸੋਚਿਆ। ਚਾਰ ਪਹਿਰ ਹੋਰ ਮੁਹਲਤ ਹੈ ਸੋਚਣ ਵਾਸਤੇ। ਕੱਲ੍ਹ ਦਸ ਵਜੇ ਆਪ ਜੀ ਦੇ ਜੀਵਨ ਦਾ ਫ਼ੈਸਲਾ ਕਰ ਦਿਤਾ ਜਾਵੇਗਾ।" ਬਾਦਸ਼ਾਹ ਨੇ ਆਖ਼ਰੀ ਹੁਕਮ ਸੁਣਾ ਦਿਤਾ।

ਅਗਲੇ ਦਿਨ ਦਸ ਵਜੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਚਾਂਦਨੀ ਚੌਕ ਵਿਚ (ਜਿੱਥੇ ਅੱਜ ਕੱਲ੍ਹ ਗੁਰਦਵਾਰਾ ਸੀਸ ਗੰਜ ਹੈ) ਸ਼ਹੀਦ ਹੋਣ ਵਾਸਤੇ ਲਿਆਂਦਾ ਗਿਆ। ਉਸ ਦਿਨ ਵੀਰਵਾਰ ਸੀ, ਮਿਤੀ ਬਾਰਾਂ ਮੱਘਰ, ਮੱਘਰ ਸੁਦੀ ਪੰਜ, ਸੰਮਤ ੧੭੩੨ ਬਿ. (੧੧ ਨੰਵਬਰ, ੧੬੭੫ ਈ.)। ਮਹਾਰਾਜ ਸਵੇਰ ਤੋਂ ਹੀ ਇਸ਼ਨਾਨ ਤੇ ਪਾਠ ਕਰਕੇ ਤਿਆਰ ਸਨ। ਔਰੰਗਜ਼ੇਬ ਆਪ ਉਸ ਵੇਲੇ ਮੌਜੂਦ ਸੀ। ਉਦਾਲੇ ਪੋਲੀਸ ਦਾ ਸਖ਼ਤ ਪਹਿਰਾ ਸੀ। ਹਜ਼ਾਰਾਂ ਦੀ ਗਿਣਤੀ ਵਿਚ ਵੇਖਣ ਵਾਲੇ ਲੋਕ ਉਦਾਲੇ ਸਹਿਮੇ ਖਲੋ ਸਨ। ਰਵਾਜ ਪੂਰਾ ਕਰਨ ਵਾਸਤੇ ਮੁਫ਼ਤੀ ਨੇ ਇਕ ਵਾਰ ਫਿਰ ਓਹਾ ਸ਼ਰਤਾਂ ਦੁਹਰਾਈਆਂ 'ਜਾਂ ਇਸਲਾਮ ਧਾਰਨ ਕਰੋ, ਜਾਂ ਕਾਰਮਾਤ ਵਿਖਾਉ, ਜਾਂ ਸ਼ਹੀਦ ਹੋਵੋ।'

ਗੁਰਦੇਵ ਆਖ਼ਰੀ ਵਾਰ ਬੋਲੇ, "ਐ ਔਰੰਗਜ਼ੇਬ! ਤੁਸਾਂ ਆਪਣੀ ਸਾਰੀ ਤਾਕਤ ਲਾ ਕੇ ਵੇਖ ਲਈ ਹੈ। ਧੱਕੇ ਤੇ ਜ਼ੁਲਮ ਨਾਲ ਕਿਸੇ ਦਾ ਧਰਮ ਨਹੀਂ ਖੁਹਿਆ ਜਾ ਸਕਦਾ। ਕੀ ਹੁਣ ਸਾਡੀ ਸ਼ਰਤ ਅਨਸਾਰ ਨਿਤਾਣਿਆਂ ਉਤੇ ਜ਼ੁਲਮ ਕਰਨਾ ਛੱਡ ਦਿਹੋਗੇ ? ਨਹੀਂ ਛੱਡੋਗੇ, ਤਾਂ ਕੁਦਰਤ ਆਪ ਐਸੇ ਹਾਲਾਤ ਪੈਦਾ ਕਰ ਦੇਵੇਗੀ। ਯਾਦ ਰੱਖੋ, ਰੱਬ ਨੂੰ ਜ਼ੁਲਮ ਨਹੀਂ ਭਾਉਂਦਾ। ਅਸੀਂ ਤਿਆਰ ਹਾਂ।"

## ਗੁਰੂ ਜੀ ਸ਼ਹੀਦ

ਔਰੰਗਜ਼ੇਬ ਦਾ ਇਸ਼ਾਰਾ ਪਾ ਕੇ ਸਮਾਣੇ ਦੇ ਰਹਿਣ ਵਾਲਾ ਸੱਯਦ ਜਲਾਲ ਦੀਨ ਅੱਗੇ ਵਧਿਆ। ਉਸਨੇ ਇਕ ਭਰਪੂਰ ਵਾਰ ਨਾਲ ਮਹਾਰਾਜ ਦਾ ਸਿਰ ਧੜ ਤੋਂ ਵਖ ਕਰ ਦਿਤਾ। ਹਜ਼ਾਰਾਂ ਲੋਕਾਂ ਦੇ ਸਹਿਮ ਨਾਲ ਦਿਲ ਧੜਕੇ, ਮਨ ਉਛਲੇ, ਪਰ ਔਰੰਗਜ਼ੇਬ ਤੋਂ ਡਰਦਾ ਕੋਈ ਉੱਚੀ ਉਭਾਸਰ ਨਾ ਸਕਿਆ।

ਲਤੀਫ ਲਿਖਦਾ ਹੈ : "ਉਸਦੀ (ਗੁਰੂ ਤੇਗ ਬਹਾਦਰ ਜੀ ਦੀ) ਜ਼ਿੰਦਗੀ ਖ਼ਤਮ ਕਰ ਦਿਤੀ ਗਈ, ਪਰ ਉਸਦੇ ਗੁਰੂਆਂ ਵਾਲੇ ਗੁਣਾਂ ਦੀ ਯਾਦ ਦੁਨੀਆਂ ਵਿਚ ਸਦਾ ਜ਼ਿੰਦਾ ਰਹੇਗੀ ।"[1]

ਔਰੰਗਜ਼ੇਬ ਦੇ ਰਾਜ ਵਿਚ ਹਿੰਦੂਆਂ ਨੂੰ ਮਾਰਨਾ ਸਵਾਬ (ਪੁੰਨ) ਸਮਝਿਆ ਜਾਂਦਾ ਸੀ । ਇਸ ਵਾਸਤੇ ਜਲਾਦ ਦਾ ਕੰਮ ਵਧੇਰੇ ਸੱਯਦ ਜਾਂ ਹੋਰ ਉੱਚ-ਜਾਤੀਏ ਕਰਿਆ ਕਰਦੇ ਸਨ ।

ਔਰੰਗਜ਼ੇਬ ਨੇ ਸਹਿਮੇ ਖਲੇ ਲੋਕਾਂ ਵੱਲ ਤਕਿਆ । ਮੁਸਲਮਾਨਾਂ ਦੇ ਨਾਲ ਬਹੁਤ ਸਾਰੇ ਹਿੰਦੂ ਵੀ ਖਲੇ ਸਨ । ਔਰੰਗਜੇਬ ਨੇ ਗੁੱਸੇ ਨਾਲ ਗਰਜ ਕੇ ਕਿਹਾ, "ਕੋਈ ਗੁਰੂ ਕਾ ਸਿੱਖ ਹੈ, ਤਾਂ ਗੁਰੂ ਦਾ ਸਰੀਰ ਚੁਕਣ ਵਾਸਤੇ ਅੱਗੇ ਆਵੇ ।"

ਲੋਕ ਇਸ ਵੰਗਾਰ ਦਾ ਅਰਥ ਸਮਝਦੇ ਸਨ । ਬਾਦਸ਼ਾਹ ਦੇ ਕਹਿਰ ਤੋਂ ਡਰਦਾ ਕੋਈ ਵੀ ਅੱਗੇ ਨਾ ਆਇਆ । ਸ਼ਾਮ ਤਕ ਧੜ ਤੇ ਸੀਸ ਓਸੇ ਥਾਂ ਓਵੇਂ ਪਏ ਰਹੇ ।

ਕਹਿੰਦੇ ਹਨ, ਇਸ ਘਟਨਾ ਤੋਂ ਥੋੜਾ ਚਿਰ ਪਿਛੋਂ ਸਖ਼ਤ ਹਨੇਰੀ ਸ਼ੁਰੂ ਹੋ ਗਈ । ਭੈਭੀਤ ਲੋਕ ਚੁੱਪ ਚਾਪ ਘਰਾਂ ਨੂੰ ਚਲੇ ਗਏ । ਹੋਰ ਲੋਕ ਆਉਂਦੇ ਤੇ ਵੇਖ ਕੇ ਚਲੇ ਜਾਂਦੇ । ਸ਼ਹੀਦ ਦਾ ਸਰੀਰ ਚੁਕਣ ਦਾ ਕਿਸੇ ਚਾਰਾ ਨਾ ਕੀਤਾ । ਏਥੋਂ ਤਕ, ਕਿ ਉੱਚੀ ਸਾਹ ਵੀ ਕਿਸੇ ਨਾ ਲਿਆ । ਪਹਿਰੇਦਾਰ ਸਿਪਾਹੀ ਵੀ ਕੁਛ ਅਵੇਸਲੇ ਹੋ ਗਏ ।

## ਸੀਸ ਭਾਈ ਜੈਤਾ ਲੈ ਗਿਆ

ਭਾਈ ਜੈਤਾ ਜੇਹਲ ਵਿਚੋਂ ਨਿਕਲ ਕੇ ਦੂਰ ਨਹੀਂ ਸੀ ਗਿਆ । ਉਹ ਅਜੇ ਦਿੱਲੀ ਵਿਚ ਹੀ ਸੀ । ਪਿਛਲੇ ਪਹਿਰ ਸਮਾਂ ਪਾ ਕੇ ਉਹਨੇ ਗੁਰਦੇਵ ਦਾ ਸੀਸ ਚਾਦਰ ਵਿਚ ਲੁਕਾਲਿਆ, ਤੇ ਪਹਿਰੇਦਾਰਾਂ ਦੀ ਅੱਖ ਬਚਾ ਕੇ ਨਿਕਲ ਗਿਆ । ਦਿਨ ਰਾਤ ਮਨਜ਼ਲਾਂ ਮਾਰਦਾ ਉਹ ਅਨੰਦਪੁਰ ਜਾ ਪਹੁੰਚਾ । ਓਥੇ ਦਸਵੇਂ ਗੁਰੂ ਜੀ ਨੇ ਆਪਣੇ ਹੱਥੀਂ ਮਹਾਰਾਜ ਦੇ ਸੀਸ ਦਾ ਸਸਕਾਰ ਕੀਤਾ ।

---

1. ਮੁਹੰਮਦ ਲਤੀਫ, ਪੰਨਾ ੨੬੦ ।

ਭਾਈ ਜੈਤਾ ਜੀ ਬਾਰੇ ਹੋਰ ... 1997

## ਧੜ ਲੱਖੀ ਸ਼ਾਹ ਲੈ ਗਿਆ

ਓਧਰੋਂ ਦਿਨ ਛਿਪਦੇ ਨਾਲ ਇਕ ਵਣਜਾਰਾ ਸਿੱਖ ਲੱਖੀ ਸ਼ਾਹ ਚੂਨੇ ਦੇ ਖ਼ਾਲੀ ਗੱਡੇ ਭਜਾ ਕੇ ਚਾਂਦਨੀ ਚੌਕ ਵਿਚ ਦੀ ਲੰਘਿਆ। ਇਕ ਤਾਂ ਪਹਿਲਾਂ ਹੀ ਹਨ੍ਹੇਰੀ ਨਾਲ ਘੱਟਾ ਉੱਡ ਰਿਹਾ ਸੀ, ਦੂਸਰੇ ਭੱਜੇ ਜਾ ਰਹੇ ਗੱਡਿਆਂ ਤੋਂ ਉਡਦੇ ਚੂਨੇ ਨੇ ਉਸ ਗਰਦ ਗੁਬਾਰ ਵਿਚ ਹੋਰ ਵਾਧਾ ਕਰ ਦਿਤਾ। ਉਡਦੀ ਧੂੜ ਤੋਂ ਡਰਦੇ ਪਹਿਰੇਦਾਰ ਇਕ ਪਾਸੇ ਹੋ ਗਏ। ਲੱਖੀ ਸ਼ਾਹ ਨੇ ਗੁਰੂ ਜੀ ਦਾ ਸਰੀਰ ਉਠਾ ਕੇ ਇਕ ਗੱਡੇ 'ਤੇ ਰੱਖ ਲਿਆ। ਰਾਏ ਸੀਨੇ (ਨਵੀਂ ਦਿੱਲੀ, ਜਿੱਥੇ ਇਸ ਵੇਲੇ ਗੁਰਦਵਾਰਾ ਰਕਾਬਗੰਜ ਹੈ) ਆਪਣੇ ਘਰ ਵਿਚ ਚਿਖਾ ਬਣਾ ਕੇ, ਲੱਖੀ ਸ਼ਾਹ ਨੇ ਘਰ ਨੂੰ ਅੱਗ ਲਾ ਦਿਤੀ। ਇਸਤਰ੍ਹਾਂ ਉਸ ਸ਼ਰਧਾਲੂ ਸਿੱਖ ਨੇ ਗੁਰੂ ਜੀ ਦੇ ਸਰੀਰ ਦਾ ਸਸਕਾਰ ਕੀਤਾ। ਅਗਲੇ ਦਿਨ ਗੁਰੂ ਜੀ ਦੇ ਫੁੱਲ (ਅਸਥੀਆਂ) ਇਕ ਤਾਂਬੇ ਦੀ ਗਾਗਰ ਵਿਚ ਪਾ ਕੇ ਉਹਨੇ ਓਸੇ ਥਾਂ ਧਰਤੀ ਵਿਚ ਦੱਬ ਦਿਤੇ।

## ਕੁਛ ਜ਼ਰੂਰੀ ਵਿਚਾਰ

ਮਹਾਰਾਜ ਦੇ ਜੀਵਨ ਤੇ ਸ਼ਹੀਦੀ ਬਾਰੇ ਕੁਛ ਮਨਘੜਤ ਕਹਾਣੀਆਂ ਪਰਚਾਰੀਆਂ ਗਈਆਂ ਹਨ। ਵਿਰੋਧੀ ਧੜੇ ਨੇ ਉਹ ਬਹੁਤ ਸੋਚ-ਸਮਝਕੇ ਘੜੀਆਂ ਤੇ ਫਿਰ ਉਹਨਾਂ ਨੂੰ ਬੜੇ ਜ਼ੋਰ ਨਾਲ ਪਰਚਾਰਿਆ। ਇਕ ਕਹਾਣੀ ਤਾਂ ਬੜੀ ਪੁਰਾਣੀ ਚਲੀ ਆਉਂਦੀ ਹੈ, ਜੋ ਮੈਕਾਲਿਫ਼[1], ਕਨਿੰਘਮ[2], ਤੇ ਕੁਛ ਸਿੱਖ ਇਤਿਹਾਸਕਾਰਾਂ ਵੀ ਦੁਹਰਾਈ ਹੈ।[3] ਕਿਹਾ ਜਾਂਦਾ ਹੈ, ਕਿ ਇਕ ਦਿਨ ਗੁਰੂਦੇਵ ਜੇਹਲ ਦੀ ਛੱਤ ਉਤੇ ਖੁਲੇ ਕੇਸ ਹਰੇ ਕਰ (ਸੁਕੱਾ) ਰਹੇ ਸਨ। ਕਾਜ਼ੀ ਨੇ ਵੇਖ ਕੇ ਬਾਦਸ਼ਾਹ ਕੋਲ ਸ਼ਕਾਇਤ ਕੀਤੀ, ਕਿ ਗੁਰੂ ਜੀ ਸ਼ਾਹੀ ਹਰਮਾਂ (ਬੇਗਮਾਂ) ਵੱਲ ਵੇਖ ਰਹੇ ਸਨ। ਬਾਦਸ਼ਾਹ ਦੇ ਪੁੱਛਣ 'ਤੇ ਗੁਰੂ ਜੀ ਨੇ ਜਵਾਬ ਦਿਤਾ, ਕਿ ਉਹ ਤਾਂ ਆਪਣੇ ਟੋਪੀ

---

1. ਮੈਕਾਲਿਫ਼, ਜਿਲਦ ਚੌਥੀ, ਪੰਨਾ ੩੮੧।
2. ਕਨਿੰਘਮ, (ਛਪੀ ੧੯੧੮), ਪੰਨਾ ੬੫।
3. ਗਿ. ਗਿਆਨ ਸਿੰਘ, ਤਵਾਰੀਖ਼ ਗੁਰੂ ਖ਼ਾਲਸਾ ਪੰਨਾ ੭੨੭।

ਵਾਲੇ ਸਿੱਖਾਂ (ਅੰਗਰੇਜ਼ਾਂ) ਵੱਲ ਵੇਖ ਰਹੇ ਸਨ, ਜਿੰਨ੍ਹਾਂ ਪੱਛਮ ਤੋਂ ਆ ਕੇ ਮੁਗ਼ਲਾਂ ਦਾ ਰਾਜ ਤਬਾਹ ਕਰਨਾ ਹੈ। ਇਹ ਕਹਾਣੀ ਸਰਕਾਰ ਅੰਗਰੇਜ਼ੀ ਦੇ ਇਸ਼ਾਰੇ 'ਤੇ ਘੜੀ ਗਈ ਹੈ। ਕਨਿੰਘਮ ਲਿਖਦਾ ਹੈ, "(ਗੁਰੂ ਜੀ ਦੇ) ਇਸ ਵਾਕ ਨੂੰ ਸਿੱਖ ਕਦੇ ਨਾ ਭੁੱਲੇ। ਏਸੇ ਦਾ ਸਦਕਾ ਸਿੱਖ ਅੰਗਰੇਜ਼ੀ ਸਰਕਾਰ ਦੇ ਵਫ਼ਾਦਾਰ ਰਹੇ[1]।" ਤੇ ਏਸੇ ਮੰਤਵ ਵਾਸਤੇ ਇਹ ਕਹਾਣੀ ਘੜੀ ਗਈ ਹੈ। ਜ਼ਰਾ ਸੋਚੋ, ਜੇ ਗੁਰੂ ਮਹਾਰਾਜ ਨੇ ਮੁਗ਼ਲਾਂ ਦੇ ਵਿਰੁੱਧ ਕਿਸੇ ਕੌਮ ਨੂੰ 'ਵਰ' ਹੀ ਦੇਣਾ ਹੁੰਦਾ, ਤਾਂ ਉਹ ਆਪਣੇ ਸਿੱਖਾਂ ਨੂੰ ਵਰ ਦੇਂਦੇ, ਜਾਂ ਜਾਟਾਂ ਜਾਂ ਰਾਜਪੂਤਾਂ ਨੂੰ ਹੀ, ਜੋ ਮਹਾਰਾਜ 'ਤੇ ਬੇਅੰਤ ਸ਼ਰਧਾ ਰਖਦੇ ਹਨ। ਫਿਰ ਕਿਸੇ ਸ਼ਾਹੀ ਕੈਦੀ ਨੂੰ ਏਨੀ ਖੁੱਲ੍ਹ ਹੀ ਕਦੋਂ ਸੀ, ਕਿ ਉਹ ਜੇਹਲ ਦੀ ਛੱਤ ਉਤੇ ਚੜ੍ਹ ਕੇ ਕੇਸ ਹਰੇ ਕਰ ਸਕਦਾ। ਨਾਲੇ (ਚਾਂਦਨੀ ਚੌਂਕ ਦੀ) ਜੇਹਲ ਵਿਚੋਂ ਸ਼ਾਹੀ ਹਰਮਾਂ ਤਕ ਨਜ਼ਰ ਹੀ ਕਿਵੇਂ ਪਹੁੰਚ ਸਕਦੀ ਹੈ। ਤੇ ਕੱਟੜ-ਪੰਥੀ ਔਰੰਗਜ਼ੇਬ ਨੇ ਇਸ ਸ਼ਕਾਇਤ ਨੂੰ ਸੱਚੀ ਕਿਵੇਂ ਮੰਨ ਲਿਆ। ਧਾਰਮਕ ਤੌਰ 'ਤੇ ਔਰੰਗਜ਼ੇਬ, ਗੁਰੂ ਮਹਾਰਾਜ ਨੂੰ ਇਕ ਮਹਾਪੁਰਸ਼ ਮੰਨਦਾ ਸੀ। ਏਸੇ ਵਾਸਤੇ ਉਹ ਗੁਰਦੇਵ ਨੂੰ ਸਾਰੀ ਇਸਲਾਮੀ ਦੁਨੀਆਂ ਦਾ ਪੀਰ ਬਨਾਉਣਾ ਚਾਹੁੰਦਾ ਸੀ। ਭਲਾ ਉਸਦੇ ਮਨ ਵਿਚ ਅਜੇਹਾ ਸ਼ੱਕ ਕਿਵੇਂ ਆ ਸਕਦਾ ਸੀ, ਕਿ ਗੁਰਦੇਵ ਉਸਦੀਆਂ (ਜਾਂ ਆਸੇ ਪਾਸੇ ਦੇ ਵਸਨੀਕਾਂ ਦੀਆਂ) ਬੇਗਮਾਂ ਵੱਲ ਤਕ ਰਹੇ ਸਨ। ਯਾਦ ਰੱਖੋ, ਅਜੇਹੀਆਂ ਕਹਾਣੀਆਂ ਇਤਿਹਾਸ ਨੂੰ ਵਿਗਾੜਨ ਵਾਸਤੇ ਘੜੀਆਂ ਜਾਂਦੀਆਂ ਹਨ। ਸਿੱਖ ਇਤਿਹਾਸ ਨੂੰ ਸੋਧ ਕੇ ਲਿਖਣ ਤੇ ਵਿਚਾਰ ਕੇ ਪੜ੍ਹਨ ਦੀ ਲੋੜ ਹੈ।

ਇਹ ਤਾਂ ਪੁਰਾਣੀ ਗੱਲ ਹੋਈ। ਹੁਣ ਦੋ ਨਵੇਂ ਸਵਾਲ ਖੜੇ ਹੋ ਗਏ ਹਨ। ਜਿਵੇਂ :

1. ਔਰੰਗਜ਼ੇਬ ਉਸ ਸਮੇਂ ਹਸਨਅਬਦਾਲ ਵਿਚ ਸੀ, ਜਦੋਂ ਗੁਰੂ ਜੀ ਸ਼ਹੀਦ ਕੀਤੇ ਗਏ। ਭਾਵ, ਔਰੰਗਜ਼ੇਬ ਦੀ ਗੁਰੂ ਮਹਾਰਾਜ ਨਾਲ ਮੁਲਾਕਾਤ ਨਹੀਂ ਹੋਈ।

---

1. A History of the Sikhs. by Joseph Davey Cunningham, (1918), P. 65, Foot note.

2. ਗ਼ੁਲਾਮ ਹੁਸੈਨ ਦੀ ਲਿਖਤ ਉਤੇ ਗ਼ੌਰ ।

3. ਗੁਰੂ ਜੀ ਨੇ ਕਿਹਾ, 'ਅਸੀਂ ਕਰਾਮਾਤ ਵਿਖਾਉਂਦੇ ਹਾਂ ।' ਗੁਰੂ ਜੀ ਨੇ ਕਾਗ਼ਜ਼ ਲਿਖ ਕੇ ਗਰਦਨ ਉਤੇ ਬੰਨ੍ਹ ਲਿਆ, ਤੇ ਕਿਹਾ, 'ਤੁਹਾਡੀ ਤਲਵਾਰ ਇਸਨੂੰ ਕੱਟ ਨਹੀਂ ਸਕੇਗੀ ।' ਪਰ ਤਲਵਾਰ ਚੱਲੀ, ਸੀਸ ਧੜ ਤੋਂ ਵੱਖ ਹੋ ਗਿਆ । ਕਾਗ਼ਜ਼ ਖ਼ੁਹਲ ਕੇ ਪੜ੍ਹਿਆ, ਤਾਂ ਉਸ ਉਤੇ ਲਿਖਿਆ ਸੀ : 'ਸੀਸ ਦੀਆ, ਪਰ ਸਿਰਰ ਨਾ ਦੀਆ ।'

ਹੁਣ ਅਸੀਂ ਇਹਨਾਂ ਸਵਾਲਾਂ ਨੂੰ ਇਕ ਇਕ ਕਰਕੇ ਲੈਂਦੇ ਹਾਂ ।

1. ਸਭ ਤੋਂ ਪਹਿਲਾਂ ਸੱਯਦ ਮੁਹੰਮਦ ਲਤੀਫ਼ ਦੀ ਸੁਣੋ, ਤੇ ਓਸੇ ਦੇ ਸ਼ਬਦਾਂ ਵਿਚ ।

In 1672, the Afghans beyond the Khaibar, who were the most refractorv subjects of the king, rebelled. Amin Khan, the son of Mir Jumla, and governor of Kabul, who resided at Peshawar, entered the plains of Kabul at the head of an army to punish the insurgents, but the whole of his army were cut to pieces his chief wife was slaughtered, and his mother, sister and daughter were carried away as slaves. The following year, the emperor proceeded to the seat of war in person and obtained some successes, but tidings of disturbances in the neighbourhood of the capital compelled him to retrace his steps to Delhi The Santa Ramis, a sect of Hindu devotees had risen in revolt and committed great excesses. The royal troops defeated the insurgents and massacred in cold blood the male inhabitants of the localities where the insurrection had broken out. Women and children were seized and sold as slaves. The emperor, in the

meantime recalled Amin Khan, and appointed one Kasim Khan in his place. Kasim Khan was an experienced chief, and won the hearts of the Afghans by his seeming courtesy and friendship. He entertained the Afghans at a grand banquet held at Peshawar in honour of the circumcision ceremony of his son, and gave them a splended feast in the grand square of the city. Horse-racing, elephant-fights, games and exhibitions were the order of the day. In the midst of these rejoicings Kasim Khan suddenly left the assembly, which was a signal for a massacre Bodies of armed men, who had been concealed in the neighbouring houses, poured volleys of musketry on the Afghan guests, who had attended the feast without a suspicion of treachery. There was a general massacre of the Afghans, and it spread consternation throughout Kabul. The Afghans were paralysed and gave no further trouble for the rest of Aurangzeb's reign.[1]

ਇਸਦਾ ਭਾਵ ਅਰਥ ਹੈ :

"ਖ਼ੈਬਰਪਾਰ ਦੇ ਵੱਸਣ ਵਾਲੇ ਅਫ਼ਗਾਨ ਬੜੇ ਅੱਖੜ ਸੁਭਾਉ ਵਾਲੇ ਸਨ। ੧੬੭੨ ਈ. ਵਿਚ ਉਹਨਾਂ ਬਗ਼ਾਵਤ ਕਰ ਦਿਤੀ। ਉਸ ਸਮੇਂ ਕਾਬਲ ਪਰਾਂਤ ਦਾ ਗਵਰਨਰ ਮੀਰ ਜੁਮਲਾ ਦਾ ਪੁੱਤਰ ਅਮੀਨਖ਼ਾਨ ਸੀ। ਉਸਦੀ ਰਿਹਾਇਸ਼ ਪੇਸ਼ਾਵਰ ਵਿਚ ਸੀ। ਬਾਗ਼ੀਆਂ ਨੂੰ ਸਜ਼ਾ ਦੇਣ ਵਾਸਤੇ ਉਹ ਫ਼ੌਜ ਲੈ ਕੇ ਕਾਬਲ ਦੇ ਮੈਦਾਨਾਂ

---

1. History of the Panjab, by Syad Muhammad Latif, printed by S. Chand & Co. in 1964, pp. 177-78.

ਵਿਚ ਦਾਖ਼ਲ ਹੋਇਆ। ਲੜਾਈ ਵਿਚ ਉਹਦੀ ਸਾਰੀ ਫ਼ੌਜ ਮਾਰੀ ਗਈ। ਉਹਦੀ ਬੇਗਮ (ਪਤਨੀ) ਵੀ ਕਤਲ ਕਰ ਦਿਤੀ ਗਈ। ਉਹਦੀ ਮਾਂ, ਭੈਣ ਤੇ ਲੜਕੀ ਨੂੰ ਬਾਗ਼ੀ ਕੈਦਣਾਂ ਬਣਾ ਕੇ ਲੈ ਗਏ। ਅਗਲੇ ਸਾਲ ਬਾਦਸ਼ਾਹ ਆਪ ਗੜਬੜ ਵਾਲੇ ਇਲਾਕੇ ਵਿਚ ਗਿਆ। ਉਹਨੇ ਕੁਛ ਜਿੱਤਾਂ ਵੀ ਪਰਾਪਤ ਕੀਤੀਆਂ। ਮਗਰ ਰਾਜਧਾਨੀ ਦੇ ਨੇੜੇ ਹੋ ਗਈ ਗੜਬੜ ਦੀਆਂ ਖ਼ਬਰਾਂ ਨੇ ਉਹਨੂੰ ਦਿੱਲੀ ਪਰਤਣ ਵਾਸਤੇ ਮਜਬੂਰ ਕਰ ਦਿਤਾ। ਹਿੰਦੂਆਂ ਦੇ ਇਕ ਫ਼ਿਰਕੇ ਸੰਤਾਂ ਰਾਮੀਜ਼ (ਸਤਨਾਮੀਆਂ) ਨੇ ਬਗ਼ਾਵਤ ਕਰ ਦਿੱਤੀ। ਉਸ ਵਿਚ ਉਹਨਾਂ (ਸਤਨਾਮੀਆਂ) ਨੂੰ ਬੜੀ ਭਾਰੀ ਸਫਲਤਾ ਪਰਾਪਤ ਹੋਈ। ਸ਼ਾਹੀ ਫ਼ੌਜਾਂ ਨੇ (ਹਮਲਾ ਕਰਕੇ) ਬਾਗ਼ੀਆਂ ਨੂੰ ਸ਼ਕਸਤ ਦਿਤੀ ਤੇ ਬੜੀ ਬੇਰਹਿਮੀ ਨਾਲ ਉਹਨਾਂ ਦੀ ਹੱਤਿਆ ਕੀਤੀ। ਇਲਾਕੇ ਵਿਚ ਆਮ ਕਤਲਾਮ ਕੀਤੀ ਗਈ। ਔਰਤਾਂ ਤੇ ਬੱਚਿਆਂ ਨੂੰ ਕੈਦ ਕਰਕੇ ਗ਼ੁਲਾਮਾਂ ਵਾਂਗ ਵੇਚਿਆ ਗਿਆ।

ਏਸੇ ਸਮੇਂ ਬਾਦਸ਼ਾਹ ਨੇ ਅਮੀਨ ਖ਼ਾਨ ਨੂੰ ਵਾਪਸ ਬੁਲਾ ਲਿਆ, ਤੇ ਉਹਦੀ ਥਾਂ ਕਾਸਿਮ ਖ਼ਾਨ ਨੂੰ ਗਵਰਨਰ ਬਣਾ ਕੇ ਭੇਜਿਆ। ਕਾਸਿਮ ਖ਼ਾਨ ਬੜਾ ਤਜਰਬੇਕਾਰ ਅਫ਼ਸਰ ਸੀ। ਉਹਨੇ ਦਿਖਾਵੇ ਦੀ ਦੋਸਤੀ ਤੇ ਮਿਲਵਰਤਣ ਨਾਲ ਅਫ਼ਗਾਨਾਂ ਨੂੰ ਵਿਸਾਹ ਲਿਆ। ਉਹਨੇ ਆਪਣੇ ਪੁੱਤਰ ਦੀ ਸੁੰਨਤ ਦੀ ਰਸਮ ਅਦਾ ਕਰਨ ਸਮੇਂ ਪੇਸ਼ਾਵਰ ਵਿਚ ਬੜੀ ਸ਼ਾਨਦਾਰ ਦਾਅਵਤ ਦਿਤੀ, ਜਿਸ ਵਿਚ ਸਾਰੇ ਅਫ਼ਗਾਨ ਸਰਦਾਰਾਂ ਨੂੰ ਸੱਦਿਆ ਗਿਆ। ਸ਼ਹਿਰ ਦੇ ਵਿਚਲੇ ਖੁੱਲ੍ਹੇ ਥਾਂ ਉਤੇ ਬੜਾ ਵਧੀਆ ਪ੍ਰੀਤੀ-ਭੋਜਨ ਦਿਤਾ ਗਿਆ। (ਖ਼ੁਸ਼ੀ ਮਨਾਉਣ ਵਾਸਤੇ) ਉਸ ਦਿਨ ਘੋੜ-ਦੌੜ, ਹਾਥੀਆਂ ਦੀ ਲੜਾਈ, ਖੇਡਾਂ ਤੇ ਨੁਮਾਇਸ਼ ਦਾ ਪਰਬੰਧ ਵੀ ਕੀਤਾ ਗਿਆ। ਚੱਲ ਰਹੀ ਦਾਅਵਤ ਦੇ ਵਿਚੋਂ ਅਚਨਚੇਤ ਕਾਸਿਮ ਖ਼ਾਨ ਉਠ ਕੇ ਬਾਹਰ ਚਲਾ ਗਿਆ। ਇਹ ਇਕ ਕਿਸਮ ਦਾ ਕਤਲਾਮ ਦਾ ਇਸ਼ਾਰਾ ਸੀ। ਹਥਿਆਰ-ਬੰਦ ਆਦਮੀ ਆਸੇ ਪਾਸੇ ਦੇ ਮਕਾਨਾਂ ਵਿਚ ਲੁਕੇ ਬੈਠੇ ਸਨ। ਉਹਨਾਂ ਅਫ਼ਗਾਨ ਮਹਿਮਾਨਾਂ ਉਤੇ ਗੋਲੀਆਂ ਵਰ੍ਹਾਉਣੀਆਂ ਸ਼ੁਰੂ ਕਰ ਦਿਤੀਆਂ, ਜੋ ਬੜੇ ਨਿਸਚਿੰਤ ਹੋ ਕੇ ਦਾਅਵਤ ਦਾ ਅਨੰਦ ਮਾਣ ਰਹੇ ਸਨ। ਅਫ਼ਗਾਨ ਸਰਦਾਰਾਂ ਦੀ ਇਸ ਸਮੁੱਚੀ ਕਤਲਾਮ ਦੇ ਕਾਰਨ ਸਾਰੇ ਕਾਬਲ ਪਰਾਂਤ ਵਿਚ ਦਹਿਸ਼ਤ ਛਾ ਗਈ। ਅਫ਼ਗਾਨ ਪੂਰੀ ਤਰਾਂ ਹੌਸਲਾ ਹਾਰ ਗਏ। ਔਰੰਗਜ਼ੇਬ ਦੀ ਹਕੂਮਤ ਸਮੇਂ ਫੇਰ ਉਹਨਾਂ ਕਦੇ ਕੋਈ ਗੜਬੜ

ਨਾ ਕੀਤੀ ।"

ਏਥੇ ਲਤੀਫ਼ ਇਕ ਗੱਲੇ ਟਪਲਾ ਖਾ ਜਾਂਦਾ ਹੈ। ਇਕ ਪਾਸੇ ਉਹ ਕਹਿੰਦਾ ਹੈ, ਕਿ ਅਗਲੇ ਸਾਲ (ਭਾਵ ੧੬੭੩ ਵਿਚ) ਔਰੰਗਜ਼ੇਬ ਗੜਬੜ ਵਾਲੇ ਇਲਾਕੇ ਵਿਚ ਗਿਆ। ਤੇ ਨਾਲ ਹੀ ਲਿਖਦਾ ਹੈ, ਕਿ ਸਤਨਾਮੀਆਂ ਦੀ ਬਗ਼ਾਵਤ ਦੀ ਖ਼ਬਰ ਮਿਲਨ 'ਤੇ ਉਹ ਫ਼ੌਰਨ ਵਾਪਸ ਰਾਜਧਾਨੀ (ਦੱਲੀ) ਪਰਤ ਆਇਆ।

ਹੁਣ ਵੇਖੀਏ, ਕਿ ਸਤਨਾਮੀਆਂ ਦੀ ਬਗ਼ਾਵਤ ਕਦੋਂ ਹੋਈ ?

ਸਤਨਾਮੀਆਂ ਬਾਰੇ ਭਾਈ ਕਾਹਨ ਸਿੰਘ ਜੀ ਨਾਭਾ ਲਿਖਦੇ ਹਨ : "ਇਕ ਹਿੰਦੂਮੱਤ ਦਾ ਫ਼ਿਰਕਾ, ਜੋ ਔਰੰਗਜ਼ੇਬ ਦੇ ਜ਼ੁਲਮਾ ਤੋਂ ਤੰਗ ਆ ਕੇ ਜਗਜੀਵਨ ਦਾਸ ਦੀ ਪ੍ਰਧਾਨਗੀ ਵਿਚ ਮੁਗਲਰਾਜ ਦੇ ਵਿਰੁਧ ਹੋਇਆ ਸੀ। ਸਤਨਾਮੀਆਂ ਨੇ ਨਾਰਨੌਲ (ਦਿੱਲੀ ਤੋਂ ੭੫ ਮੀਲ ਦੱਖਣ ਪੱਛਮ ਵੱਲ) ਉਤੇ ਕਬਜ਼ਾ ਕਰਕੇ ਸ਼ਾਹੀ ਫ਼ੌਜ ਨੂੰ ਹਾਰ ਦਿਤੀ ਸੀ। ਔਰੰਗਜ਼ੇਬ ਦੇ ਜਰਨੈਲ ਰਾਅਦ ਅੰਦਾਜ਼ ਖ਼ਾਨ ਨੇ ੧੫ ਮਾਰਚ, ਸੰਨ ੧੬੭੨ ਈ. ਨੂੰ ਸਤਨਾਮੀਆਂ ਨੂੰ ਫ਼ਤਹਿ ਕੀਤਾ।"[1]

ਗੱਲ ਬੜੀ ਸਾਫ਼ ਹੈ। ੧੬੭੨ ਈ. ਵਿਚ ਅਫ਼ਗਾਨਾਂ ਨੇ ਬਗ਼ਾਵਤ ਕਰ ਦਿਤੀ। ਬਾਦਸ਼ਾਹ ਔਰੰਗਜ਼ੇਬ ਪੇਸ਼ਾਵਰ ਵੱਲ (ਹਸਨਅਬਦਾਲ) ਗਿਆ। ਓਧਰੋਂ ਏਸੇ ਸਾਲ ਦੇ ਮਾਰਚ ਵਿਚ ਸਤਨਾਮੀਆਂ ਨੇ ਨਾਰਨੌਲ (ਦਿੱਲੀ ਦੇ ਨੇੜੇ) ਵਿਚ ਬਗ਼ਾਵਤ ਕਰ ਦਿਤੀ। ਰਾਜਧਾਨੀ ਦੇ ਏਨੇ ਨੇੜੇ ਗੜਬੜ ਹੋ ਜਾਣ ਕਰਕੇ ਬਾਦਸ਼ਾਹ ਫ਼ੌਰਨ ਵਾਪਸ ਦਿੱਲੀ ਆ ਗਿਆ। ਉਸ ਤੋਂ ਪਿਛੋਂ ਉਹ ਕਦੇ ਹਸਨਅਬਦਾਲ ਵੱਲ ਨਹੀਂ ਗਿਆ, ਕਿਉਂਕਿ ਅਫ਼ਗਾਨਾਂ ਨੇ ਫੇਰ ਉਹਦੇ ਰਾਜ ਵਿਚ ਕਦੇ ਸਿਰ ਨਹੀਂ ਉਠਾਇਆ।

ਸਰ ਜਾਦੂ ਨਾਥ ਸਰਕਾਰ[2] ਲਿਖਦਾ ਹੈ :

"ਸਤਨਾਮੀ ਫ਼ਿਰਕਾ ਤੇ ਉਸਦੀ ਬਗ਼ਾਵਤ ੧੬੭੨।

"ਸਤਨਾਮੀ ਕਿਸਾਨ ਦੇ ਇਕ ਸਰਕਾਰੀ ਪਿਆਦੇ ਨਾਲ ਮਾਮੂਲੀ ਜੇਹੇ

---

1 ਮਹਾਨ ਕੋਸ਼, (ਭਾਸ਼ਾ ਵਿਭਾਗ, ੧੯੬੦) ਪੰਨਾ ੧੧੦।

2. A short History of Aurangzib, printed in 1962, PP, 153-54.

ਝਗੜੇ ਤੋਂ ਗੱਲ ਵਧ ਗਈ। ਪੰਜ ਹਜ਼ਾਰ ਸਤਨਾਮੀਆਂ ਨੇ ਹਥਿਆਰ ਉਠਾ ਲਏ। ਨਾਰਨੌਲ ਦੇ ਸ਼ਾਹੀ ਫ਼ੌਜਦਾਰ ਨੂੰ ਸ਼ਕਸਤ ਦੇ ਕੇ ਉਹਨਾਂ ਸ਼ਹਿਰ ਉਤੇ ਕਬਜ਼ਾ ਕਰ ਲਿਆ, ਮਸੀਤਾਂ ਢਾਹ ਦਿਤੀਆਂ ਤੇ ਬਾਗ਼ੀਆਂ ਨੇ ਸ਼ਹਿਰ ਲੁੱਟ ਲਿਆ। ਉਹਨਾਂ ਦੇ ਨਗਾਰਿਆਂ ਦੀ ਗੂੰਜ ਦਿੱਲੀ ਤਕ ਪੁੱਜ ਪਈ, ਤੇ ਦਿੱਲੀ ਦੇ ਸ਼ਹਿਰੀ ਘਬਰਾ ਗਏ। ਉਹਨਾਂ ਦੇ ਜਾਦੂਗਰ ਹੋਣ ਦਾ ਵਿਰੋਧੀਆਂ ਦੇ ਦਿਲਾਂ 'ਤੇ ਬੜਾ ਭੈ ਸੀ। ਔਰੰਗਜ਼ੇਬ ਪੂਰੀ ਤਰ੍ਹਾਂ ਭੜਕ ਉਠਿਆ। ੧੫ ਮਾਰਚ (੧੬੭੨ ਈ.) ਨੂੰ ਉਹਨੇ ਰਾਅਦਅੰਦਾਜ਼ ਖ਼ਾਨ ਤੇ ਕੁਛ ਹੋਰ ਅਫ਼ਸਰਾਂ ਦੇ ਮਾਤਹਿਤ ਦਸ ਹਜ਼ਾਰ ਫ਼ੌਜ ਉਸ ਬਗ਼ਾਵਤ ਨੂੰ ਦਬਾਉਣ ਵਾਸਤੇ ਭੇਜੀ।"[1]

ਇਸ ਲਿਖਤ ਤੋਂ ਸਾਬਤ ਹੁੰਦਾ ਹੈ, ਕਿ ਮਾਰਚ, ੧੬੭੨ ਈ. ਵਿਚ ਸਤਨਾਮੀਆਂ ਦੀ ਬਗ਼ਾਵਤ ਨੂੰ ਦਬਾਉਣ ਸਮੇਂ ਔਰੰਗਜ਼ੇਬ ਦਿੱਲੀ ਵਿਚ ਸੀ।

ਤੇ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਹੋਈ ਹੈ ਨਵੰਬਰ, ੧੬੭੫ ਈ. ਵਿਚ।

ਅਸਲ ਸਵਾਲ ਦਾ ਦੂਸਰਾ ਹਿੱਸਾ ਹੈ, ਕਿ ਔਰੰਗਜ਼ੇਬ ਸ਼ਹੀਦੀ ਸਮੇਂ ਦਿੱਲੀ ਸੀ, ਜਾਂ ਨਹੀਂ। ਭਾਵ, ਬਾਦਸ਼ਾਹ ਦੀ ਗੁਰੂ ਮਹਾਰਾਜ ਨਾਲ ਮੁਲਾਕਾਤ ਹੋਈ ਹੈ, ਜਾਂ ਨਹੀਂ।

ਪੁਰਾਤਨ ਸਿੱਖ ਇਤਿਹਾਸਕਾਰ ਸਾਰੇ ਹੀ ਮੁਲਾਕਾਤ ਹੋਈ ਮੰਨਦੇ ਹਨ। ਹੁਣ ਦੂਸਰਿਆਂ ਦੀ ਸੁਣੋ।

ਮੁਹੰਮਦ ਲਤੀਫ਼ ਲਿਖਦਾ ਹੈ:

"The emperor had many religious disputations with Tegh Bahadur, and asked him to show miracles"[2]

(ਬਾਦਸ਼ਾਹ ਔਰੰਗਜ਼ੇਬ ਨੇ ਗੁਰੂ ਤੇਗ਼ ਬਹਾਦਰ ਨਾਲ ਕਈ ਵਾਰ ਧਾਰਮਕ ਬਹਿਸਾਂ ਕੀਤੀਆਂ ਤੇ ਕਰਾਮਾਤ ਵਿਖਾਉਣ ਵਾਸਤੇ ਕਿਹਾ।)

---

1. ਭਾਵਅਰਥ ਹੈ, ਅੱਖਰੀ ਅਨੁਵਾਦ ਨਹੀਂ।
2. History of the Panjab, P. 260

ਕਨਿੰਘਮ ਲਿਖਦਾ ਹੈ, "ਗੁਰੂ ਜੀ ਨੂੰ ਬਾਦਸ਼ਾਹ ਦੇ ਪੇਸ਼ ਕੀਤਾ ਗਿਆ।"[1]

ਮੈਕਾਲਿਫ ਲਿਖਦਾ ਹੈ, "ਜਦੋਂ ਗੁਰੂ ਜੀ ਪੰਜਾਂ ਸਿੱਖਾਂ ਸਮੇਤ ਦਿੱਲੀ ਪੁੱਜੇ, ਤਾਂ ਬਾਦਸ਼ਾਹ ਨੇ ਉਹਨਾਂ ਨੂੰ ਬੁਲਾਇਆ ਤੇ ਇਉਂ ਕਿਹਾ, ਕਿ ਮੇਰੀ ਖ਼ੁਸ਼ੀ ਇਸ ਵਿਚ ਹੈ, ਕਿ ਏਥੇ ਸਿਰਫ ਇਕੋ ਮਜ਼ਹਬ ਹੋਵੇ।......।"[2]

ਮੈਕਗਰੇਗਰ ਲਿਖਦਾ ਹੈ : ਗੁਰੂ ਜੀ ਨੂੰ ਬਾਦਸ਼ਾਹ ਦੇ ਪੇਸ਼ ਕੀਤਾ ਗਿਆ।"[3]

ਜਾਰਜ ਬੈਟਲੇ ਸਕਾਟ ਲਿਖਦਾ ਹੈ, "ਗੁਰੂ ਜੀ ਨੂੰ ਗ੍ਰਿਫ਼ਤਾਰ ਕਰ ਕੇ ਦਿੱਲੀ ਬਾਦਸ਼ਾਹ ਕੋਲ ਭੇਜ ਦਿਤਾ ਗਿਆ।"[4]

ਆਰ. ਈ. ਪੈਰੀ ਲਿਖਦਾ ਹੈ: ਦਿੱਲੀ ਵਿਚ ਬਾਦਸ਼ਾਹ ਔਰੰਗਜ਼ੇਬ ਨੇ ਗੁਰੂ ਤੇਗ ਬਹਾਦਰ ਨੂੰ ਬੜੀ ਬੇਰਹਮੀ ਨਾਲ ਕਤਲ ਕਰਵਾਇਆ।[5]

ਸੀ. ਐਚ. ਪੇਨ ਲਿਖਦਾ ਹੈ : ਔਰੰਗਜ਼ੇਬ ਨੇ ਗੁਰੂ ਤੇਗ ਬਹਾਦਰ ਨੂੰ ਗ੍ਰਿਫ਼ਤਾਰ ਕਰ ਲਿਆ, ਤੇ ਮੁਸਲਮਾਨ ਹੋਣੋਂ ਇਨਕਾਰ ਕਰਨ ਉਤੇ ਬੜੀ ਬੇਰਹਿਮੀ ਨਾਲ

---

1. He was summoned before the emperor. History of the sikhs, (1918), P 65.
2. When the Guru with his five Sikhs arrived in Delhi the Emperor sent for him and thus addressed him. 'It is my pleasure that there should be but one religion.' The Sikh Religion, vol IV, (S Chand & Co. 1963.) p 378.
3. He (Guru Tegh Bahadur) was sent for to the emperor's presence.
   History of the Sikhs. vol. I, by M'Gregor. (1970) p 67.
4. "He was arrested and sent to Aurungzebe at Delhi. Religion and a Short History of the Sikhs, by George Batley Scott (1970) p. 24.
5. Guru Tegh Bahadur at Delhi...was cruelly executed by the Emperor Auranzeb.
   The sikhs of the Punjab, by R.E. Parry,(1970 p. 61.

ਕਤਲ ਕਰਵਾ ਦਿਤਾ ।[1]

ਇੰਦੂ ਭੂਸ਼ਨ ਬੈਨਰਜੀ ਲਿਖਦਾ ਹੈ : ਜਦੋਂ ਗੁਰੂ ਜੀ ਨੂੰ ਮੁਸਲਮਾਨ ਬਨਾਉਣ ਦੀਆਂ ਸਾਰੀਆਂ ਕੋਸ਼ਸ਼ਾਂ ਅਸਫਲ ਰਹੀਆਂ, ਤਾਂ ਬਾਦਸ਼ਾਹ ਨੇ ਗੁਰੂ ਜੀ ਦੇ ਕਤਲ ਦਾ ਹੁਕਮ ਦੇ ਦਿਤਾ, ਤੇ ਗੁਰੂ ਜੀ ੧੬੭੫ ਵਿਚ ਸ਼ਹੀਦ ਕੀਤੇ ਗਏ ।[2]

ਕਨ੍ਹਈਆ ਲਾਲ[3] ਤੇ ਹਰੀ ਰਾਮ ਗੁਪਤਾ[4] ਵੀ ਗੁਰੂ ਜੀ ਤੇ ਔਰੰਗਜ਼ੇਬ ਦਾ ਮਿਲਨਾ ਮੰਨਦੇ ਹਨ ।

ਏਨੀਆਂ ਗਵਾਹੀਆਂ ਦੇ ਹੁੰਦਿਆਂ, ਇਕ ਗ਼ੁਲਾਮ ਹੁਸੈਨ ਉਤੇ ਇਤਬਾਰ ਕਰਕੇ ਇਹ ਮੰਨ ਲੈਣਾ, ਕਿ ਗੁਰੂ ਮਹਾਰਾਜ ਦੀ ਸ਼ਹੀਦੀ ਸਮੇਂ ਔਰੰਗਜ਼ੇਬ ਹਸਨਅਬਦਾਲ ਸੀ, ਠੀਕ ਨਹੀਂ ।

੨. ਹੁਣ ਗ਼ੁਲਾਮ ਹੁਸੈਨ ਬਾਰੇ ਸੁਣੋ ।

ਗ਼ੁਲਾਮ ਹੁਸੈਨ ਨੇ 'ਸਿਆਰ-ਉਲ-ਮੁਤਾਖ਼ਰੀਨ' ਲਿਖੀ ਹੀ ਇਸ ਮਨੋਰਥ ਨਾਲ ਸੀ, ਕਿ ਔਰੰਗਜ਼ੇਬ ਨੂੰ ਇਨਸਾਫ਼ ਪਸੰਦ, ਨੇਕ ਤੇ ਨਿਰਦੋਸ਼ ਸਾਬਤ ਕੀਤਾ ਜਾਵੇ, ਤੇ ਉਸਦੇ ਵਿਰੋਧੀਆਂ ਜਾਂ ਉਸਦੇ ਹੱਥੋਂ ਜ਼ੁਲਮ ਸਹਿਣ ਵਾਲਿਆਂ ਨੂੰ ਦੋਸ਼ੀ ਸਾਬਤ ਕਰਕੇ ਭੰਡਿਆ ਜਾਵੇ ।

---

1. He (Aurangzeb) seized Tegh Bahadur, and caused him to be cruelly executed for refusing to embrace the faith of Islam. A short History of the Sikhs by C. H. Payne, (1970) p. 32.
2. When all efforts to make him (Guru) embrace Islam failed, the Emperor orderd the Guru's execution and he was beheaded in 1675.
   Evolution of the Khalsa, vol II p. 60.
3. ਤਾਰੀਖ਼-ਇ-ਪੰਜਾਬ, ਪੰਜਾਬੀ ਯੂਨੀਵਰਸਿਟੀ, (੧੯੬੮) ਪੰਨਾ ੪੨ ।
4. Later Mughal History of the Panjab (1944) p. 38.

ਮੈਕਾਲਿਫ਼, ਗ਼ੁਲਾਮ ਹੁਸੈਨ ਦੀ ਲਿਖਤ ਨੂੰ ਇਤਹਾਸ ਦਾ ਦਰਜਾ ਨਹੀਂ ਦੇਂਦਾ। ਓਸੇ ਦੇ ਸ਼ਬਦਾਂ ਵਿਚ ਪੜ੍ਹੋ।

"It is certain that the other circumstances related by the Muhammdan writer (Ghulam Husain) are utterly incompatible with the whole tenor of Guru Teg Bahadur's life and writings, and cannot be accepted as even an approach to history"[1]

(ਭਾਵਅਰਥ=ਇਹ ਦਰੁਸਤ ਹੈ, ਕਿ ਮੁਸਲਮਾਨ ਲੇਖਕ—ਗ਼ੁਲਾਮ ਹੁਸੈਨ ਨੇ ਜੋ ਹੋਰ ਹਾਲਾਤ ਵੀ ਲਿਖੇ ਹਨ, ਉਹ ਗੁਰੂ ਤੇਗ਼ ਬਹਾਦਰ ਜੀ ਦੀਆਂ ਲਿਖਤਾਂ ਤੇ ਜੀਵਨ ਢੰਗ ਨਾਲ ਉੱਕਾ ਮੇਲ ਨਹੀਂ ਖਾਂਦੇ, ਇਸ ਲਿਖਤ ਨੂੰ ਇਤਿਹਾਸ ਨਹੀਂ ਮੰਨਿਆਂ ਜਾ ਸਕਦਾ)

ਏਸੇ ਪੰਨੇ 'ਤੇ ਮੈਕਾਲਿਫ਼ ਫ਼ੁਟਨੋਟ ਵਿਚ ਲਿਖਦਾ ਹੈ :

"The Siyar-ul-Mutaakharin contains many obvious misstatements regarding the other Gurus also."

(ਭਾਵਅਰਥ=ਸਿਆਰ-ਉਲ-ਮੁਤਾਖ਼ਰੀਨ ਵਿਚ ਹੋਰ ਗੁਰੂਆਂ ਦੇ ਸੰਬੰਧ ਵਿਚ ਵੀ ਬਹੁਤ ਸਾਰੀਆਂ ਸ਼ਰੀਹਣ ਗ਼ਲਤ ਬਿਆਨੀਆਂ ਹਨ।)

ਹੁਣ ਇਹ ਵੇਖਣਾ ਹੈ, ਕਿ ਗ਼ੁਲਾਮ ਹੁਸੈਨ ਨੇ ਲਿਖਿਆ ਕੀ ਹੈ। ਉਹਦੀ ਲਿਖਤ ਦਾ ਨਚੋੜ ਇਹ ਹੈ। 'ਗੁਰੂ ਤੇਗ਼ ਬਹਾਦਰ ਨੇ ਇਕ ਮੁਸਲਮਾਨ ਫ਼ਕੀਰ 'ਆਦਮ ਹਾਫ਼ਿਜ਼' ਨਾਲ ਗੱਠ ਜੋੜ ਕਰ ਲਿਆ। ਮੁਸਲਮਾਨ ਫ਼ਕੀਰ ਮੁਸਲਮਾਨਾਂ ਨੂੰ ਤੇ ਗੁਰੂ ਸਾਹਿਬ ਹਿੰਦੂਆਂ ਨੂੰ ਲੁਟਦੇ ਫਿਰਦੇ ਸਨ। ਇਸ ਬਦ-ਅਮਨੀ ਫੈਲਾਉਣ ਦੇ ਦੋਸ਼ ਵਿਚ ਲਾਹੌਰ ਦੇ ਗਵਰਨਰ ਨੇ ਦੋਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਹ ਕੁਛ ਔਰੰਗਜ਼ੇਬ ਦੇ ਹੁਕਮ ਨਾਲ ਹੋਇਆ। ਫਿਰ ਬਾਦਸ਼ਾਹ ਦੇ ਹੁਕਮ ਨਾਲ ਉਸ ਮੁਸਲਮ ਫ਼ਕੀਰ ਆਦਮ ਹਾਫ਼ਿਜ਼ ਨੂੰ ਅਫ਼ਗ਼ਾਨਸਤਾਨ ਵਿਚ ਦੇਸ-ਨਿਕਾਲਾ ਦੇ ਦਿਤਾ ਗਿਆ, ਤੇ ਗੁਰੂ ਮਹਾਰਾਜ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਦਿਤਾ ਗਿਆ। ਕੁਛ

---

1 The Sikh Religion, vol IV, P. 392.

ਸਮੇਂ ਪਿਛੋਂ ਗਵਾਲੀਅਰ ਦੇ ਕਿਲੇਦਾਰ ਨੂੰ ਔਰੰਗਜ਼ੇਬ ਦਾ ਹੁਕਮ ਪੁੱਜਾ, ਕਿ ਗੁਰੂ ਤੇਗ ਬਹਾਦਰ ਦੇ ਸਰੀਰ ਦੇ ਚਾਰ ਟੁਕੜੇ ਕਰਕੇ ਕਿਲ੍ਹੇ ਦੇ ਚੌਹਾਂ ਦਰਵਾਜ਼ਿਆਂ ਉਤੇ ਲਟਕਾ ਦਿਤੇ ਜਾਣ। ਤੇ ਗਵਾਲੀਅਰ ਦੇ ਕਿਲ੍ਹੇਦਾਰ ਨੇ ਬਾਦਸ਼ਾਹ ਦੇ ਇਸ ਹੁਕਮ ਉਤੇ ਹੂ-ਬ-ਹੂ ਅਮਲ ਕੀਤਾ।

ਕੀ ਪਾਠਕ ਇਜ ਲਿਖਤ ਨੂੰ ਪਰਵਾਨ ਕਰ ਲੈਣਗੇ? ਇਹ ਮੰਨ ਲਿਆ ਜਾਵੇ, ਤਾਂ ਫਿਰ ਦਿੱਲੀ ਦਾ 'ਸੀਸ ਗੰਜ' ਤੇ 'ਰਕਾਬ ਗੰਜ' ਕਿੱਥੋਂ ਆ ਗਏ?

ਸੋ, ਗ਼ੁਲਾਮ ਹੁਸੈਨ ਦੀ ਲਿਖਤ ਕਿਸੇ ਹਾਲਤ ਵੀ ਮੰਨਣ ਯੋਗ ਨਹੀਂ। ਉਸਦਾ ਹਵਾਲਾ ਦੇਣਾ ਬੇ-ਅਰਥ ਹੈ।

੩. ਹੁਣ ਅਸੀਂ ਤੀਸਰੇ ਸਵਾਲ ਵੱਲ ਆਉਂਦੇ ਹਾਂ। (ਸਵਾਲ ਇਕ ਵਾਰ ਫੇਰ ਪੜ੍ਹ ਲਵੋ।)

ਸਾਨੂੰ ਇਕ ਗੱਲ ਨਹੀਂ ਭੁੱਲਣੀ ਚਾਹੀਦੀ, ਕਿ ਜੇ ਅਸੀਂ ਦੂਸਰਿਆਂ ਦੇ ਇਤਿਹਾਸ ਉਤੇ ਨੁਕਤਾਚੀਨੀ ਕਰਦੇ ਹਾਂ, ਤਾਂ ਸਾਡੇ ਇਤਿਹਾਸ ਉਤੇ ਵੀ ਦੂਸਰਿਆਂ ਨੂੰ ਨੁਕਤਾਚੀਨੀ ਕਰਨ ਦਾ ਹੱਕ ਹੈ। ਤੇ ਦਲੀਲ ਭਰਪੂਰ ਟੀਕਾ ਟਿਪਣੀ ਕਰਨ ਤੋਂ ਕਿਸੇ ਨੂੰ ਰੋਕਿਆ ਨਹੀਂ ਜਾ ਸਕਦਾ।

ਹੁਣ ਅਸਲੀ ਕਹਾਣੀ ਵੱਲ ਆਉ। ਭਾਈ ਮਤੀ ਦਾਸ ਜੀ ਤੇ ਭਾਈ ਦਿਆਲਾ ਜੀ ਨੂੰ ਗੁਰੂ ਜੀ ਦੇ ਸਾਮ੍ਹਣੇ,ਬੜੇ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਫਿਰ ਗੁਰਦੇਵ ਨੂੰ ਧਮਕੀ ਦਿੱਤੀ ਗਈ, ਕਿ ਜੇ ਉਹਨਾਂ ਇਸਲਾਮ ਧਾਰਨ ਕਰਨ ਤੋਂ ਇਨਕਾਰ ਕੀਤਾ, ਤਾਂ ਉਹਨਾਂ ਨੂੰ ਸਿੱਖਾਂ ਨਾਲੋਂ ਵੀ ਵੱਧ ਤਸੀਹੇ ਦੇ ਕੇ ਸ਼ਹੀਦ ਕੀਤਾ ਜਾਵੇਗਾ।

ਗੁਰਦੇਵ ਨੇ ਕਿਹਾ, ਅਸੀਂ ਕਰਾਮਾਤ ਵਿਖਾਵਾਂਗੇ। (ਇਹ ਵੀ ਇਕ ਸ਼ਰਤ ਸੀ, ਕਿ ਗੁਰੂ ਜੀ ਕਰਾਮਾਤ ਵਿਖਾ ਦੇਣ, ਤਾਂ ਸ਼ਹੀਦ ਨਹੀਂ ਕੀਤੇ ਜਾਣਗੇ।) ਤੇ ਕਰਾਮਾਤ ਇਹ ਸੀ, ਗੁਰਦੇਵ ਨੇ ਇਕ ਕਾਗਜ਼ ਦਾ ਟੁਕੜਾ, ਉਪਰ ਕੁਛ ਲਿਖ ਕੇ, ਆਪਣੀ ਗਰਦਨ ਉਤੇ ਬੰਨ੍ਹ ਲਿਆ, ਤੇ ਕਿਹਾ, ਕਿ ਤੁਹਾਡੀ ਤਲਵਾਰ ਸਾਡੀ

---

1 Evolution of the Khalsa vol. II, by Indu Bhusan Banerjee, P. 63. ਅਤੇ 'ਰਾਸ਼ਟਰ ਵੀਰ ਗੁਰੂ ਗੋਬਿੰਦ ਸਿੰਘ' ਭਗਤ ਸਿੰਘ ਐਮ. ਏ. ਪੰਨਾ ੨੩।

ਗਰਦਨ ਕੱਟ ਨਹੀਂ ਸਕੇਗੀ। ਮਗਰ ਤਲਵਾਰ ਚੱਲੀ, ਤਾਂ ਸੀਸ ਧੜ ਤੋਂ ਵੱਖ ਹੋ ਗਿਆ।

ਹੁਣ ਨੁਕਤਾਚੀਨ ਕਹੇਗਾ, ਕਿ ਸਿੱਖਾਂ ਨੂੰ ਦਿਤੇ ਗਏ ਅਸਹਿ ਤਸੀਹੇ ਵੇਖ ਕੇ ਗੁਰੂ ਜੀ ਭੈ ਭੀਤ ਹੋ ਗਏ। ਸੋ ਤਸੀਹੇ ਸਹਿਣ ਨਾਲੋਂ ਉਹਨਾਂ ਮੌਤ ਦਾ ਛੋਟਾ ਰਸਤਾ ਚੁਣ ਲਿਆ, ਤੇ ਕਰਾਮਾਤ ਦੇ ਬਹਾਨੇ ਆਪਣਾ ਸੀਸ ਤਲਵਾਰ ਦੇ ਇਕ ਵਾਰ ਨਾਲ ਕਟਵਾ ਲਿਆ। ਕੀ ਉਪਰਲੀ ਕਹਾਣੀ ਕਹਿਣ ਵਾਲੇ ਲੇਖਕ ਏਹਾ ਸਿੱਧ ਕਰਨਾ ਚਾਹੁੰਦੇ ਹਨ ? ਕੀ ਤਸੀਹਿਆਂ ਤੋਂ ਡਰਕੇ ਗੁਰੂ ਮਹਾਰਾਜ ਨੇ ਜਾਣ ਬੁਝ ਕੇ ਵੈਰੀ ਨੂੰ ਵਾਰ ਕਰਨ ਵਾਸਤੇ ਪ੍ਰੇਰਿਆ ?

ਫਿਰ ਨਾਲ ਇਕ ਹੋਰ ਸਵਾਦਲੀ ਗੱਲ ਜੋੜੀ ਗਈ ਹੈ। ਉਸ ਕਾਗਜ਼ ਉਤੇ ਲਿਖਿਆ ਸੀ : 'ਸੀਸ ਦੀਆ, ਪਰ ਸਿਰਰ ਨਾ ਦੀਆ।' ਪਰ ਕਹਾਣੀ ਘਾੜੇ ਨੇ ਇਹ ਵੀ ਨਾ ਸੋਚਿਆ, ਕਿ ਇਹ ਪੰਗਤੀ ਦਸਵੇਂ ਗੁਰੂ ਜੀ ਦੀ ਹੈ, ਗੁਰੂ ਤੇਗ ਬਹਾਦਰ ਜੀ ਦੀ ਨਹੀਂ।

ਇਸ ਕਹਾਣੀ ਉਤੇ ਜ਼ੋਰ ਦੇਣ ਵਾਲਾ ਲੇਖਕ ਜਿੰਨ੍ਹਾਂ ਪਿਛਲੇ ਲੇਖਕਾਂ ਦਾ ਹਵਾਲਾ ਦੇਵੇਗਾ, ਉਹਨਾਂ ਲੇਖਕਾਂ ਬਾਰੇ ਮੈਂ ਆਪ ਹੀ ਦੱਸ ਦੇਂਦਾ ਹਾਂ। ਉਹ ਹਨ : ਮੈਕਗ੍ਰੇਗਰ (ਭਾਗ ਪਹਿਲਾ, ਪੰਨਾ ੬੭), ਕਨ੍ਹਿਘਮ (ਪੰਨਾ ੬੫), ਲਤੀਫ਼ (ਪੰਨਾ ੨੬੦)। ਤੇ ਇਹ ਸਾਰੇ ਹੀ ਗ਼ੁਲਾਮ ਹੁਸੈਨ ਦੀ ਲਿਖਤ ਦਾ ਹਵਾਲਾ ਦੇਂਦੇ ਹਨ। ਇਹਨਾਂ ਵਿਚੋਂ ਦੋ ਪੱਛਮੀ ਹਨ ਤੇ ਇਕ ਮੁਸਲਮਾਨ। 'ਸੀਸ ਦੀਆ ਪਰ ਸਿਰਰ ਨਾ ਦੀਆ' ਬਾਰੇ ਇਹਨਾਂ ਦਾ ਭੁਲੇਖਾ ਖਾ ਜਾਣਾ ਸੁਭਾਵਕ ਹੈ, ਕਿ ਇਹ ਕਿਸ ਗੁਰੂ ਦੀ ਪੰਗਤੀ ਹੈ। ਪਰ ਕੋਈ ਸਿੱਖ ਲੇਖਕ ਵੀ ਇਸ ਬਾਰੇ ਭੁਲੇਖਾ ਖਾ ਜਾਏ, ਤਾਂ ਉਹਦੀ ਪਰਤੱਖ ਭੁੱਲ ਮੰਨੀ ਜਾਵੇਗੀ।

ਲਤੀਫ਼ ਲਿਖਦਾ ਹੈ : ਇਹ ਕਰਾਮਾਤ ਵੇਖਣ ਵਾਸਤੇ ਬਾਦਸ਼ਾਹ ਤੇ ਉਸਦੇ ਉਮਰਾ ਹਾਜ਼ਰ ਸਨ। ਪਰ ਸੀਸ ਕੱਟੇ ਜਾਣ ਉਤੇ ਉਹ ਸਾਰੇ ਬਹੁਤ ਪਰੇਸ਼ਾਨ ਹੋ ਗਏ। ਉਹਦੇ ਆਪਣੇ ਸ਼ਬਦਾਂ ਵਿਚ ਪੜ੍ਹੋ :

"The courtiers, tinged with superstition, saw what had occurred, they were sturck wtih horrow and surprise. The emperor himself was disgusted and displeased, and

orderred the crowd to be dispersed."[1]

ਭਾਵਅਰਥ : (ਕਰਾਮਾਤ ਵੇਖਣ ਆਏ) ਮਜ਼ਹਬੀ ਵਿਸ਼ਵਾਸ ਵਿਚ ਪਰਭਾਵਤ ਦਰਬਾਰੀ, ਇਹ ਵੇਖ ਕੇ, ਕਿ ਕੀ ਭਾਣਾ ਵਰਤ ਗਿਆ ਹੈ, ਹੈਰਾਨੀ ਤੇ ਭੈ ਵਿਚ ਡੁੱਬ ਗਏ। ਬਾਦਸ਼ਾਹ ਵੀ ਇਹ ਵੇਖ ਕੇ ਬਹੁਤ ਨਾਖ਼ੁਸ਼ ਹੋਇਆ ਤੇ ਉਹਨੇ ਹੁਕਮ ਦੇ ਕੇ ਭੀੜ ਨੂੰ ਖਿਲਾਰ ਦਿਤਾ।

ਲੇਖਕ ਨੇ ਇਹ ਸਿੱਧ ਕਰਨ ਦਾ ਯਤਨ ਕੀਤਾ ਹੈ, ਕਿ ਬਾਦਸ਼ਾਹ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਵਿਚ ਖ਼ੁਸ਼ ਨਹੀਂ ਸੀ। ਤੇ ਇਹ ਉਸਦੀ ਇੱਛਿਆ ਦੇ ਉਲਟ ਹੋਇਆ। ਇਹ ਪਰਭਾਵ ਪਾਉਣ ਵਾਸਤੇ ਹੀ ਇਹ ਕਹਾਣੀ ਘੜੀ ਗਈ ਹੈ।

ਯਾਦ ਰੱਖੋ, ਏਹੋ ਜੇਹੀਆਂ ਜਜ਼ਬਾਤੀ ਲਿਖਤਾਂ ਇਤਿਹਾਸ ਨੂੰ ਕਮਜ਼ੋਰ ਕਰਦੀਆਂ ਹਨ, ਕੌਮ ਦਾ ਕੁਛ ਸਵਾਰਦੀਆਂ ਨਹੀਂ। ਇਤਿਹਾਸ ਲਿਖਣ ਲੱਗਿਆਂ ਲੇਖਕ ਨੂੰ (ਖ਼ਾਸ ਕਰ ਉਸ ਧਰਮ ਦੇ ਮੰਨਣ ਵਾਲੇ ਲੇਖਕ ਨੂੰ) ਪੂਰੀ ਜ਼ਿੰਮੇਵਾਰੀ ਤੋਂ ਕੰਮ ਲੈਣਾ ਚਾਹੀਦਾ ਹੈ, ਤਾਕਿ ਪਾਠਕ (ਖ਼ਾਸ ਕਰ ਨੁਕਤਾਚੀਨ) ਉਸਦੀ ਲਿਖਤ ਦੇ ਉਲਟ ਅਰਥ ਨਾ ਕਢ ਸੱਕੇ।

ਸਚਾਈ ਇਹ ਹੈ, ਕਿ ਧਰਮ ਦੀ ਰੱਖਿਆ ਵਾਸਤੇ ਗੁਰੂ ਮਹਾਰਾਜ ਹਰ ਕਿਸਮ ਦੇ ਤਸੀਹੇ ਸਹਿਣ ਵਾਸਤੇ ਤਿਆਰ ਹੋ ਕੇ ਗਏ ਤੇ ਔਰੰਗਜ਼ੇਬ ਦੇ ਹੁਕਮ ਨਾਲ ਸ਼ਹੀਦ ਕਰ ਦਿਤੇ ਗਏ।

## ਸ਼ਹੀਦੀ ਦਾ ਅਸਰ

ਲੋਕਾਂ ਉਤੇ ਇਸ ਸ਼ਹੀਦੀ ਦਾ ਅਸਰ ਬਹੁਤ ਪਿਆ। ਸਾਰੇ ਦੇਸ ਵਿਚ ਰੋਹ ਦੀ ਅੱਗ ਧੁਖਣ ਲੱਗ ਪਈ।

ਸਰ ਗੋਕਲ ਚੰਦ ਨਾਰੰਗ ਲਿਖਦਾ ਹੈ, 'ਜੋ ਜੋ ਕਾਰਨਾਮੇ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਜੀਵਨ ਵਿਚ ਕੀਤੇ, ਸ਼ਹੀਦੀ ਉਹਨਾਂ ਸਾਰਿਆਂ ਨਾਲੋਂ ਉੱਤਮ ਸੀ। ਉਹਨਾਂ ਦੀ ਵਡਿਆਈ ਨੂੰ ਸਾਰਾ ਭਾਰਤ ਜਾਣਦਾ ਸੀ। ਰਾਜਪੂਤ ਰਾਜਿਆਂ ਦੇ ਦਿਲ

---

1. Latif P. 260

ਵਿਚ ਗੁਰੂ ਜੀ ਦਾ ਬੜਾ ਸਤਕਾਰ ਸੀ। ਪੰਜਾਬ ਦੀ ਪੇਂਡੂ ਵਸੋਂ ਗੁਰੂ ਜੀ ਦੀ ਪੂਜਾ ਕਰਦੀ ਸੀ। ਆਮ ਤੌਰ 'ਤੇ ਉਹ ਹਿੰਦੂਆਂ ਦੇ ਪੀਰ (ਆਗੂ) ਸਮਝੇ ਜਾਂਦੇ ਸਨ।"[1] ਅੱਗੇ ਚਲ ਕੇ ਏਹਾ ਲੇਖਕ ਫਿਰ ਲਿਖਦਾ ਹੈ, "ਸਮੁੱਚੇ ਤੌਰ 'ਤੇ ਹਿੰਦੂਆਂ ਨੇ ਗੁਰੂ ਜੀ ਦੀ ਸ਼ਹੀਦੀ ਨੂੰ ਹਿੰਦੂ ਧਰਮ ਵਾਸਤੇ ਕੀਤੀ ਗਈ ਕੁਰਬਾਨੀ ਸਮਝਿਆ। ਸਾਰਾ ਪੰਜਾਬ ਗੁੱਸੇ ਤੇ ਬਦਲੇ ਦੀ ਅੱਗ ਵਿਚ ਸੜਨ ਲੱਗ ਪਿਆ। ਮਾਝੇ ਤੇ ਮਾਲਵੇ ਦੇ ਦਲੇਰ ਜੱਟ ਕੇਵਲ ਇਕ ਆਗੂ ਦੀ ਲੋੜ ਮਹਿਸੂਸ ਕਰਦੇ ਸਨ, ਜਿਸਦੀ ਅਗਵਾਈ ਵਿਚ ਉਹ ਲੜ ਸਕਣ, ਤੇ ਆਪਣੇ ਧਰਮ ਨਾਲ ਹੋਏ ਅੱਤਿਆਚਾਰ ਦਾ ਬਦਲਾ ਲੈ ਸਕਣ। ਤੇ ਅਜੇਹਾ ਲੀਡਰ ਉਹਨਾਂ ਨੂੰ ਨੌਜਵਾਨ ਗੁਰੂ ਗੋਬਿੰਦ ਸਿੰਘ ਵਿਚ ਮਿਲ ਗਿਆ।[2]

ਇੰਦੂ ਭੂਸ਼ਨ ਬੈਨਰਜੀ ਲਿਖਦਾ ਹੈ, "ਔਰੰਗਜ਼ੇਬ ਦੀ ਮਜ਼ਹਬੀ ਨੀਤੀ ਦੇ ਖ਼ਿਲਾਫ਼ ਵਿਰੋਧ ਕਰਨ ਵਾਲਿਆਂ ਨੂੰ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਬਲ ਬਖ਼ਸ਼ਿਆ ਤੇ ਨਾਲ ਹੀ ਸਿੱਖਾਂ ਦੇ ਵਿਕਾਸ ਦਾ ਰਸਤਾ ਸਾਫ਼ ਕਰ ਦਿਤਾ।[3]

ਪ੍ਰੋ: ਪੂਰਨ ਸਿੰਘ ਲਿਖਦਾ ਹੈ, "ਗੁਰੂ ਜੀ ਦੀ ਸ਼ਹਾਦਤ ਪਿਛੋਂ ਇਕ ਤੂਫ਼ਾਨ ਉਠਿਆ, ਜੋ ਔਰੰਗਜ਼ੇਬ ਦੀ ਸਲਤਨਤ ਨੂੰ ਸੁੱਕੇ ਹੋਏ ਪੱਤੇ ਵਾਂਗ ਉਡਾ ਕੇ ਲੈ ਗਿਆ।"[4]

ਕਨਿੰਘਮ ਲਿਖਦਾ ਹੈ, "(ਗੁਰੂ) ਗੋਬਿੰਦ (ਸਿੰਘ) ਦੇ ਮਨ 'ਤੇ ਪਿਤਾ ਦੀ ਸ਼ਹੀਦੀ ਦਾ ਬਹੁਤ ਅਸਰ ਪਿਆ। ਮੁਲਕ ਦੀ ਨਿੱਘਰੀ ਹੋਈ ਹਾਲਤ ਨੂੰ ਸੁਧਾਰਨ ਵਾਸਤੇ ਉਸ ਬਾਲਕ-ਗੁਰੂ ਨੇ ਆਪਣੇ ਆਪ ਨੂੰ ਦਾਉ ਉਤੇ ਲਾ ਦਿਤਾ। ਉਹ ਮੁਸਲਮਾਨਾਂ ਦਾ ਸਖ਼ਤ ਦੁਸ਼ਮਣ ਬਣ ਗਿਆ। ਉਹਨੇ ਹਾਰੇ ਹੋਏ ਹਿੰਦੂਆਂ ਨੂੰ ਜਿਉਂਦੀ-ਜਾਗਦੀ ਕੌਮ ਬਣਾਉਣ ਦਾ ਦ੍ਰਿੜ੍ਹ ਨਿਸਚਾ ਕਰ ਲਿਆ॥"[5]

---

1. Transformation of Sikhism, Third Edition, P. 115,
2. Ibd. P. 116।
3. Evolution of the Khalsa, vol. II. Second Edition P.63.7
4. Ten Masters, P 96.
5. A History of the Sikhs, Printed in 1918, P. 66.

ਗਿਆਨੀ ਪ੍ਰਤਾਪ ਸਿਘ ਲਿਖਦਾ ਹੈ, "ਨੌਂਵੇਂ ਪਾਤਸ਼ਾਹ ਦੀ ਸ਼ਹੀਦੀ ਨੇ ਇਕ ਅਜੇਹੀ ਜਵਾਲਾ ਪ੍ਰਚੰਡ ਕੀਤੀ, ਜਿਸਨੇ ਮੁਗ਼ਲ ਰਾਜ ਦਾ ਖ਼ਾਤਮਾ ਕਰਕੇ ਰਖ ਦਿਤਾ[1] ।"

ਇਉਂ ਸਮਝੋ, ਕਿ ਗੁਰੂ ਗੋਬਿੰਦ ਸਿੰਘ ਸਾਹਿਬ, ਤੇ ਉਹਨਾਂ ਤੋਂ ਪਿਛੋਂ ਜੋ ਸਿੱਖ ਪੰਥ ਨੇ ਕੀਤਾ, ਉਹ ਸਭ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਦਾ ਫਲ ਸੀ ।

ਸੀਤਲ ਭਵਨ,
ਮਾਡਲ ਗਰਾਮ ਲੁਧਿਆਣਾ-2

ਸੋਹਣ ਸਿੰਘ ਸੀਤਲ
੨੮-੮-੭੫

ਗਿਆਨੀ ਸਰੂਪ ਸਿੰਘ ਕਡਿਆਣਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕਡਿਆਣਾ ਤਹਿ: ਫਿਲੌਰ (ਜਲੰਧਰ)

1 ਗੁਰਮਤ ਲੈਕਚਰ, ਛੇਵੀਂ ਐਡੀਸ਼ਨ, ਪੰਨਾ ੩੪੫ ।